ISSN: 2277-9930

64

ਜਨਵਰੀ-ਮਾਰਚ 2020

# ਪ੍ਰਤਿਮਾਨ

ਮੁੱਲ: 50/-




# ਕਵਿਤਾਵਾਂ / ਸੰਤੋਖ ਸਿੰਘ ਧੀਰ

## ਬਹੁਤ ਗਲਤ

ਬਹੁਤ ਗਲਤ ਕੀਤਾ ਅਸੀਂ
ਜਿਹੜਾ ਜ਼ਾਰ ਨੂੰ ਮਾਰਿਆ
ਕਿਉਂਕਿ ਫੇਰ ਆਪ ਸਾਨੂੰ
ਜ਼ਾਰ ਬਣਨਾ ਪੈ ਗਿਆ।

ਜ਼ਾਰ ਚਾਹੁੰਦੇ ਸਨ
ਸੂਰਜ ਜੇ ਚੜ੍ਹਨ
ਸਾਨੂੰ ਪੁੱਛ ਪੁੱਛ ਚੜ੍ਹਨ,
ਫੇਰ ਅਸੀਂ ਆਏ
ਸੂਰਜਾਂ ਨੂੰ ਆਖਿਆ
ਪੁੱਛ ਪੁੱਛ ਚੜ੍ਹੋ
ਕਿੰਨਾ ਕੁ ਚਮਕਣਾ ਹੈ
ਪੁੱਛ ਪੁੱਛ ਚਮਕੋ।
ਜ਼ਾਰ ਦੀ ਤਲਵਾਰ
ਕਤਲਗਾਹਾਂ ਦਾ ਸ਼ਿੰਗਾਰ
ਖੂੰਟੀ ਉਤੇ ਨੰਗੀ
ਅਸੀਂ ਖੂੰਟੀ ਉਤੋਂ ਲਾਹੀ
ਤੇ ਭਾਰਤ ਦੀ ਦੁਲਹਨ ਵਾਂਗ
ਲਾਲ ਸੂਹੇ ਰੰਗਾਂ ਨਾਲ
ਕਤਲਗਾਹ ਸ਼ਿੰਗਾਰੀ।
ਬਹੁਤ ਗਲਤ ਕੀਤਾ ਅਸੀਂ
ਜਿਹੜਾਂ ਜ਼ਾਰ ਨੂੰ ਮਾਰਿਆ
ਕਿਉਂਕਿ ਫੇਰ ਆਪ ਸਾਨੂੰ
ਜ਼ਾਰ ਬਣਨਾ ਪੈ ਗਿਆ।

ਜ਼ਾਰ ਚਲੇ ਗਏ
ਤਾਜਾਂ ਵਿਚ ਜੜੇ
ਹੀਰੇ ਉਦਾਸ ਹੋ ਗਏ
ਸਾਨੂੰ ਉਹਨਾ ਹੀਰਿਆਂ ਦਾ
ਦਿਲ ਧਰਾਉਣਾ ਪੈ ਗਿਆ
ਤਾਜ ਤਾਂ ਹੁਣ ਸਨ ਨਹੀਂ
ਅਸੀਂ ਉਹਨਾ ਹੀਰਿਆਂ ਨੂੰ
ਜੁੱਤੀਆਂ ’ਤੇ ਜੜ ਲਿਆ।
ਹਉਮੈਂ-ਹੰਕਾਰ
ਨਹੀਂ, ਪੰਜੇ ਹੀ ਵਿਕਾਰ
ਸੋਗਵਾਰ ਬੈਠੇ ਸਨ
ਚਲੇ ਗਏ ਜ਼ਾਰ,
ਅਸੀਂ ਇਹਨਾ ਪੰਜਾਂ ਦੇ ਹੀ
ਹੰਝੂਆਂ ਨੂੰ ਪੂੰਝਿਆ



ਗਲੇ ਨਾਲ ਲਾਇਆ
ਤੇ ਫੇਰ ਆਪਣੇ ਖ਼ੂਨ ਦੀਆਂ
ਨਾੜਾਂ ਵਿਚ ਪਾ ਲਿਆ।
ਬਹੁਤ ਗਲਤ ਕੀਤਾ ਅਸੀਂ
ਜਿਹੜਾ ਜ਼ਾਰ ਨੂੰ ਮਾਰਿਆ
ਕਿਉਂਕਿਫੇਰ ਆਪ ਸਾਨੂੰ
ਜ਼ਾਰ ਬਣਨਾ ਪੈ ਗਿਆ

## ਜਾਗ੍ਰਤ

ਧੂੜ ਦਾ ਕਿਣਕਾ ਕਹੇ
ਸੂਰਜ ਹਾਂ ਮੈਂ
ਮਹਾਂ ਸਾਗਰ ਵਾਂਗ
ਕਤਰਾ ਖੌਲਦਾ
ਪਰਤਦੀ ਪਾਸਾ ਹੈ ਧਰਤੀ
ਜਨਮ ਲੈਂਦੇ ਨੇ ਤੂਫ਼ਾਨ
ਧੌਣ ਉੱਚੀ ਕਰਕੇ ਤੁਰਦਾ ਹੈ ਮਨੁੱਖ
ਸਮੇਂ ਨੂੰ ਆਉਂਦੀ ਤ੍ਰੇਲੀ
ਹਿੱਲ ਜਾਂਦਾ ਹੈ ਜਹਾਨ।
ਗਲਾਂ ਵਿਚੋਂ ਲਾਹ ਕੇ ਸੁੱਟਣ
ਤੌਂਕ-ਕੌਮਾਂ
ਅੱਗ ਦੇ ਛੁਹੰਦੇ ਭੰਬੂਕੇ
ਆਸਮਾਨ
ਰੋਂਦੀਆਂ ਅੱਖਾਂ ’ਚ ਸੂਰਜ ਚਮਕਦੇ
ਅੰਨ੍ਹੀਂ ਰਈਅਤ
ਲੱਭਦੀ ਫਿਰਦੀ ਗਿਆਨ
ਆਮ ਬੰਦੇ ਨੂੰ ਮਿਲੇ ਪੈਗ਼ੰਬਰੀ
ਗਿਆਨਵਾਨਾਂ ਦੇ ਨੇ
ਟੁੱਟ ਜਾਂਦੇ ਗੁਮਾਨ।
ਹੜਬੜਾ ਕੇ ਉੱਠਦੇ ਹਨ
ਸ਼ਹਿਨਸ਼ਾਹ
ਨੀਂਦ ਲੋਟੂ ਵਰਗ ਦੀ
ਹੁੰਦੀ ਹਰਾਮ
ਕੰਬ ਜਾਂਦੇ ਨੇ ਮਹੱਲਾਂ ਦੇ ਸਤੂਨ
ਕੰਬ ਜਾਂਦੇ ਨੇ
ਚੰਗੇਜ਼ਾਂ ਦੇ ਨਿਜ਼ਾਮ
ਧੂੜ-ਕਿਣਕੇ ਉੱਠਦੇ ਬਣਕੇ ਹਨੇਰੀ
ਆਪਣੇ ਹੱਥੀਂ ਸਮੇਂ ਦੀ
ਫੜਦੇ ਲਗਾਮ।

## ਤੇਰਾ ਲੁੱਟਿਆ ਸ਼ਹਿਰ ਭੰਬੋਰ

ਤੇਰਾ ਲੁੱਟਿਆ ਸ਼ਹਿਰ ਭੰਬੋਰ
ਸੱਸੀਏ ਬੇਖ਼ਬਰੇ।

ਇਹ ਨਹੀਂ ਹੋਤ,
ਕਚਾਵਿਆਂ ਵਾਲੇ,
ਇਹ ਡਾਕੂ ਨੇ ਹੋਰ,
ਸੱਸੀਏ ਬੇਖ਼ਬਰੇ।

ਘਰ ਚਿੱਟੜੇ ਵਿੱਚ
ਕਾਲ਼ੀਆਂ ਖੇਡਾਂ
ਖੇਡ ਰਹੇ ਨੇ ਚੋਰ
ਸੱਸੀਏ ਬੇਖ਼ਬਰੇ।

ਜਾਗ ਨੀ ਸੱਸੀਏ
ਨੀਂਦਾਂ ਮੱਤੀਏ
ਸਿਰ ’ਤੇ ਆ ਗਈ ਭੋਰ
ਸੱਸੀਏ ਬੇਖ਼ਬਰੇ।

ਇਹ ਨਾਦਰ-ਅਬਦਾਲੀ
ਅੱਜ ਦੇ
ਸ਼ਕਲਾਂ ਭਾਵੇਂ ਹੋਰ,
ਸੱਸੀਏ ਬੇਖ਼ਬਰੇ।
ਸਮਾਂ ਹੈ ਜਾਂਦਾ
ਧੂੜਾਂ ਪੁੱਟਦਾ
ਨਾਲ ਮਿਲਾ ਲੈ ਤੋਰ,
ਸੱਸੀਏ ਬੇਖ਼ਬਰੇ।

ਤੇਰਾ ਲੁੱਟਿਆ ਸ਼ਹਿਰ ਭੰਬੋਰ
ਸੱਸੀਏ ਬੇਖ਼ਬਰੇ।

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਜਨਵਰੀ-ਮਾਰਚ 2020

**ISSN: 2277-9930**

**RNI No. PUNPUN/2006/16230**



ਸੰਪਾਦਕ (ਆਨਰੇਰੀ)

**ਡਾ. ਅਮਰਜੀਤ ਕੌਂਕੇ**

ਪ੍ਰਬੰਧ ਸੰਪਾਦਕ

ਗਗਨਦੀਪ ਸਿੰਘ

ਰਚਨਾਵਾਂ ਭੇਜਣ ਲਈ ਪਤਾ

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in

TITLE PAINTING BY

MEENA CHOPRA

ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com



ਸਹਿਯੋਗ ਰਾਸ਼ੀ

ਇੱਕ ਅੰਕ: 50/-,
ਵੀਹ ਅੰਕ (5 ਸਾਲ): 1000/-
ਜੀਵਨ ਮੈਂਬਰਸ਼ਿਪ:
2500/-, ਵਿਦੇਸ਼: $200

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in
Hon. Editor : Dr. Amarjeet Kaunke


## ਤਰਤੀਬ

### ਵਿਸ਼ੇਸ਼ ਲੇਖ


ਨੇੜ ਭੱਵਿਖ ਵਿਚ ਪੰਜਾਬੀ ਬੋਲੀ ਦਾ ਸਰੂਪ / ਅਮਰਜੀਤ ਸਿੰਘ ਗਰੇਵਾਲ / 2


### ਕਹਾਣੀਆਂ


ਗਲਤ ਮਲਤ ਜ਼ਿੰਦਗੀ / ਪਰਗਟ ਸਿੰਘ ਸਤੌਜ / 7,
ਤਿਲਕਣ / ਅੰਜਨਾ ਸ਼ਿਵਦੀਪ / 19


### ਕਵਿਤਾ / ਗ਼ਜ਼ਲ / ਗੀਤ


ਨਰਿੰਦਰ ਪਾਲ ਕੰਗ / 5, ਪਰਵੇਸ਼ / 6, ਗੁਲ ਚੌਹਾਨ / 11, ਗੁਰਮੀਤ ਖੋਖਰ, ਪ੍ਰੀਤ ਮਨਪ੍ਰੀਤ / 12, ਸੁਰਿੰਦਰ ਗੀਤ / 13, ਬਲਵਿੰਦਰ ਸੰਧੂ, ਸੰਦੀਪ ਸ਼ਰਮਾ / 16, ਰਾਠੇਸ਼ਵਰ ਸਿੰਘ ਰਾਠੀ / 17, ਨਵਰੂਪ ਕੌਰ, ਸਵਰਨ ਸਿੰਘ, ਸੀਮਾ ਜੈ ਵਿਸ਼ਾਲ / 18, ਸੁਰਿੰਦਰ ਮਕਸੂਦਪੁਰੀ, ਬਲਜਿੰਦਰ ਕੌਰ ਭਾਟੀਆ / 24, ਗੀਤਾ ਡੋਗਰਾ, ਸ਼ਮਿੰਦਰ, ਅਨੂਜੀਤ ਇਕਬਾਲ / 25,ਪ੍ਰੇਮ ਸਾਹਿਲ, ਸੰਦੀਪ ਕੌਰ ਸੋਖਲ, ਸੁਰਜੀਤ ਸਿੰਘ ਭੁੱਲਰ / 26, ਮਹੇਸ਼ ਅਲੋਕ, ਸੰਗੀਤਾ ਕੁਜਾਰਾ ਟਾਕ, ਵਿਵੇਕ ਚਤੁਰਵੇਦੀ / 27, ਮਨੋਜ ਚੌਹਾਨ, ਅਨੀਤਾ ਜੈਨ, ਅਭਿਲਾਸ਼ਾ ਪਾਰੀਕ / 28, ਸਵਿਤਾ ਦਾਸ ਸਾਵੀ, ਰੇਨੂੰ ਵਰਮਾ, ਕਮਲੇਸ਼ਵਰ ਸਾਹੂ / 29, ਅਨੁਰਾਧਾ ਸਿੰਘ, ਡਾ. ਹਰਮਹਿੰਦਰ ਸਿੰਘ ਬੇਦੀ, ਰਵੀ ਪੁਰੋਹਿਤ / 30, ਅਨੂੰ ਸ਼ਰਮਾ ਕੌਲ / 35


### ਡਾਇਰੀ ਦੇ ਪੰਨੇ


ਕਦੇ ਕਦਾਈਂ / ਪਾਣੀ ਦੀ ਤਾਣੀ / ਗੁਰਪ੍ਰੀਤ


### ਆਲੋਚਨਾ ਨਿਬੰਧ / ਰੀਵੀਊ


ਗੁਰੂ ਨਾਨਕ ਦੇਵ ਜੀ ਰਚਿਤ 'ਆਸਾ ਦੀ ਵਾਰ' : ਇਕ ਅਧਿਐਨ / ਡਾ. ਗੁਰਮੋਹਿੰਦਰ ਸਿੰਘ / 31, 'ਅੰਗੂਠੇ ਦਾ ਨਿਸ਼ਾਨ' ਨਾਵਲ ਦਾ ਵਿਸ਼ਾਗਤ ਅਧਿਐਨ / ਡਾ. ਜਸਪ੍ਰੀਤ ਕੌਰ / 33, ਸਿਮਰਤੀਆਂ ਦੀ ਲਾਲਟੈਨ ਵਿੱਚ ਮਨੁੱਖੀ ਰਿਸ਼ਤਿਆਂ ਦਾ ਯਥਾਰਥ / ਪ੍ਰੋ. ਜਸਬੀਰ ਕੌਰ / 36, ਮਨੋਵਿਸ਼ਲੇਸ਼ਣੀ ਵਿਧੀ ਤੇ ਇੱਕ ਨਜ਼ਰ / ਰਾਜਵੀਰ ਕੌਰ / 38
ਸੱਭਿਆਚਾਰ ਦੇ ਪ੍ਰਸੰਗ ਵਿੱਚ ਬਨਸਪਤੀ ਅਤੇ ਲੋਕਧਾਰਾ: ਅੰਤਰ-ਸੰਬੰਧ / ਅਮਨਦੀਪ ਕੌਰ / 40, ਗੁਰੂ ਨਾਨਕ: ਸਾਂਝੀਵਾਲਤਾ ਤੇ ਮਨੁੱਖਤਾ ਰਹਿਬਰ / ਡਾ.ਵੀਨਾਕਸ਼ੀ ਸ਼ਰਮਾ / 43, ਤਤਕਾਲ / ਸੁਖਦੇਵ ਸਿੰਘ ਸ਼ਾਂਤ / 46, ਵਿਚਲਾ ਮੌਸਮ / ਡਾ. ਪੁਸ਼ਵਿੰਦਰ ਕੌਰ / 47, ਵਿਕਾਸ ਦੀਆਂ ਹਨ੍ਹੇਰੀਆਂ / ਡਾ. ਪੁਸ਼ਵਿੰਦਰ ਕੌਰ, ਏਲੀਅਨਜ਼ ਦੀ ਧਰਤੀ ਤੇ / ਸੁਰਜੀਤ ਸਿੰਘ ਕਾਉਂਕੇ / 48



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



*ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
*ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
*ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਆਰਨਾ ਪ੍ਰਿੰਟਿੰਗ ਸੋਲੂਸ਼ਨਜ਼,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

ਵਿਸ਼ੇਸ਼ ਲੇਖ

# ਨੇੜ ਭੱਵਿਖ ਵਿਚ ਪੰਜਾਬੀ ਬੋਲੀ ਦਾ ਸਰੂਪ / ਅਮਰਜੀਤ ਸਿੰਘ ਗਰੇਵਾਲ

ਪੰਜਾਬ ਨੂੰ ਪਾਕਿਸਤਾਨੀ ਪੰਜਾਬ, ਭਾਰਤੀ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਵਿਚ ਵੰਡ ਦਿੱਤਾ ਗਿਆ। ਇਸ ਵਾਸਤੇ ਕਿਸੇ ਸਿਆਸਤ ਜਾਂ ਵਿਸੇਸ਼ ਲੋਕਾਂ ਨੂੰ ਕਸੂਰਵਾਰ ਵੀ ਠਹਿਰਾਇਆ ਜਾ ਸਕਦਾ ਹੈ। ਪਰ ਪੰਜਾਬ ਤਾਂ ਕਲਕੱਤੇ, ਬੰਬਈ, ਮੈਂਗਲੌਰ, ਹੈਦਰਾਬਾਦ, ਕਾਨਪੁਰ, ਤਰਾਈ, ਇੰਗਲੈਂਡ, ਕਨੇਡਾ, ਅਮਰੀਕਾ, ਆਸਟਰੇਲੀਆ, ਅਫਰੀਕਾ, ਸਿੰਘਾਪੁਰ, ਬੈਂਗਕਾਕ, ਆਦਿ ਵਿਚ ਵੀ ਵਸਦਾ ਹੈ। ਇਸਨੂੰ ਅਸੀਂ ਤਕਸੀਮ ਹੋਇਆ ਪੰਜਾਬ ਨਹੀਂ, ਦੁਨੀਆਂ ਭਰ ਵਿਚ ਫੈਲਿਆ ਹੋਇਆ ਪੰਜਾਬ ਆਖਦੇ ਹਾਂ।



ਪਰ ਬਹੁਤੇ ਲੋਕ ਇਸ ਤਰ੍ਹਾਂ ਨਹੀਂ ਸੋਚਦੇ। ਉਨ੍ਹਾਂ ਦਾ ਵਿਚਾਰ ਹੈ ਕਿ ਆਰਥਕ-ਰਾਜਨੀਤਕ ਵੰਡੀਆਂ ਸਮਾਜ-ਭਾਸ਼ਾਈ ਵੰਡੀਆਂ ਵੀ ਪਾ ਦਿੰਦੀਆਂ ਹਨ। ਉਦਾਹਰਣ ਦੇ ਤੌਰ ਤੇ ਭਾਰਤੀ ਪੰਜਾਬੀ ਉਪਰ ਇਸਦੇ ਸੰਸਕ੍ਰਿਤੀਕਰਣ ਦਾ ਇਲਜ਼ਾਮ ਲੱਗ ਰਿਹਾ ਹੈ। ਉਧਰ ਪਾਕਿਸਤਾਨੀ ਪੰਜਾਬੀ ਉਪਰ ਪਰਸ਼ੀਅਨ ਅਤੇ ਅਰਬੀ ਦੇ ਵਧ ਰਹੇ ਪ੍ਰਭਾਵਾਂ ਦਾ ਰੌਲਾ ਪਾਇਆ ਜਾ ਰਿਹਾ ਹੈ। ਇਸੇ ਆਧਾਰ ਤੇ ਇਹ ਲੋਕ ਖਦਸ਼ਾ ਜ਼ਾਹਿਰ ਕਰਦੇ ਹਨ ਕਿ ਹੌਲੀ ਹੌਲੀ ਭਾਰਤੀ ਪੰਜਾਬੀ ਅਤੇ ਪਾਕਿਸਤਾਨੀ ਪੰਜਾਬੀ ਕ੍ਰਮਵਾਰ ਗੁਰਮੁਖੀ ਅਤੇ ਪਰਸ਼ੀਅਨ ਲਿਪੀਆਂ ਵਿਚ ਲਿਖੀਆਂ ਜਾਣ ਵਾਲੀਆਂ ਦੋ ਅਲੱਗ ਅਲੱਗ ਭਾਸ਼ਾਵਾਂ ਬਣ ਜਾਣਗੀਆਂ। ਜੰਮੂ, ਹਿਮਾਚਲ, ਦਿੱਲੀ, ਯੂਪੀ, ਰਾਜਸਥਾਨ, ਹਰਿਆਣੇ ਆਦਿ ਵਿਚ ਤਾਂ ਦੇਵਨਾਗਰੀ ਲਿੱਪੀ ਰਾਹੀਂ ਪੰਜਾਬੀ ਦੇ ਹੋ ਰਹੇ ਹਿੰਦੀਕਰਣ ਦਾ ਪੂਰਾ ਸ਼ੋਰ ਹੈ। ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀਆਂ ਨਵੀਆਂ ਪੀੜ੍ਹੀਆਂ ਉਪਰ ਤਾਂ ਪਤਾ ਨਹੀਂ ਅੰਗਰੇਜ਼ੀ, ਫਰੈਂਚ, ਸਪੈਨਿਸ਼, ਜਰਮਨ, ਅਰਬੀ, ਆਦਿ ਕਿੰਨੀਆਂ ਕੁ ਭਾਸ਼ਾਵਾਂ ਦਾ ਅਸਰ ਪੈ ਰਿਹਾ ਹੋਵੇਗਾ। ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦੀ ਕੀ ਗੱਲ ਕਰਨੀ ਹੋਈ, ਹੁਣ ਤਾਂ ਸਾਡੀ ਸਮੁਚੀ ਨੌਜੁਆਨ ਪੀੜ੍ਹੀ ਸੋਸ਼ਲ ਮੀਡੀਆ ਉਪਰ ਗੁਰਮੁਖੀ, ਪਰਸ਼ੀਅਨ ਜਾਂ ਦੇਵਨਾਗਰੀ ਦੀ ਥਾਂ ਰੋਮਨ ਸਕਰਿਪਟ ਵਿਚ ਚੈਟ ਕਰਦੀ ਹੈ। ਉਹ ਵੀ ਵਧੇਰੇ ਕਰਕੇ ਪਿੰਗਲਿਸ਼ ਵਿਚ। ਕੇਵਲ ਸੀ.ਬੀ.ਐਸ.ਸੀ. ਸਕੂਲਾਂ ਵਿਚ ਹੀ ਅੰਗਰੇਜ਼ੀ ਪਹਿਲੀ ਜਮਾਤ ਤੋਂ ਨਹੀਂ ਪੜ੍ਹਾਈ ਜਾ ਰਹੀ, ਹੁਣ ਤਾਂ ਸਾਰਾ ਪੰਜਾਬ ਹੀ ਆਪਣੀਆਂ ਅੱਖਾਂ ਵਿਚ ਕਨੇਡਾ, ਅਮਰੀਕਾ, ਇੰਗਲੈਂਡ ਅਤੇ ਆਸਟਰੇਲੀਆਂ ਦੇ ਸੁਪਨੇ ਲੈਕੇ ਆਈਲੈਟਸ ਆਦਿ ਦੇ ਸੈਂਟਰਾਂ ਵਿਚ ਅੰਗਰੇਜ਼ੀ ਪੜ੍ਹਨੀ, ਲਿਖਣੀ ਅਤੇ ਬੋਲਣੀ ਸਿਖ ਰਿਹਾ ਹੈ। ਕੇਵਲ ਅੰਗਰੇਜ਼ੀ ਹੀ ਨਹੀਂ, ਦੁਨੀਆਂ ਦੀਆਂ ਬਹੁਤ ਘੱਟ ਭਾਸ਼ਾਵਾਂ ਹੋਣਗੀਆਂ, ਜਿਨਾਂ ਨਾਲ ਇਸ ਵੇਲੇ ਪੰਜਾਬੀ ਬੰਦੇ ਰਾਹੀਂ ਪੰਜਾਬੀ ਜ਼ੁਬਾਨ ਦਾ ਸਥਾਨਕ ਪੱਧਰ ਤੇ ਸੰਵਾਦ ਨਾ ਚੱਲ ਰਿਹਾ ਹੋਵੇ। ਅਤੇ ਹਰ ਸੰਵਾਦ ਵਿਚੋਂ ਇਕ ਨਵੀਂ ਪੰਜਾਬੀ ਬੋਲੀ ਵਿਗਸ ਨਾ ਰਹੀ ਹੋਵੇ। ਗੱਲ ਕੀ ਦੁਨੀਆਂ ਵਿਚ ਹਰ ਸਮਾਂ-ਸਥਾਨ, ਮਾਧਿਅਮ, ਕਿੱਤੇ, ਜਾਤ-ਬਰਾਦਰੀ, ਕਬੀਲੇ ਅਤੇ ਉਮਰ ਵਿਚ ਇਕ ਨਵੀਂ ਪੰਜਾਬੀ ਬੋਲੀ ਜਨਮ ਲੈ ਰਹੀ ਹੈ। ਇਸ ਤੋਂ ਵੀ ਅੱਗੇ, ਹੁਣ ਇਕ ਬੰਦਾ ਇਕ ਥਾਂ ਟਿਕ ਕੇ ਨਹੀਂ ਬੈਠਦਾ, ਰੁਜ਼ਗਾਰ ਪਿਛੇ ਪਤਾ ਨਹੀਂ ਉਹ ਕਿਥੇ ਕਿਥੇ ਭਟਕਦਾ ਹੈ। ਧੀਆਂ ਪੁਤਾਂ ਦੇ ਰਿਸ਼ਤੇ ਵੀ ਪਤਾ ਨਹੀਂ ਕਿਥੇ ਕਿਥੇ ਜੋੜ ਲੈਂਦਾ ਹੈ। ਘਰ ਅਤੇ ਮਾਤ ਬੋਲੀ ਨੂੰ ਪਰਿਭਾਸ਼ਿਤ ਕਰਨਾ ਮੁਸ਼ਕਲ ਹੋ ਗਿਆ ਹੈ। ਨਤੀਜੇ ਵਜੋਂ ਇਕ ਬੰਦੇ ਵਿਚ ਇਕ ਨਹੀਂ, ਅਨੇਕਾਂ ਜ਼ੁਬਾਨਾਂ ਅਤੇ ਸੰਸਕ੍ਰਿਤੀਆਂ ਬੋਲਦੀਆਂ ਹਨ। ਸਥਿਤੀ ਏਨੀ ਗੁੰਝਲਦਾਰ ਅਤੇ ਸਰਬਵਿਆਪੀ ਬਣਦੀ ਜਾ ਰਹੀ ਹੈ ਕਿ ਕੋਡ ਮਿਕਸਿੰਗ, ਆਦਿ ਧਾਰਨਾਵਾਂ ਇਸਦੀ ਵਿਆਖਿਆ ਨਹੀਂ ਕਰ ਪਾ ਰਹੀਆਂ। ਨਤੀਜੇ ਵਜੋਂ, ਇਸ ਗੁੰਝਲਦਾਰ ਸਥਿਤੀ ਨੂੰ ਸਮਝਣ ਸਮਝਾਉਣ ਲਈ, ਵਿਦਵਾਨ ਸੁਪਰਡਾਇਵਰਸਿਟੀ, ਟਰਾਂਸਗਲੌਸ਼ੀਆ ਅਤੇ ਪੋਸਟਮਲਟੀਕਲਚਰਲਇਜ਼ਮ, ਆਦਿ ਵਰਗੇ ਨਵੇਂ ਨਵੇਂ ਮਾਈਂਡ ਟੂਲਜ਼ ਵਿਕਸਤ ਕਰ ਰਹੇ ਹਨ। ਭਾਵੇਂ ਟਰਾਂਸਲਿੰਗੁਇਸਟਿਕਸ ਦੇ ਨਾਮ ਤੇ ਪ੍ਰਚਾਰੀ ਜਾ ਰਹੀ ਇਸ ਨਵੀਂ ਸੋਚ ਦਾ ਆਧਾਰ ਤਾਂ ਬਾਖਤਿਨ ਦੀ 1981 ਦੀ ਹੈਟਰੋਗਲੌਸ਼ੀਆ ਦੀ ਧਾਰਨਾ ਹੀ ਹੈ ਜੋ ਇਕ ਅਜਿਹੀ ਸੰਚਾਰ ਪ੍ਰੈਕਟਿਸ ਵੱਲ ਇਸ਼ਾਰਾ ਕਰਦੀ ਹੈ ਜੋ ਭਾਸ਼ਾ ਦੀ ਕੌਮੀ ਵਿਚਾਰਧਾਰਾ ਨੂੰ ਰੱਦ ਕਰ ਦਿੰਦੀ ਹੈ। ਸਮਾਜ-ਭਾਸ਼ਾਈ ਅਧਿਐਨ ਦੇ ਖੇਤਰ ਵਿਚ ਇਹ ਇਕ ਅਜਿਹੀ ਕ੍ਰਾਂਤੀ ਹੈ ਜਿਸ ਨਾਲ ਦੋ ਤਬਦੀਲੀਆਂ ਵਾਪਰਦੀਆਂ ਹਨ। ਪਹਿਲੀ ਤਬਦੀਲੀ ਤਾਂ ਇਹ ਕਿ ਲੋਕ ਕੌਮੀ-ਭਾਸ਼ਾ ਦੀ ਥਾਂ ਤੇ ਸਮੇਂ-ਸਥਾਨ ਤੇ ਉਪਲਭਦ ਤਮਾਮ ਭਾਸ਼ਾਈ ਵਸੀਲਿਆਂ ਨੂੰ ਉਪਯੋਗ ਵਿਚ ਲਿਆਉਣਾ ਸ਼ੁਰੂ ਕਰ ਦਿੰਦੇ ਹਨ। ਦੂਸਰੇ ਇਹ ਕਿ ਸੰਚਾਰ ਲਈ ਸ਼ਬਦਾਂ ਦੇ ਨਾਲ ਨਾਲ ਹੋਰਨਾ ਚਿਹਨਕ ਵਸੀਲਿਆਂ ਨੂੰ ਵੀ ਵਰਤੋਂ ਵਿਚ ਲਿਆਉਣਾ ਸ਼ੁਰੂ ਕਰ ਦਿੰਦੇ ਹਨ। ਭਾਸ਼ਾ ਪ੍ਰਤੀ ਇਕ ਅਜਿਹੀ ਪਹੁੰਚ ਵਿਕਸਤ ਹੋ ਰਹੀ ਹੈ, ਜਿਥੇ ਦੋ ਜਾਂ ਦੋ ਤੋਂ ਵਧੇਰੇ ਭਾਸ਼ਾਵਾਂ ਬੋਲਣ ਵਾਲੇ ਲੋਕ ਇਨ੍ਹਾਂ ਭਾਸ਼ਾਵਾਂ ਨੂੰ ਪਹਿਲਾਂ ਵਾਂਗ ਆਜ਼ਾਦ ਅਤੇ ਖੁਦਮੁਖਤਾਰ ਭਾਸ਼ਾਈ ਪ੍ਰਬੰਧਾਂ ਦੇ ਤੌਰ ਤੇ ਨਹੀਂ ਵਰਤਦੇ। ਸਗੋਂ ਇਨ੍ਹਾਂ ਜ਼ੁਬਾਨਾਂ ਦੇ ਭਾਸ਼ਾਈ ਖਜਾਨੇ ਆਪਣੀਆਂ ਲੋੜਾਂ ਅਨੁਸਾਰ ਇਸਤੇਮਾਲ ਕਰਨਾ ਸ਼ੁਰੂ ਕਰ ਦਿੰਦੇ ਹਨ। ਉਦਾਹਰਣ ਦੇ ਤੌਰ ਤੇ ਸਾਡੇ ਪਿੰਡਾਂ ਦੀਆਂ ਸਧਾਰਨ

ਔਰਤਾਂ ਨੂੰ ਯੂ ਪੀ ਬਿਹਾਰ ਤੋਂ ਆਏ ਹਿੰਦੀ ਭਾਸ਼ੀ ਪਰਵਾਸੀ ਮਜ਼ਦੂਰਾਂ ਅਤੇ ਖੇਤੀਬਾੜੀ ਯੂਨੀਵਰਸਟੀ ਤੋਂ ਆਏ ਅੰਗਰੇਜ਼ੀ ਸ਼ਬਦਾਵਲੀ ਦਾ ਖੁੱਲ੍ਹ ਕੇ ਇਸਤੇਮਾਲ ਕਰਨ ਵਾਲੇ ਸ਼ਹਿਰੀ ਕਿਸਮ ਦੇ ਮਾਹਿਰਾਂ ਨਾਲ ਇਕੋ ਸਟੇਜ ਤੇ ਗੱਲਬਾਤ ਕਰਦੇ ਹੋਏ ਦੇਖਣਾ ਬੜਾ ਦਿਲਚਸਪ ਹੋਵੇਗਾ। ਕਿ ਇਹ ਔਰਤਾਂ ਆਪਣੀ ਗੱਲ ਨੂੰ ਅਸਰਦਾਰ ਤਰੀਕੇ ਨਾਲ ਕਹਿਣ ਲਈ ਇਨ੍ਹਾਂ ਭਾਸ਼ਾਈ ਵਸੀਲਿਆ ਦੀ ਕਿਵੇਂ ਖੁਲ੍ਹ ਕੇ ਵਰਤੋਂ ਕਰਦੀਆਂ ਹਨ। ਭਾਸ਼ਾਈ ਪ੍ਰਯੋਗ ਦੀ ਇਕ ਅਸਲੋਂ ਨਵੀਂ ਵਿਧਾ ਵਿਕਸਤ ਹੋ ਰਹੀ ਹੈ, ਜੋ ਆਧੁਨਿਕ/ ਬਸਤੀਵਾਦੀ ਜਗਤ ਦੁਆਰਾ ਸਥਾਪਤ ਹਾਈਰਾਰਕੀਕਲ ਪਛਾਣਾ ਨੂੰ ਵੀ ਚਨੌਤੀ ਪੇਸ਼ ਕਰਦੀ ਹੈ। ਸਥਿਰ ਭਾਸ਼ਾਈ ਪਛਣਾਂ ਵਿਚ ਬੱਝੇ ਸਬਆਲਟਰਨ ਭਾਈਚਾਰਿਆ ਲਈ ਨਵੀਆਂ ਸੰਭਾਵਨਾਵਾਂ ਜਗਾਉਂਦੀ ਹੈ।

**ਵਿਸ਼ਵੀਕਰਣ:** ਕਿਉਂਕਿ ਪੰਜਾਬੀ ਜ਼ੁਬਾਨ ਨੂੰ ਹੁਣ ਪਾਰਰਾਸ਼ਟਰੀ ਪੰਜਾਬ ਦੇ ਪਰਿਪੇਖ ਤੋਂ ਬਾਹਰ ਰੱਖ ਕੇ ਨਹੀਂ ਦੇਖਿਆ ਜਾ ਸਕਦਾ, ਇਸ ਲਈ ਵਿਸ਼ਵੀਕਰਣ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਬਸਤੀਵਾਦ ਦੇ ਖਾਤਮੇ ਅਤੇ ਸੋਵੀਅਤ ਯੂਨੀਅਨ ਦੇ ਢਹਿ ਢੇਰੀ ਹੋ ਜਾਣ ਬਾਅਦ ਵਿਸ਼ਵੀਕਰਣ ਦਾ ਦੌਰ ਆਰੰਭ ਹੁੰਦਾ ਹੈ, ਜਿਸ ਨੂੰ ਨਾ ਯੂਨੀਪੋਲਰ, ਨਾ ਬਾਈਪੋਲਰ ਅਤੇ ਨਾ ਹੀ ਮਲਟੀਪੋਲਰ ਸੰਸਾਰ ਆਖਿਆ ਜਾ ਸਕਦਾ ਹੈ। ਫਿਰ ਇਸਦੇ ਵਿਸ਼ਵ ਵਿਆਪੀ ਆਰਥਕ, ਭਾਸ਼ਾਈ ਅਤੇ ਸਭਿਆਚਾਰਕ ਆਦਾਨ ਪ੍ਰਦਾਨ ਨੂੰ ਰੈਗੂਲੇਟ ਕਰਨ ਵਾਲੀ ਵਿਵਸਥਾ/ ਮੰਡੀ ਉਪਰ ਕੌਣ ਹਕੂਮਤ ਕਰਦਾ ਹੈ? ਇਸ ਹਕੂਮਤ ਦੇ ਤਰਕ ਅਤੇ ਢਾਂਚੇ ਨੂੰ ਸਮਝਣਾ ਜ਼ਰੂਰੀ ਹੋ ਜਾਂਦਾ ਹੈ। ਇਹ ਕਿਸ ਕਿਸਮ ਦੀ ਪ੍ਰਭੁਤਾ ਹੈ?

ਕੀ ਇਸਦਾ ਇਹ ਮਤਲਬ ਸਮਝਿਆ ਜਾਵੇ ਕਿ ਪੂੰਜੀ ਸਿਆਸੀ ਦਖਲ ਤੋਂ ਮੁਕਤ ਹੋ ਕੇ ਖੁਦਮੁਖਤਾਰੀ ਵੱਲ ਵਧ ਰਹੀ ਹੈ। ਪੂੰਜੀ, ਗਿਆਨ, ਕਿਰਤ, ਤਕਨਾਲੋਜੀ, ਵਸਤੂਆਂ ਅਤੇ ਵੈਲਯੂ ਦੇ ਖੁੱਲ੍ਹੇ ਵਹਾ ਨੇ ਕੌਮੀ-ਰਾਜ ਦੀ ਪ੍ਰਭੁਤਾ ਨੂੰ ਕਿਸੇ ਹੱਦ ਤੱਕ ਪ੍ਰਭਾਵਤ ਤਾਂ ਜ਼ਰੂਰ ਕੀਤਾ ਹੈ। ਪਰ ਇਸਦਾ ਇਹ ਮਤਲਬ ਨਹੀਂ ਕਿ ਪ੍ਰਭੁਤਾ ਦਾ ਦੌਰ ਖਤਮ ਹੋ ਰਿਹਾ ਹੈ। ਧਿਆਨ ਨਾਲ ਦੇਖਿਆਂ ਸਮਝ ਪੈਂਦੀ ਹੈ ਕਿ ਸਿਆਸੀ ਦਖਲ ਜਾਂ ਸਟੇਟ ਦੇ ਰੈਗੂਲੇਟਰੀ ਮਕੈਨਿਜ਼ਮ ਖਤਮ ਨਹੀਂ ਹੋ ਰਹੇ, ਤਬਦੀਲ ਹੋ ਰਹੇ ਹਨ। ਨਵੀਂ ਕਿਸਮ ਦੀ ਪ੍ਰਭੁਤਾ ਉਭਰ ਰਹੀ ਹੈ ਜਿਸਨੂੰ ਹਾਰਟ ਅਤੇ ਨਾਗਰੀ 'ਐਮਪਾਇਰ' ਦਾ ਨਾਮ ਦਿੰਦੇ ਹਨ। ਇਸ ਉਤਰਆਧੁਨਿਕ ਸਾਮਰਾਜ (ਐਮਪਾਇਰ) ਨੂੰ ਆਧੁਨਿਕ ਪੱਛਮੀ ਸਾਮਰਾਜ (ਇਮਪੀਰੀਅਲਿਜ਼ਮ) ਨਾਲੋਂ ਵਖਰਿਆਉਣ ਲਈ 'ਵਿਸ਼ਵ-ਸੱਤਾ' ਦਾ ਨਾਮ ਦੇ ਲੈਂਦੇ ਹਾਂ। ਅੱਜ ਦੀ ਇਹ ਵਿਸ਼ਵ-ਸੱਤਾ ਕੌਮੀਂ-ਰਾਜਾਂ ਉਪਰ ਸੱਤਾ ਸਥਾਪਤ ਨਹੀਂ ਕਰਦੀ। ਸਗੋਂ ਸੱਤਾ ਸਥਾਪਤੀ ਦੀ ਖੁੱਲ੍ਹੀ ਵਿਵਸਥਾ ਦੇ ਰੂਪ ਵਿਚ ਉਭਰਦੀ ਹੈ। ਸੱਤਾ ਦਾ ਇਕ ਅਜਿਹਾ ਨੈਟਵਰਕ ਜਿਸ ਵਿਚ ਵਿਭਿੰਨ ਕੌਮੀ-ਰਾਜ, ਵਿਸ਼ਵ ਬੈਂਕ ਵਰਗੀਆਂ ਮਲਟੀ ਲੇਟਰਲ ਏਜੰਸੀਆਂ, ਬਹੁ-ਕੌਮੀ ਕਾਰਪੋਰੇਸ਼ਨਾਂ, ਪਾਰ-ਰਾਸ਼ਟਰੀ ਭਾਈਚਾਰੇ ਅਤੇ ਇਸ ਕਿਸਮ ਦੀਆਂ ਹੋਰ ਅਨੇਕ ਸ਼ਕਤੀਆਂ ਆਪਸੀ ਸਹਿਯੋਗ/ ਸੰਘਰਸ਼/ ਟਕਰਾਅ ਰਾਹੀਂ ਇਸ ਵਿਸ਼ਵ-ਸੱਤਾ ਦਾ ਨਿਰਮਾਣ ਕਰਦੀਆਂ ਹਨ। ਅਮਰੀਕਾ ਵਰਗਾ ਕੋਈ ਵੀ ਮੁਲਕ ਭਾਵੇਂ ਉਹ ਆਰਥਕ, ਰਾਜਨੀਤਕ ਅਤੇ ਫੌਜੀ ਪੱਧਰ ਤੇ ਕਿੰਨਾ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ, ਉਹ ਆਪਣੀ ਪੱਧਰ ਤੇ ਵਿਸ਼ਵ ਸਰਮਾਏ ਨੂੰ ਕੰਟਰੋਲ ਨਹੀਂ ਕਰ ਸਕਦਾ ਅਤੇ ਨਾ ਹੀ ਉਸਦੀ ਭਾਸ਼ਾ ਇਕੱਲਿਆਂ ਵਿਸ਼ਵ-ਭਾਈਚਾਰੇ ਦੇ ਸੰਚਾਰ ਦਾ ਮਾਧਿਅਮ ਬਣ ਸਕਦੀ ਹੈ।

**ਮੋਬਿਲਟੀ:** ਵੀਹਵੀਂ ਸਦੀ ਦੇ ਆਖਰੀ ਦਹਾਕੇ ਵਿਚ ਸ਼ੀਤ ਯੁਧ ਦੇ ਖਾਤਮੇ ਉਪ੍ਰੰਤ ਵਿਦਿਆਰਥੀਆਂ, ਵਿਗਿਆਨੀਆਂ, ਤਕਨੀਕੀ ਮਾਹਿਰਾਂ, ਲੇਬਰ, ਸਰਨਾਰਥੀਆਂ, ਆਦਿ ਦੇ ਰੂਪ ਵਿਚ ਪਰਵਾਸ ਦੀ ਅਜਿਹੀ ਲਹਿਰ ਚੱਲੀ ਕਿ ਅਸੀਂ ਜਿੰਨੇ ਲੋਕ ਇਹ ਆਰਟੀਕਲ ਪੜ੍ਹ ਰਹੇ ਹਾਂ, ਜੇ ਸਾਡੇ ਸਾਰਿਆਂ ਦੇ ਨਹੀਂ, ਤਾਂ ਸਾਡੇ ਵਿਚੋਂ ਬਹੁਤਿਆ ਦੇ ਪੰਜਾਬੀ ਬੋਲਣ ਵਾਲੇ ਬੱਚੇ, ਭੈਣ ਭਰਾ, ਰਿਸ਼ਤੇਦਾਰ ਅਤੇ ਦੋਸਤ ਮਿਤਰ ਵਿਦੇਸ਼ਾਂ ਵਿਚ ਬੈਠੇ ਹਨ। ਉਥੇ ਹਰ ਕਿਸਮ ਦੀਆਂ ਆਰਥਕ, ਰਾਜਨੀਤਕ ਅਤੇ ਸਮਾਜ-ਸਭਿਆਚਾਰਕ ਗਤੀਵਿਧੀਆਂ ਵਿਚ ਪੂਰੀ ਸ਼ਿਦਤ ਨਾਲ ਪਾਰੀਸੀਪੇਟ ਕਰਦੇ ਹਨ। ਆਪਣੀ ਮਾਂ-ਬੋਲੀ ਲਈ ਸੰਘਰਸ਼ ਵੀ ਕਰਦੇ ਹਨ। ਅਸੀਂ ਲਗਭਗ ਹਰ ਖਿੱਤੇ ਵਿਚ ਮੌਜੂਦ ਹਾਂ। ਅਸੀਂ ਹੀ ਨਹੀਂ, ਉਥੋਂ ਦੇ ਸਥਾਨਕ ਭਾਈਚਾਰੇ ਤੋਂ ਇਲਾਵਾ ਹੋਰ ਵੀ ਵੰਨ ਸੁਵੰਨੀਆਂ ਜ਼ੁਬਾਨਾਂ ਬੋਲਣ ਵਾਲੇ ਭਾਈਚਾਰੇ ਉਥੇ ਵਸੇ ਹੋਏ ਹਨ। ਕਈ ਪੁਰਾਣੇ ਆਏ ਹੋਏ ਹਨ ਅਤੇ ਕਈ ਨਵੇਂ। ਕੁਝ ਉਥੇ ਹੀ ਪੈਦਾ ਹੋਏ ਹਨ। ਕਈਆਂ ਦੇ ਬਹੁ-ਭਾਸ਼ਾਈ ਪਰਿਵਾਰ ਹਨ। ਦੁਨੀਆਂ ਦਾ ਹਰ ਖਿਤਾ ਬਹੁ-ਭਾਸ਼ਾਈ ਖਿਤਾ ਬਣਦਾ ਜਾ ਰਿਹਾ ਹੈ। ਅਤੇ ਹਰ ਭਾਸ਼ਾ ਇਕ ਪਾਰ-ਰਾਸ਼ਟਰੀ ਭਾਸ਼ਾ। ਇਸ ਤਰ੍ਹਾਂ ਹਰ ਖਿੱਤੇ ਦੀ ਸਮਾਜ-ਭਾਸ਼ਾਈ ਵੰਨਸਵੰਨਤਾ ਅਤੇ ਜਟਿਲਤਾ ਤੇਜ਼ੀ ਨਾਲ ਵਧ ਰਹੀ ਹੈ। ਕਿਸੇ ਵੀ ਖਿਤੇ ਦਾ ਭਾਈਚਾਰਾ ਆਪਣੇ ਆਪ ਨੂੰ ਕਿਵੇਂ ਕਲਪਿਤ ਕਰਦਾ ਹੈ, ਇਹ ਕਹਾਣੀ ਬਿਲਕੁਲ ਬਦਲ ਚੁਕੀ ਹੈ। ਇਕ ਗੱਲ ਹੋਰ ਕਿ ਹੁਣ ਕਿਸੇ ਵੀ ਖਿਤੇ ਦੀ ਸਮਾਜਕ, ਸਭਿਆਚਾਰਕ, ਆਰਥਕ ਅਤੇ ਰਾਜਨੀਤਕ ਸੰਰਚਨਾ ਦੀ ਗਤੀਸ਼ੀਲਤਾ ਨੂੰ ਸਮਝਣ ਲਈ ਉਸ ਖਿੱਤੇ ਦੀ ਸਮਾਜ-ਭਾਸ਼ਾਈ ਤਫਤੀਸ਼ ਪਹਿਲ ਦੇ ਆਧਾਰ ਤੇ ਜ਼ਰੂਰੀ ਹੋ ਗਈ ਹੇ।

**ਸੁਪਰਡਾਇਵਰਸਟੀ:** ਪਿਛਲੇ ਦੋ ਢਾਈ ਦਹਾਕਿਆਂ ਤੋਂ ਪਹਿਲਾਂ ਨਾਲੋਂ ਕਿਤੇ ਵਧੇਰੇ ਲੋਕ, ਕਿਤੇ ਵਧੇਰੇ ਥਾਵਾਂ ਤੋਂ ਵੱਖੋ ਵੱਖਰੇ ਸਧਾਨਾ ਵਿਚ ਵੱਖੋ ਵੱਖਰੀਆਂ

ਸਥਿਤੀਆਂ ਅਧੀਨ ਵੱਖੋ ਵੱਖਰੇ ਸੁਪਨੇ ਲੈ ਕੇ ਪਰਵਾਸ ਕਰ ਰਹੇ ਹਨ; ਜਿਸਦੇ ਨਤੀਜੇ ਵਜੋਂ ਦੁਨੀਆਂ ਦੀ ਐਥਨਿਕ, ਸਮਾਜਕ, ਸਭਿਆਚਾਰਕ ਅਤੇ ਆਰਥਕ ਵੰਨਸਵੰਨਤਾ ਹਰ ਥਾਂ ਤੇਜ਼ੀ ਨਾਲ ਵਧ ਰਹੀ ਹੈ। ਇਹ ਅਸਥਾਈ, ਅਨਿਸ਼ਚਿਤ ਅਤੇ ਗਤੀਸ਼ੀਲ ਵੰਨਸਵੰਨਤਾ ਇੰਟਰਨੈਟ, ਸੋਸ਼ਲ ਮੀਡੀਆਂ, ਆਨਲਾਈਨ ਗੇਮਿੰਗ, ਮਸ਼ੀਨ ਲਰਨਿੰਗ, ਨੈਚੁਰਲ ਲੈਂਗੁਏਜ ਪਰੋਸੈਸਿੰਗ ਅਤੇ ਸਮਾਰਟ ਫੋਨ ਦੀ ਆਮਦ ਨਾਲ ਹੋਰ ਵੀ ਜਟਿਲ ਹੋ ਗਈ ਹੈ। ਸਟੀਵਨ ਵੇਟੋਵੇਕ ਨੇ ਇਸ ਨੂੰ ਸੁਪਰਡਾਇਵਰਸਟੀ ਦਾ ਨਾਮ ਦਿੱਤਾ ਹੈ।

**ਇੰਟਰਨੈਟ ਅਤੇ ਅੰਗਰੇਜ਼ੀ ਭਾਸ਼ਾ:** ਇਸ ਭੈਅ ਤੋਂ ਮੁਕਤ ਹੋਣ ਦੀ ਲੋੜ ਹੈ ਕਿ ਇੰਟਰਨੈਟ ਦੀ ਤਕਨਾਲੋਜੀ ਰਾਹੀਂ ਅੰਗਰੇਜ਼ੀ ਜ਼ੁਬਾਨ ਘੱਟ-ਗਿਣਤੀ ਜ਼ੁਬਾਨਾਂ ਨੂੰ ਖਾ ਜਾਵੇਗੀ। ਕਿਉਂਕਿ ਇੰਟਰਨੈਟ ਦੇ ਪਹਿਲੇ ਨੀਤੀਘਾੜੇ ਅਮਰੀਕਨ ਸਨ, ਇਸ ਲਈ ਉਹਨਾ ਦੀ ਚਿੰਤਾ ਕੇਵਲ ਏਨੀ ਹੀ ਸੀ ਕਿ ਅੰਗਰੇਜ਼ੀ ਵਿਚ ਆਨਲਾਈਨ ਸੰਚਾਰ ਨੂੰ ਕਿਵੇਂ ਸੁਖਾਲਾ ਕਰਨਾ ਹੈ। ਉਨ੍ਹਾਂ ਨੇ ਇਹ ਗੱਲ ਸੋਚੀ ਹੀ ਨਹੀਂ ਕਿ ਗੈਰ-ਅੰਗਰੇਜ਼ੀ ਭਾਸ਼ਾਵਾਂ ਦੇ ਲੋਕ ਇੰਟਰਨੈਟ ਉਪਰ ਕਿਵੇਂ ਸੰਚਾਰ ਕਰਨਗੇ। ਇਸ ਸਮੱਸਿਆ ਉਪਰ ਕਾਬੂ ਪਾਉਣ ਲਈ ਬਹੁਤ ਸਾਰੀਆਂ ਤਰਕੀਬਾਂ ਕੱਢੀਆਂ ਗਈਆਂ; ਪਰ ਇਸ ਸਮੱਸਿਆ ਦਾ ਪੱਕਾ ਹੱਲ ਤਾਂ ਯੂਨੀਕੋਡ ਦੀ ਆਮਦ ਨਾਲ ਹੀ ਸਾਹਮਣੇ ਆਇਆ। ਨਤੀਜੇ ਵਜੋਂ ਹੁਣ ਗੈਰ ਅੰਗਰੇਜ਼ੀ ਟੈਕਸਟ ਦੀ ਆਨਲਾਈਨ ਵਰਤੋਂ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਖੈਰ ਗੂਗਲ ਦੀ ਇਕ ਰਿਪੋਰਟ ਮੁਤਾਬਕ ਇਸ ਵੇਲੇ ਭਾਰਤ ਵਿਚ ਇੰਟਰਨੈਟ ਦਾ ਇਸਤੇਮਾਲ ਕਰਨ ਵਾਲਿਆਂ ਵਿਚੋਂ ਨੱਬੇ ਪ੍ਰਤੀਸ਼ਤ ਤੋਂ ਵਧੇਰੇ ਲੋਕ ਗੈਰ-ਅੰਗਰੇਜ਼ੀ ਜ਼ੁਬਾਨਾਂ ਬੋਲਣ ਵਾਲੇ ਲੋਕ ਹਨ। ਦੁਨੀਆਂ ਵਿਚ ਇੰਟਰਨੈਟ ਉਪਰ ਅੰਗਰੇਜ਼ੀ ਦਾ ਇਸਤੇਮਾਲ ਲਗਾਤਾਰ ਘਟ ਰਿਹਾ ਹੈ ਅਤੇ ਦੂਸਰੀਆਂ ਜ਼ੁਬਾਨਾਂ ਦਾ ਵਧ ਰਿਹਾ ਹੈ।

**ਕੌਂਪਲੈਕਸਟੀ:** ਜਟਿਲ ਪਰਵਾਸ ਅਤੇ ਦੁਨੀਆਂ ਦੀ ਡਿਜੀਟਲ ਨੈਟਵਰਕਿੰਗ ਨੇ ਸਾਡੇ ਪੰਜਾਬੀਆਂ ਸਾਹਮਣੇ ਦੋ ਬੜੇ ਸੁਆਲ ਖੜ੍ਹੇ ਕਰ ਦਿਤੇ ਹਨ ਕਿ ਕੌਣ ਪੰਜਾਬੀ ਹੈ ਅਤੇ ਕੌਣ ਗੈਰ-ਪੰਜਾਬੀ। ਬਿਗਾਨਾ ਕੌਣ ਹੈ ਅਤੇ ਆਪਣਾ ਕੌਣ। ਕੀ ਆਪਣੇ ਅਤੇ ਬੇਗਾਨੇ ਵਿਚਲਾ ਅੰਤਰ ਮਿਟਦਾ ਨਹੀਂ ਜਾ ਰਿਹਾ। ਮੇਰੀ ਇਕ ਪੁਰਾਣੀ ਕੁਲੀਗ ਹੈ ਜੋ ਇਥੇ ਪੰਜਾਬ ਵਿਚ ਸਰਕਾਰੀ ਆਹੁਦੇ ਤੇ ਕੰਮ ਕਰਦੀ ਹੈ। ਉਸਦਾ ਪਤੀ ਮਲਟੀਨੈਸ਼ਨਲ ਕੰਪਨੀ ਵਿਚ ਕੰਮ ਕਰਦਾ ਹੈ ਅਤੇ ਅੱਜਕਲ੍ਹ ਦੁਬਈ ਵਿਚ ਪੋਸਟਡ ਹੈ। ਮਾਂ ਬਾਪ ਯੂ ਪੀ ਵਿਚ ਫਾਰਮ ਤੇ ਰਹਿੰਦੇ ਹਨ। ਲੜਕਾ ਬਰਿਟਸ਼ ਕੋਲੰਬੀਆ ਯੂਨੀਵਰਸਟੀ (ਕਨੇਡਾ) ਵਿਚ ਪੜ੍ਹ ਰਿਹਾ ਹੈ ਅਤੇ ਲੜਕੀ ਅਮਰੀਕਾ ਵਿਚ ਡਾਕਟਰ ਹੈ। ਵੱਡੀ ਭੈਣ ਦਾ ਪਤੀ ਤੇਲਗੂ ਹੈ ਅਤੇ ਛੋਟੇ ਭਰਾ ਦੀ ਪਤਨੀ ਗੁਜਰਾਤੀ। ਦੋਨੋ ਪਰਿਵਾਰ ਹੈਦਰਾਬਾਦ ਵਿਚ ਰਹਿੰਦੇ ਹਨ। ਇਕ ਭੈਣ ਦਿੱਲੀ ਰਹਿੰਦੀ ਹੈ ਜਿਸ ਕੋਲ ਇਨ੍ਹਾਂ ਸਾਰਿਆਂ ਦਾ ਅਕਸਰ ਆਉਣ ਜਾਣ ਬਣਿਆ ਰਹਿੰਦਾ ਹੈ। ਬੱਚੇ ਹੈਦਰਾਬਾਦ, ਦਿੱਲੀ ਅਤੇ ਸਿੰਗਾਪਰ ਵਿਚ ਪੜ੍ਹਦੇ ਹਨ। ਪੰਜਾਬੀ ਸਾਰੇ ਸਮਝਦੇ ਹਨ। ਥੋੜ੍ਹੀ ਬਹੁਤੀ ਬੋਲ ਵੀ ਲੈਂਦੇ ਹਨ। ਗੁਰਦੁਆਰੇ ਜਾਂਦੇ ਹਨ। ਸੋਸ਼ਲ ਮੀਡੀਆਂ ਤੇ ਇਕ ਗਰੁਪ ਬਣਿਆ ਹੋਇਆ ਹੈ ਜਿਸ ਉਪਰ ਇਹ ਸਾਰੇ ਆਪਸ ਵਿਚੀਂ ਜੁੜੇ ਰਹਿੰਦੇ ਹਨ। ਜਿਸ ਭਾਸ਼ਾ ਵਿਚ ਇਹ ਚੈਟ ਕਰਦੇ ਹਨ ਉਸ ਨੂੰ ਅੰਗਰੇਜ਼ੀ ਵੀ ਨਹੀਂ ਕਿਹਾ ਜਾ ਸਕਦਾ। ਬੋਲੀਵੁਡ ਦੀ ਹਿੰਦੀ ਦਾ ਦਖਲ ਸਾਫ ਦਿਖਾਈ ਦਿੰਦਾ ਹੈ। ਪੰਜਾਬੀ, ਤੇਲਗੂ ਅਤੇ ਗੁਜਰਾਤੀ ਵੀ ਕਿਧਰੇ ਕਿਧਰੇ ਮਿਕਸ ਹੁੰਦੀਆਂ ਹਨ। ਇਮੋਟੀਕੋਨ, ਸੈਲਫੀਆਂ ਅਤੇ ਪਾਪੂਲਰ ਮੀਡੀਆ ਦੀਆਂ ਕਲਿਪਿੰਗਜ਼ ਦਾ ਖ਼ੂਬ ਇਸਤੇਮਾਲ ਕਰਦੇ ਹਨ। ਇਸ ਤਰ੍ਹਾਂ ਦਾ ਇਹ ਕੋਈ ਇਕੱਲਾ ਦੁਕੱਲਾ ਪਰਿਵਾਰ ਨਹੀਂ। ਅਜਿਹੇ ਜਟਿਲ ਪਰਿਵਾਰਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਇਕੱਲੇ ਪਾਰ-ਰਾਸ਼ਟਰੀ ਪੰਜਾਬੀ ਪਰਿਵਾਰਾਂ ਦੀ ਗੱਲ ਨਹੀਂ। ਲੱਖਾਂ ਦੀ ਗਿਣਤੀ ਵਿਚ ਹਰ ਸਾਲ ਕਨੇਡਾ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਸਿੰਗਾਪੁਰ ਆਦਿ ਮਲਕਾਂ ਨੂੰ ਜਾ ਰਹੇ ਵਿਦਿਆਰਥੀਆਂ ਦੀ ਵੀ ਗੱਲ ਨਹੀਂ। ਮੈਂ ਸਾਲ ਕੁ ਪਹਿਲਾਂ ਇਕ ਪਰਾਈਵੇਟ ਇਜਨੀਅਰਿੰਗ ਅਤੇ ਮਨੇਜਮੈਂਟ ਕਾਲਿਜ ਦਾ ਪ੍ਰਬੰਧ ਦੇਖਦਾ ਸੀ। ਉਸ ਕਾਲਿਜ ਵਿਚ ਤੀਹ ਮੁਲਕਾਂ ਅਤੇ ਛੇ ਭਾਰਤੀ ਰਾਜਾਂ ਦੇ ਸਤਾਰਾਂ ਜ਼ੁਬਾਨਾਂ ਬੋਲਣ ਵਾਲੇ ਬੱਚੇ ਕਲਾਸਰੂਮਾਂ ਵਿਚ ਇਕੱਠੇ ਬੈਠਦੇ ਹਨ, ਇਮਤਿਹਾਨਾਂ ਵਿਚ ਨਕਲਾਂ ਮਾਰਦੇ ਹਨ, ਸਾਂਝੇ ਨਾਚ ਨੱਚਦੇ ਹਨ, ਆਸ਼ਕੀਆਂ ਕਰਦੇ ਹਨ, ਫੁਟਬਾਲ ਦੇ ਮੈਚ ਖੇਡਦੇ ਹਨ, ਯੂਥ ਫੈਸਟੀਵਲਾਂ ਵਿਚ ਭਾਗ ਲੈਂਦੇ ਹਨ, ਹੋਸਟਲਾਂ ਵਿਚ ਇਕੱਠੇ ਖੜਮਸਤੀਆਂ ਕਰਦੇ ਹਨ। ਲੜਾਈਆਂ ਵੀ ਲੜਦੇ ਹਨ। ਸੁਰਜੀਤ ਪਾਤਰ ਦੇ ਨੰਦ ਕਿਸ਼ੋਰਾਂ ਦੀ ਗਿਣਤੀ ਹੀ ਨਹੀਂ,ਰੇਂਜ ਅਤੇ ਵੰਨਸਵੰਨਤਾ ਵੀ ਤੇਜ਼ੀ ਨਾਲ ਵਧ ਰਹੀ ਹੈ। ਜਦੋਂ ਸੁਰਜੀਤ ਪਾਤਰ ਨੇ ਇਹ ਕਵਿਤਾ 'ਆਇਆ ਨੰਦ ਕਿਸ਼ੋਰ' ਲਿਖੀ ਸੀ ਤਾਂ ਉਸ ਵਕਤ ਪੰਜਾਬ ਵਿਚ ਵਧ ਰਹੀ ਇਸ ਵੰਨਸਵੰਨਤਾ ਬਾਰੇ ਸੋਚਿਆ ਵੀ ਨਹੀਂ ਸੀ ਜਾ ਸਕਦਾ। ਇਹ ਕੋਈ ਇਕ ਇਕੱਲੇ ਕਾਲਿਜ ਦੀ ਗੱਲ ਨਹੀਂ। ਕਨੇਡਾ ਜਾਣ ਵਾਲੇ ਪੰਜਾਬੀ ਬੱਚਿਆਂ ਦੁਆਰਾ ਖਾਲੀ ਕੀਤੇ ਕਮਰਸ਼ੀਅਲ ਲਾਈਨਾ ਉਪਰ ਚੱਲਣ ਵਾਲੇ ਸਾਰੇ ਪਰਾਈਵੇਟ ਕਾਲਿਜਾਂ ਦਾ ਇਹੋ ਹਾਲ ਹੈ। ਮਾਨਵ ਸਮਾਜਾਂ ਦੀ ਬਣਤਰ ਬਦਲ ਰਹੀ ਹੈ। ਜਟਿਲ ਅਤੇ ਅਨਿਸ਼ਚਤ ਹੁੰਦੀ ਜਾ ਰਹੀ ਹੈ। ਜਦੋਂ ਅਸੀਂ ਆਪਣੇ ਆਪ ਵੱਲ ਦੇਖਦੇ ਹਾਂ, ਤਾਂ ਸਮਝ ਪੈਂਦੀ ਹੈ ਕਿ ਸਾਡੇ ਸਮਾਜ ਅਤੇ ਸਾਡੇ ਪਰਿਵਾਰ ਹੀ ਨਹੀਂ, ਸਾਡੀ ਆਪਣੀ ਨਿੱਜੀ ਜ਼ਿੰਦਗੀ ਵੀ ਹੁਣ ਆਨਲਾਈਨ ਅਤੇ ਆਫਲਾਈਨ ਮਹੌਲ ਵਿਚ ਅਜਿਹੇ ਵਿਲੱਖਣ ਤਰੀਕਿਆ ਨਾਲ ਸੰਗਠਿਤ ਹੋ ਰਹੀ ਹੈ ਜਿਨ੍ਹਾਂ ਬਾਰੇ ਵੀਹ ਸਾਲ ਪਹਿਲਾਂ

ਸੋਚਿਆ ਵੀ ਨਹੀਂ ਸੀ ਜਾ ਸਕਦਾ। ਆਪਾਂ ਦੇਖਿਆ ਕਿ ਪੰਜਾਬ ਦੀ ਮੌਜੂਦਾ ਸਮਾਜ-ਭਾਸ਼ਾਈ ਲੈਂਡਸਕੇਪ ਨੂੰ ਚਾਰ ਫੈਕਟਰ ਕਨਸਟੀਟਿਊਟ ਕਰਦੇ ਹਨ: ਨੰਬਰ ਇਕ ਮੋਬਿਲਟੀ, ਨੰਬਰ ਦੋ ਤਕਨਾਲੋਜੀ, ਨੰਬਰ ਤਿੰਨ ਕੌਂਪਲੈਕਸਟੀ ਅਤੇ ਨੰਬਰ ਚਾਰ ਅਨਪਰਿਡਿਕਟੇਬਿਲਟੀ। ਅਨਪਰਿਡਿਕਟੇਬਿਲਟੀ ਦਾ ਸਿਧਾ ਸਬੰਧ ਖੋਜ ਨਾਲ ਹੈ: ਗਿਆਨ ਨਾਲ ਹੈ। ਇਕ ਅਜਿਹੀ ਸਥਿਤੀ ਜੋ ਸਾਨੂੰ ਪੰਜਾਬੀ ਸਮਾਜ ਬਾਰੇ ਆਪਣੀ ਪਰੰਪਰਾਗਤ ਸੋਚ ਦੇ ਬਦਲਾਵ ਵੱਲ ਧਕੇਲ ਰਹੀ ਹੈ। ਜੋ ਸਾਨੂੰ ਪੰਜਾਬ ਦੀ ਸਮਾਜ-ਭਾਸ਼ਾਈ ਲੈਂਡਸਕੇਪ ਬਾਰੇ ਆਪਣਾ ਗਿਆਨ ਰਿਵਾਈਜ਼ ਅਤੇ ਅਪਡੇਟ ਕਰਨ ਦੀ ਲੋੜ ਵੱਲ ਇਸ਼ਾਰਾ ਕਰਦੀ ਹੈ। ਇਹ ਸਮਾਜ-ਭਾਸ਼ਾਈ ਸੁਪਰਡਾਇਵਰਸਿਟੀ ਦਾ ਪੈਰਾਡਿਗਮੈਟਿਕ ਪ੍ਰਭਾਵ ਹੈ ਜੋ ਸਾਨੂੰ ਪੰਜਾਬੀ ਸਮਾਜਾਂ ਦੇ ਸਥਾਨਕ ਪੱਧਰ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਦੇ ਅਧਿਐਨ ਬਾਰੇ ਆਪਣੀ ਪਹੁੰਚ ਤਬਦੀਲ ਕਰਨ ਦੀ ਲੋੜ ਦ੍ਰਿੜ ਕਰਵਾ ਰਿਹਾ ਹੈ ਕਿ ਅਸੀਂ ਆਪਣੇ ਸੁਪਰਡਾਈਵਰਸ ਅਤੇ ਕੌਂਪਲੈਕਸ ਸਮਾਜਾਂ ਨੂੰ ਕਿਵੇਂ ਦੇਖਦੇ ਪਰਖਦੇ ਅਤੇ ਇਮੈਜਿਨ ਕਰਦੇ ਹਾਂ। ਪੰਜਾਬੀ ਭਾਸ਼ਾ ਮਰ ਨਹੀਂ ਰਹੀ। ਆਪਣੇ ਅੰਦਰ ਨਵੀਆਂ ਸੰਭਾਵਨਾਵਾਂ ਜਗਾ ਕੇ ਆਪਣੇ ਜੀਵੰਤ ਹੋਣ ਦਾ ਪ੍ਰਮਾਣ ਪੇਸ਼ ਕਰ ਰਹੀ ਹੈ।

ਜੇ ਮੈਂ ਆਪਣੀ ਗੱਲ ਬਾਤ ਵਿਚ 'ਕੌਂਪਲੈਕਸ' ਸ਼ਬਦ ਦਾ ਇਸਤੇਮਾਲ ਕਰ ਰਿਹਾ ਹਾਂ, ਤਾਂ ਮੈਂ ਅਜਿਹਾ ਗੁੰਝਲਦਾਰ ਸ਼ਬਦ ਨੂੰ ਮਾਰਨ ਲਈ ਨਹੀਂ ਕਰ ਰਿਹਾ। ਕਿਆਸ ਜਾਂ ਕੌਂਪਲੈਕਸਿਟੀ ਦੇ ਕ੍ਰਾਂਤੀਕਾਰੀ ਸਿਧਾਂਤ ਨਾਲ ਕੁਨੈਕਟ ਕਰਨ ਲਈ ਆਪਣੀ ਭਾਸ਼ਾ ਅੰਦਰ ਇਕ ਨਵੀਂ ਸਪੇਸ ਪੈਦਾ ਕਰ ਰਿਹਾ ਹਾਂ। ਗੁੰਝਲਦਾਰ, ਪੇਚੀਦਾ ਅਤੇ ਜਟਿਲ, ਮੇਰੇ ਸਮਾਜ-ਭਾਸ਼ਾਈ ਚਿਹਨ ਪ੍ਰਬੰਧ ਦੀਆਂ ਤਿੰਨ ਸਿਮਲਟੇਨੀਅਸ ਲੇਅਰਜ਼ ਵੱਲ ਇਸ਼ਾਰਾ ਕਰਦੇ ਹਨ। ਇਨ੍ਹਾਂ ਤਿੰਨੋ ਲੇਅਰਜ਼ ਦੀ ਆਪੋ ਆਪਣੀ ਇਤਿਹਾਸਕਤਾ ਹੈ। ਇਸ ਸਮਾਜ-ਭਾਸ਼ਾਈ ਪਰਵਚਨ ਨੇ ਆਪਣੇ ਅੰਦਰ ਇਕ ਜਗਿਆਸਾ ਜਗਾਈ ਤਾਂ ਮੈਂ ਉਸਦੀ ਪੂਰਤੀ ਹਿਤ ਇਹ ਨਵੀਂ ਲੇਅਰ ਸ਼ਾਮਲ ਕਰ ਦਿੱਤੀ। ਇਹ ਮਹਿਜ਼ ਇਕ ਸ਼ਬਦ ਦੀ ਰੀਪਲੇਸਮੈਂਟ ਨਹੀਂ ਇਕ ਨਵੀਂ ਇਤਿਹਾਸਕਤਾ ਨਾਲ ਸੰਘਰਸ਼ਮਈ ਮਿਲਾਪ ਦਾ ਮੋਮੈਂਟ ਹੈ। ਅਸੀਂ ਭਾਸ਼ਾ ਦੇ ਫਿਸ਼ਮੇਨੀਅਨ ਅਤੇ ਸਾਸੂਰੀਅਨ ਜਗਤ ਨਾਲੋਂ ਇਕ ਬਿਲਕੁਲ ਹੀ ਅੱਡਰੇ ਸੰਸਾਰ ਵਿਚ ਦਾਖਲ ਹੋ ਰਹੇ ਹਾਂ। ਚਿਰਾਂ ਤੋਂ ਸਥਾਪਤ ਧਾਰਨਾਵਾਂ ਹਿਟ ਹੋ ਰਹੀਆਂ ਹਨ। ਸਪੀਚ ਕਮਿਉਨਟੀਜ਼ ਦੀਆਂ ਸਵੈ-ਸਿਰਜਿਤ ਘੇਰਾਬੰਦੀਆਂ ਤਿੜਕ ਰਹੀਆਂ ਹਨ। ਸਿਨਕਕੌਨਿਕ ਸਟਰਕਚਰਜ਼ ਡਾਇਆਕਰੋਨਿਕ ਵਹਾਵਾਂ ਵਿਚ ਤਬਦੀਲ ਹੋ ਰਹੇ ਹਨ। ਭਾਸ਼ਾਈ ਵਿਕਾਸ ਦੀ ਲੀਨੀਅਰ ਧਾਰਨਾ ਹਿੱਲਦੀ ਨਜ਼ਰ ਆ ਰਹੀ ਹੈ। ਇਸਦੇ ਉਲਟ ਭਾਸ਼ਾ ਹੁਣ ਇਕ ਨਿਰੰਤਰ ਤਬਦੀਲੀ ਵਿਚ ਬੱਝੇ ਅਸਥਿਰ, ਅਸਥਾਈ ਅਨਿਸ਼ਚਿਤ, ਖੁੱਲ੍ਹੇ, ਗਤੀਸ਼ੀਲ ਅਤੇ ਜਟਿਲ ਕਿਸਮ ਦੇ ਸੁਪਰਡਾਈਵਰਸ ਸਮਾਜ-ਭਾਸ਼ਾਈ ਪ੍ਰਬੰਧ ਵਜੋਂ ਨਿਖਰ ਕੇ ਸਾਹਮਣੇ ਆ ਰਹੀ ਹੈ।

98761-38523

## ਕਿੱਦਾਂ ਦਾ ਵਕਤ ਹੈ / ਨਰਿੰਦਰ ਪਾਲ ਕੰਗ



ਕਿੱਦਾਂ ਦਾ ਵਕਤ ਹੈ  
ਕਿ ਪੈਰ ਲੱਤਾਂ ਦੇ  
ਆਖੇ ਨਹੀਂ ਲੱਗਦੇ

ਲੱਤਾਂ ਧੜ ਦਾ ਭਾਰ  
ਸਹਿਣ ਨੂੰ ਤਿਆਰ ਨਹੀਂ

ਧੜ ਵੀ ਹੋ ਗਿਆ ਏ  
ਧੌਣ ਸੰਭਾਲਣੋਂ ਇਨਕਾਰੀ

ਤੇ ਧੌਣ ਲਈ ਵੀ  
ਔਖਾ ਹੋ ਗਿਆ ਏਨਾ  
ਸਿਰ ਦਾ ਭਾਰ ਚੁੱਕਣਾ  
ਸਰੀਰ ਦੇ ਸਾਰੇ ਅੰਗ  
ਘਰ ਦੇ ਜੀਆਂ ਵਾਂਗ  
ਇੱਕ ਦੂਜੇ ਤੋਂ  
ਬਾਗੀ ਹੋ ਗਏ ਲੱਗਦੇ ਨੇ

ਸ਼ਾਇਦ ਥੱਕ ਗਏ ਨੇ  
ਜਾਂ ਇੱਕ ਦੂਜੇ ਤੋਂ  
ਅੱਕ ਗਏ ਨੇ

ਕੁਝ ਵੀ  
ਪਤਾ ਨਹੀਂ ਲੱਗਦਾ  
ਸੱਚੀਂ  
ਕਿੱਦਾਂ ਦਾ ਵਕਤ ਹੈ

## ਕਰਣ / ਪੰਜ ਕਵਿਤਾਵਾਂ / ਪਰਵੇਸ਼

**(ਮਹਾਭਾਰਤ ਦਾ ਪਾਤਰ ਕਰਣ ਇਕ ਐਸਾ ਪਾਤਰ ਹੈ ਕਿਸਮਤ ਨੇ ਜਿਸ ਨਾਲ ਅਜੀਬ ਅਜੀਬ ਖੇਡਾਂ ਖੇਡੀਆਂ। ਸ਼ੁਰੂ ਤੋਂ ਹੀ ਇਹ ਪਾਤਰ ਮੇਰੇ ਅੰਦਰ ਧੂਹ ਪਾਉਂਦਾ ਰਿਹਾ ਹੈ ਕਿ ਇਸ ਬਾਰੇ ਕੁਝ ਲਿਖਾਂ)**

### ਇਕ

ਉਹ ਰਾਤ
ਕਿੰਜ ਗੁਜਰੀ ਹੋਵੇਗੀ
ਤੇਰੇ ਤੇ ਕਰਣ

ਜਦੋਂ ਪਹਿਲੀ ਵਾਰ
ਮਾਂ ਕੁੰਤੀ
ਤੇਰੇ ਸ਼ਿਵਿਰ ਵਿਚ ਆਈ ਸੀ

ਪਹਿਲੀ ਵਾਰ ਜਤਾਇਆ ਸੀ
ਹੱਕ ਤੇਰੇ ਉੱਤੇ
ਅਰਜੁਨ ਦੀ ਖੈਰ ਮੰਗੀ ਸੀ
ਮਮਤਾ ਦਾ
ਇਹ ਚੇਹਰਾ ਵੀ ਦੇਖਿਆ

ਤੈਨੂੰ ਵੀ ਲੱਗਿਆ ਹੋਵੇਗਾ
ਕਿ ਮਾਂ ਕਿੰਨੀ ਸਵਾਰਥੀ ਹੈ
ਪਰ ਮਾਵਾਂ ਸਵਾਰਥੀ ਨਹੀਂ ਹੁੰਦੀਆਂ

ਅਸੀਂ ਸਭ
ਪ੍ਰਸਥਿਤੀਆਂ ਦੇ
ਚੱਕਰਵਿਊ 'ਚ ਫਸੇ ਹਾਂ
ਮੇਰੇ ਮਿੱਤਰ ਰਾਧੇ.....

### ਦੋ

ਭਾਵੇਂ ਪੱਗਵੱਟ ਯਾਰ ਸੀ
ਦੁਰਯੋਧਨ ਤੇਰਾ
ਪਰ ਸੱਚ ਜਾਣੀ ਮਿੱਤਰ
ਯਾਰੀ ਨੂੰ ਵਰਤਿਆ
ਇਕ ਹਥਿਆਰ ਦੀ ਤਰਾਂ ਹੀ

ਤੂੰ ਭੋਲਾ ਸੀ
ਉਸਦੇ ਅਹਿਸਾਨਾਂ ਦਾ ਬੱਝਾ
ਦੇਖਕੇ ਅਣਡਿੱਠ ਕਰਦਾ ਰਿਹਾ

ਇਕ ਸੀ ਜੋ ਤੇਰੇ
ਲੁਕਵੇਂ ਹੰਝੂ ਜਾਣਦਾ ਸੀ

ਉਹ ਸੀ,
ਤੇਰਾ ਪਿਤਾ ਸੂਰਜ।

### ਤਿੰਨ

ਦੁਰਯੋਧਨ ਦੀ ਭੈਣ ਦੁਸ਼ਾਲਾ
ਚਾਹੁੰਦੀ ਰਹੀ ਤੈਨੂੰ ਮਨ ਹੀ ਮਨ
ਪਰ ਭਾਫ਼ ਨਹੀਂ ਕੱਢੀ
ਪਤਾ ਤਾਂ ਤੈਨੂੰ ਵੀ
ਹੋਵੇਗਾ ਮੇਰੇ ਮਿੱਤਰ

ਇੱਕ ਤਰਫਾ ਪਿਆਰ
ਕਿੰਨਾ ਮਾਰੂ ਹੁੰਦਾ
ਪਰ ਇਹ ਇਕ ਤਰਫ਼ਾ ਨਹੀਂ ਸੀ
ਸੇਕ ਤਾਂ ਤੇਰੇ
ਦਿਲ ਨੂੰ ਵੀ ਲੱਗਾ ਸੀ

ਪਰ ਮਰਯਾਦਾ
ਦੀਆਂ ਬੇੜੀਆਂ ਨੇ
ਜਕੜ ਰੱਖੇ ਸਨ ਤੇਰੇ ਪੈਰ
ਮੈਂ ਤੇਰੇ ਦਿਲ ਦਾ
ਦਰਦ ਜਾਣਦਾ ਹਾਂ ਕਰਣ।

### ਚਾਰ

ਗੁਰੂ ਪਰਸ਼ੂ ਰਾਮ ਦਾ ਸਰਾਪ
ਪਾਣੀ ਫੇਰ ਗਿਆ
ਤੇਰੀ ਸਾਰੀ ਉਮਰ ਦੀ
ਕੀਤੀ ਕਰਾਈ ਤੇ

ਰੱਥ ਦਾ ਪਹੀਆ
ਕੱਢਣ ਵੇਲੇ
ਤੇਰੇ ਤੇ ਕੀ ਬੀਤੀ ਹੋਵੇਗੀ



ਕੁੰਤੀ ਪੁੱਤਰ !
ਗੁਰੂ ਵਿਚ ਗਰੂਰਤਾ
ਤਾਂ ਹੁੰਦੀ ਹੈ
ਗੁਰੂ ਨਾਲੋਂ ਵੱਡਾ
ਉਸਦਾ ਹੰਕਾਰ ਹੁੰਦਾ ਹੈ

ਏਕਲਵਯਾ ਦਾ
ਅੰਗੂਠਾ ਮੰਗ ਕੇ
ਗੁਰੂ ਦਰੋਣਾਚਾਰੀਆ ਨੇ
ਉਸਨੂੰ ਨਿਹੱਥਾ ਕੀਤਾ
ਏਕਲਵਯਾ ਭੀਲ ਪੁੱਤਰ ਜੁ ਸੀ

ਤਾਂ ਹੀ ਤਾਂ
ਸਾਰੀ ਉਮਰ ਤੂੰ
ਸੂਦ ਪੁੱਤਰ ਰਿਹਾ
ਕੌਂਤੇਯ !

### ਪੰਜ

ਯਾਰ ਦੀ ਯਾਰੀ
ਮਗਰ ਜਾਈਏ
ਉਹਦੇ ਐਬਾਂ ਮਗਰ ਨਹੀਂ

ਸੱਚ ਕਰ ਦਿਖਾਇਆ
ਦਾਨਵੀਰ ਕਰਣ !
....

## ਗਲਤ ਮਲਤ ਜ਼ਿੰਦਗੀ / ਪਰਗਟ ਸਿੰਘ ਸਤੌਜ

ਮੌਸਮ ਹੁੰਮਸ ਭਰਿਆ ਹੈ, ਐ...ਨ ਤੂਫ਼ਾਨ ਆਉਣ ਤੋਂ ਪਹਿਲਾਂ ਵਰਗੀ ਸ਼ਾਂਤੀ। ਪਰ ਮੈਂ ਉਸਦੇ ਘਰ ਅੱਜ ਤੂਫ਼ਾਨ ਜ਼ਰੂਰ ਲਿਆ ਦੇਣਾ ਹੈ। ਉਸ ਨੇ ਮੈਨੂੰ ਸਮਝਿਆ ਕੀ ਹੈ? ਮੈਂ ਐਨਾ ਵੀ ਗਿਆ-ਗੁਜ਼ਰਿਆ ਨਹੀਂ ਹੋਇਆ ਕਿ ਆਪਣਾ ਹੱਕ ਖੁਹਾ ਕੇ ਅਜੇ ਵੀ ਚੁੱਪ ਬੈਠਾ ਰਹਾਂਗਾ। ਮੈਂ ਵੀ ਉਸਨੂੰ ਅੱਜ ਦਿਖਾ ਦੇਣੈ, ਜੇ ਤੂੰ ਮੇਰੇ ਨਾਲ ਐਨੀਆਂ ਕਰ ਸਕਦੈ ਤਾਂ ਬਾਣੀਏ ਦੇ ਮੈਂ ਵੀ ਨਹੀਂ ਜੰਮਿਆ। ਧਿਆ ਲੈ ਅੱਜ ਜਿਹੜੇ ਭਗਵਾਨ ਨੂੰ ਧਿਆਉਣੈ....! ਮੰਨ ਲੈ ਜਿਹੜੀਆਂ ਮਨੌਤਾਂ ਮੰਨਣੀਆਂ ਨੇ....!

''ਮੈਂ ਕਿਹਾ ਸੁਣ ਲਓ! ਮੈਂ ਕਦੋਂ ਦੀ ਬੋਲ ਮਾਰੀ ਜਾਨੀ ਆਂ।'' ਮੇਰੀ ਪਤਨੀ ਰਸੋਈ 'ਚ ਰੋਟੀਆਂ ਲਾਹੁੰਦੀ ਹਟ ਕੇ ਮੇਰੇ ਸਿਰ 'ਤੇ ਆ ਖੜੀ ਹੈ। ਮੈਂ ਤ੍ਰਬਕ ਕੇ ਉਸ ਵੱਲ ਵੇਖਦਾ ਹਾਂ ਜਿਵੇਂ ਕਈ ਸਾਲਾਂ ਤੋਂ ਵਿਛੜੀ ਨੂੰ ਮਸਾਂ ਮਸਾਂ ਪਹਿਚਾਣ ਰਿਹਾ ਹੋਵਾਂ।

''ਬਾਹਰ ਮੁੰਡਾ ਰੋਈ ਜਾਂਦੈ ਉਹਨੂੰ ਦੇਖ ਲੋ ਜਾ ਕੇ, ਮੈਂ ਰੋਟੀਆਂ ਲੱਗ ਰਹੀ ਆਂ।'' ਪਤਨੀ ਮੇਰੇ ਵੱਲ ਵੱਖਰੀ ਜਿਹੀ ਤਰ੍ਹਾਂ ਵੇਖਦੀ ਮੁੜ ਰਸੋਈ ਵਿੱਚ ਜਾ ਵੜਦੀ ਹੈ।

ਮੈਂ ਬਾਹਰੋਂ ਆਪਣੇ ਤਿੰਨ ਸਾਲ ਦੇ ਮੁੰਡੇ ਨੂੰ ਚੁੱਕ ਅੰਦਰ ਕਮਰੇ ਵਿੱਚ ਆ ਗਿਆ ਹਾਂ। ਥੋੜ੍ਹੀ ਦੇਰ ਬਾਅਦ ਪਤਨੀ ਗਿੱਲੇ ਹੱਥ ਤੌਲੀਏ ਨਾਲ ਪੂੰਝਦੀ ਅੰਦਰ ਆ ਜਾਂਦੀ ਹੈ।

''ਥੋਡੀ ਝਾਕਣੀ ਅੱਜ ਕਿਮੇਂ ਓਪਰੀ ਓਪਰੀ ਜੀ ਲੱਗ ਰਹੀ ਐ?'' ਪਤਨੀ ਮੇਰੀਆਂ ਅੱਖਾਂ ਵਿੱਚ ਵੇਖਦੀ, ਮੇਰੀ ਅੰਦਰਲੀ ਉਥਲ-ਪੁਥਲ ਨੂੰ ਫੜਨ ਦੀ ਕੋਸ਼ਿਸ਼ ਕਰਦੀ ਹੈ।

''ਨਾਂਹ ਤੈਨੂੰ ਉਈਂ ਵਹਿਮ ਐ।'' ਮੈਂ ਆਪਣੇ ਆਲੇ-ਦੁਆਲੇ ਝੂਠ ਦੀ ਦੀਵਾਰ ਚਿਣਦਾ ਹਾਂ ਤਾਂ ਕਿ ਉਹ ਮੇਰੇ ਅੰਦਰ ਪ੍ਰਵੇਸ਼ ਨਾ ਕਰ ਜਾਵੇ।

''ਰੋਟੀ ਲਿਆਮਾਂ?'' ਪਤਨੀ ਪੁੱਛਦੀ ਹੈ।

''ਹੈਂ! ਹਾਂ....।'' ਮੈਂ ਆਪਣੇ ਅੰਦਰਲੇ ਸਮੁੰਦਰ 'ਚ ਤਿਲਕਦਾ ਤਿਲਕਦਾ ਮੁੜ ਪਰਤ ਕੇ ਉਸ ਨੂੰ 'ਹਾਂ' ਕਰ ਦਿੰਦਾ ਹਾਂ ਤੇ ਮੁੜ ਉਸੇ ਸਮੁੰਦਰ ਵਿੱਚ ਟੁੱਭੀ ਮਾਰ ਜਾਂਦਾ ਹਾਂ।

--0--

'ਕਦੇ ਮਾਂ ਵੀ ਐਨੀ ਨਿਰਮੋਹੀ ਬਣ ਜਾਵੇਗੀ?' ਮੈਂ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਪਰ ਜੇ ਕਦੇ ਇਹ ਸੱਚ ਹੋ ਜਾਵੇ ਤਾਂ....? ਤਾਂ ਬੰਦੇ ਅੰਦਰ ਅਜਿਹੇ ਝੱਖੜ ਝੁਲਦੇ ਹਨ ਕਿ ਜਿੱਥੋਂ ਦੀ ਇਹ ਲੰਘ ਜਾਣ ਸਭ ਕੁਝ ਪਲਾਂ ਵਿੱਚ ਤਹਿਸ-ਨਹਿਸ!

ਮਾਂ ਨੂੰ ਤਾਂ ਮੈਂ ਦੂਜਾ ਨਹੀਂ ਪਹਿਲਾ ਰੱਬ ਮੰਨਦਾ ਸੀ। ਫੇਰ ਉਸ ਨੂੰ ਕੀ ਮਜਬੂਰੀ ਆ ਪਈ ਸੀ ਕਿ ਉਸ ਨੇ ਮੇਰਾ ਮਾਸ ਵੱਢ ਕੇ ਦੂਜੇ ਨੂੰ ਖਵਾ ਦਿੱਤਾ? ਜਦ ਮੈਨੂੰ ਪਤਾ ਲੱਗਿਆ ਤਾਂ ਮੈਂ ਜਿਉਂਦਾ ਹੀ ਮਰ ਗਿਆ ਸੀ। ਮਾਂ ਨੇ ਮਾਰ ਦਿੱਤਾ ਸੀ। ਮਾਂ ਨੇ ਆਪਣੇ ਹਿੱਸੇ ਦੀ ਸਾਰੀ ਜ਼ਮੀਨ ਵੱਡੇ ਦੇ ਨਾਮ ਲਗਵਾ ਦਿੱਤੀ। ਮੈਂ ਰਿਸ਼ਤੇਦਾਰ ਵੀ ਵਥੇਰੇ ਬੁਲਾਏ ਪਰ ਉਸ ਨੇ ਕਿਸੇ ਦੀ ਨਾ ਮੰਨੀ। ਉਲਟਾ ਮੇਰਾ ਭਰਾ ਮੈਨੂੰ ਮਾਰਨ ਆਇਆ।



ਪਤਨੀ ਨੇ ਤਾਂ ਮੈਨੂੰ ਪਹਿਲਾਂ ਵਥੇਰਾ ਸਮਝਾਇਆ ਸੀ, ''ਇਹ ਕਾਲ਼ਾ ਨਾਗ ਐ, ਕਾਲ਼ਾ ਨਾਗ! ਇਹਨੂੰ ਦੁੱਧ ਨਾ ਪਿਲਾ, ਇੱਕ ਦਿਨ ਤੈਨੂੰ ਈ ਡੰਗੂ।''

''ਲੈ ਹੈਂ ਬੋਲ਼ੀ! ਖ਼ੂਨ ਦੇ ਰਿਸ਼ਤੇ ਐਂ ਕਦੇ ਟੁੱਟਦੇ ਨੇ।'' ਮੈਨੂੰ ਉਸਦੀਆਂ ਗੱਲਾਂ ਭੈੜੀਆਂ ਲਗਦੀਆਂ।

''ਤੂੰ ਤਾਂ ਸਤਜੁਗ ਦੀਆਂ ਗੱਲਾਂ ਕਰਦੈਂ। ਹੁਣ ਪਹਿਲਾਂ ਦੇ ਸਮੇਂ ਆਲ਼ਾ ਖ਼ੂਨ ਨੀ ਰਿਹਾ।'' ਉਹ ਸਮਾਜ ਦੇ ਅਜੋਕੇ ਸੱਚ ਦਾ ਸ਼ੀਸ਼ਾ ਮੈਨੂੰ ਦਿਖਾਉਣ ਦੀ ਕੋਸ਼ਿਸ਼ ਕਰਦੀ ਪਰ ਮੈਂ ਅੱਖਾਂ ਮੀਟ ਲੈਂਦਾ।

ਪਰ ਜਦ ਜ਼ਮੀਨ ਵੱਡੇ ਦੇ ਨਾਂ ਲੱਗ ਗਈ ਤਾਂ ਮੇਰੀਆਂ ਅੱਖਾਂ, ਮੂੰਹ, ਕੰਨ ਸਭ ਕੁਝ ਖੁੱਲ੍ਹ ਗਿਆ, ਮੁੜ ਬੰਦ ਨਾ ਹੋਇਆ।

ਮੈਨੂੰ ਪਿਛਲੇ ਸਮੇਂ ਦੌਰਾਨ ਉਨ੍ਹਾਂ ਵੱਲੋਂ ਮੇਰੇ ਨਾਲ ਕੀਤੀਆਂ ਵਧੀਕੀਆਂ ਇਸ ਅਣਹੋਣੀ ਲਈ ਉਨ੍ਹਾਂ ਦਾ ਅਭਿਆਸ ਲੱਗੀਆਂ। ਜੇ ਮੈਂ ਪਹਿਲਾਂ ਹੀ ਸੁਚੇਤ ਹੋ ਜਾਂਦਾ ਤਾਂ....!

ਪਹਿਲੀ ਵਾਰ ਵੱਡੇ ਨੇ ਮੇਰੇ ਨਾਲ ਓਦੋਂ ਕੀਤੀ ਜਦ ਮੈਂ ਕਿਸੇ ਦੋਸਤ ਕੋਲ ਤਿੰਨ-ਚਾਰ ਦਿਨਾਂ ਲਈ ਬਾਹਰ ਗਿਆ ਸੀ। ਮੈਨੂੰ ਪਿੰਡੋਂ ਮਾਮੇ ਦਾ ਫੋਨ ਆਇਆ, ''ਮੱਖਣ ਅੱਡ ਹੁੰਦੈ। ਕਹਿੰਦੈ, ਪਿਆ ਹੋਇਆ ਘਰ ਮੈਂ ਲੈਣੈ। ਹੁਣ ਕਿਮੇਂ ਕਰੀਏ?''

''ਮਾਮਾ ਜੀ ਅਜੇ ਉਸ ਨੂੰ ਅੱਡ ਹੋਣ ਨੂੰ ਕੀ ਹੋਇਆ ਸੀ? ਤਿੰਨ ਮਹੀਨੇ ਤਾਂ ਵਿਆਹ ਨੂੰ ਹੋਏ ਨੇ।''

''ਅਸੀਂ ਤਾਂ ਬਥੇਰਾ ਸਮਝਾ ਕੇ ਦੇਖ ਲਿਆ, ਮੰਨਦਾ ਤਾਂ ਹੈ ਨੀ ਕਿਸੇ ਦੀ।''

''ਚਲ ਐਂ ਕਰੋ ਫੇਰ, ਜੇ ਨਹੀਂ ਮੰਨਦਾ ਤਾਂ ਜਿਹੜਾ ਘਰ ਕਹਿੰਦੈ ਦੇ ਦੋ।'' ਮੈਂ ਬਹੁਤਾ ਬਖੇੜੇ ਵਿੱਚ ਪੈਣਾ ਠੀਕ ਨਾ ਸਮਝਿਆ।

ਜਦ ਮੈਂ ਵਾਪਸ ਪਿੰਡ ਆਇਆ ਤਾਂ ਮਾਂ-ਬਾਪ ਨਾਲ ਮੇਰਾ ਸਮਾਨ ਤੂੜੀ ਵਾਲੇ ਕਮਰੇ ਵਿੱਚ ਪਿਆ ਸੀ। ਫੇਰ ਕਿੰਨੇ ਸਮੇਂ ਵਿੱਚ ਹੌਲੀ ਹੌਲੀ ਮੈਂ ਉਸਨੂੰ ਬੈਠਣ ਜੋਕਰਾ ਕੀਤਾ।

''ਲਓ ਜੀ ਰੋਟੀ।''

''.....।''

''ਰੋਟੀ....! ਕਿੱਥੇ ਖੋਹ ਗਏ?'' ਪਤਨੀ ਨੇ ਮੁਸਕਰਾਉਦਿਆਂ ਕਿਹਾ। ਉਸਦੀ ਮੁਸਕਰਾਹਟ ਪਿੱਛੇ ਛੁਪਿਆ ਵਿਅੰਗ ਮੈਨੂੰ ਪ੍ਰਤੱਖ ਦਿਸ ਗਿਆ।

ਮੈਂ ਰੋਟੀ ਖਾਣ ਲੱਗ ਪਿਆ। ਉਹ ਪਤਾ ਨਹੀਂ ਕੀ ਬੋਲਦੀ ਗਈ। ਮੈਨੂੰ ਉਸਦੀ ਕੋਈ ਗੱਲ ਸਮਝ ਨਾ ਆਈ। ਮੈਂ ਬੱਸ ਓਪਰੀ ਜਿਹੀ 'ਹਾਂ-ਹੂੰ' ਕਰਦਾ ਰਿਹਾ। ਮੇਰੇ ਮਨ 'ਚ ਤਾਂ ਉਸਦੀ ਇੱਕੋ ਗੱਲ, ਗੁਲ ਮੇਖ ਵਾਂਗ ਗੱਡੀ ਪਈ ਹੈ, ''ਤੂੰ ਬੰਦਾ ਬਣਾਇਐਂ ਕਿਸੇ ਨੇ। ਤੂੰ ਤਾਂ ਨਾਮਰਦ ਐਂ, ਨਾਮਰਦ! ਸ਼ਰੀਕ ਚਾਹੇ ਤੇਰੇ ਸਿਰ 'ਤੇ ਹੱਗ ਜਾਣ। ਤੈਨੂੰ ਫੇਰ ਵੀ ਸੁਰਤ ਨੀ ਆਉਦੀ। ਹੁਣ ਜਦੋਂ ਓਹੋ ਆਪਣੇ ਹਿੱਸੇ ਦੀ ਜ਼ਮੀਨ ਵੀ ਲੈ ਗਿਆ ਫੇਰ ਏਦੂੰ ਉੱਤੇ ਕੀ ਹੋਊ? ਹੁਣ ਆਪ ਤਾਂ ਮਰੇ ਈ ਪਏ ਆਂ, ਸ਼ਰੀਕ ਤਾਂ ਨਾ ਸਿਰ ਉੱਚਾ ਚੱਕ ਕੇ ਤੁਰ ਲੇ ਪਰ ਤੇਰੇ 'ਤੇ ਮਿੱਟੀ ਦੀ ਢੇਰੀ 'ਤੇ ਕੀ ਅਸਰ ਐ ਇਨ੍ਹਾਂ ਗੱਲਾਂ ਦਾ।''

ਜਦੋਂ ਦੀ ਪਤਨੀ ਨੇ ਇਹ ਗੱਲ ਕਹੀ ਹੈ ਓਦੋਂ ਦੇ ਮੇਰੇ ਅੰਦਰ ਭਾਂਬੜ ਮੱਚਣ ਲੱਗ ਪਏ ਹਨ। ਕ੍ਰੋਧ ਦਾ ਗੋਲ਼ਾ ਮੇਰੇ ਸਿਰ ਨੂੰ ਚੜ੍ਹਨ ਲੱਗਿਆ ਹੈ। ਜੀਅ ਕਰਨ ਲਗਦਾ ਹੈ, ਬੰਬ ਵਾਂਗ ਫਟ ਜਾਵਾਂ। ਆਪ ਤਬਾਹ ਹੋ ਜਾਵਾਂ ਅਤੇ ਆਪਣੇ ਆਲੇ-ਦੁਆਲੇ ਦਾ ਸਭ ਕੁਝ ਤਹਿਸ-ਨਹਿਸ ਕਰ ਦੇਵਾਂ। ਮੈਂ ਆਪਣੀ ਪਤਨੀ ਸਾਹਮਣੇ ਨੀਵਾਂ ਨਹੀਂ ਹੋਣਾ ਚਾਹੁੰਦਾ। ਮੈਂ ਤਾਂ ਹਰ ਬਾਰੀ ਲੰਬੀ ਸੋਚਦਾ ਚੁੱਪ ਕਰਦਾ ਰਿਹਾ ਸੀ ਪਰ ਮੇਰੀ ਇਸੇ ਸੋਚ ਨੇ ਮੈਨੂੰ ਮੇਰੀ ਪਤਨੀ ਅੱਗੇ ਨਾਮਰਦ ਬਣਾ ਦਿੱਤਾ। ਡਰਪੋਕ ਤੇ ਕਮਜ਼ੋਰ। ਹੁਣ ਮੈਂ ਉਸ ਨੂੰ ਵਿਖਾ ਦੇਣਾ ਹੈ, ਤੇਰਾ ਸੁੱਖਾ ਕਮਜ਼ੋਰ ਨਹੀਂ। ਮੈਂ ਆਪਣੀ ਮਰਦਾਨਗੀ ਦੇ ਡਿੱਗ ਰਹੇ ਮੀਨਾਰ ਨੂੰ ਉਸਦੀਆਂ ਅੱਖਾਂ ਅੱਗੇ ਮੁੜ ਉਸਾਰਾਂਗਾ। ਅੱਜ ਤੋਂ ਬਾਅਦ ਉਹ ਮੈਨੂੰ ਕਦੇ ਨਹੀਂ ਕਹੇਗੀ, ''ਤੇਰੇ 'ਚ ਤਾਂ ਭੋਰਾ ਅਣਖ ਨੀ ਹੈ।''

'ਮੇਰੇ 'ਚ ਅਣਖ ਹੈ ਰਾਜੀ। ਕੱਲ੍ਹ ਦਾ ਸੂਰਜ ਤੇਰੇ ਸੁੱਖੇ ਦੀ ਅਣਖ ਦੀ ਗਵਾਹੀ ਲੈ ਕੇ ਚੜ੍ਹੇਗਾ। ਤੂੰ ਦੇਖਦੀ ਜਾਈਂ।' ਮੇਰਾ ਅੰਦਰ ਬੋਲਦਾ ਹੈ।

ਪਤਨੀ ਭਾਂਡੇ ਮਾਂਜ ਕੇ ਮੰਜੇ ਉੱਤੇ ਆ ਬੈਠੀ ਹੈ। ਮੈਂ ਆਉਣ ਵਾਲੇ ਸਮੇਂ ਬਾਰੇ ਉਸ ਦਾ ਮਨ ਪੜ੍ਹਨ ਲਈ ਗੱਲ ਤੋਰਦਾ ਹਾਂ, ''ਜੇ ਮੈਂ ਮਰਜਾਂ ਫੇਰ ਤੂੰ ਕੀ ਕਰੇਂਗੀ?''

''ਲੈ....! ਇਹੋ ਜੀਆਂ ਗੱਲਾਂ ਕਿਉ ਕਰਦੈਂ। ਮਰਨ ਤੇਰੇ ਦੁਸ਼ਮਣ।'' ਪਤਨੀ ਦੇ ਇਸ ਜਵਾਬ 'ਤੇ ਮੈਨੂੰ ਲਗਦਾ ਹੈ ਜਿਵੇਂ ਮੈਂ ਗੱਲ ਬਹੁਤੀ ਕਰੜੀ ਪੁੱਛ ਗਿਆ ਹੋਵਾਂ। ਫਿਰ ਮੈਂ ਗੱਲ ਨੂੰ ਹੋਰ ਨਰਮ ਕਰ ਕੇ ਦੁਹਰਾਉਦਾ ਹਾਂ, ''ਜੇ ਮੈਂ ਕਈ ਸਾਲਾਂ ਲਈ ਬਾਹਰ ਬਗਜਾਂ, ਘਰ ਨੂੰ ਤੂੰ 'ਕੱਲੀ ਸਾਂਭਲੇਂ?'' ਮੇਰੀਆਂ ਅੱਖਾਂ ਅੱਗੇ ਜੇਲ੍ਹ ਦਿਸ ਰਹੀ ਸੀ।

''ਬਾਹਰ ਕਿੱਥੇ?'' ਉਹ ਮੇਰੀਆਂ ਬਿਨਾਂ ਸਿਰੋਂ-ਪੈਰੋਂ ਗੱਲਾਂ 'ਤੇ ਹੈਰਾਨ ਹੁੰਦੀ ਹੈ।

''ਨਾਹ, ਮੰਨ ਲਓ ਜੇ ਮੈਂ ਬਗਜਾਂ?''

''ਮੈਨੂੰ ਨੀ ਤੇਰੀ ਕੋਈ ਸਮਝ ਆਉਦੀ।'' ਉਹ ਨਰਾਜਗੀ ਜਿਹੀ ਵਿਖਾਉਦੀ ਪਾਸਾ ਵੱਟ ਜਾਂਦੀ ਹੈ ਜਿਵੇਂ ਮੈਨੂੰ ਵੇਖ ਕੇ ਆਪਣੇ ਮਨ ਦਾ ਬੂਹਾ ਭੇੜ ਲਿਆ ਹੋਵੇ। ਉਸ ਨੇ ਮੈਨੂੰ ਆਪਣਾ ਮਨ ਪੜ੍ਹਨ ਤੋਂ ਪਹਿਲਾਂ ਹੀ ਦਰਾਂ ਵਿੱਚੋਂ ਵਾਪਸ ਮੋੜ ਦਿੱਤਾ।

ਹੁਣ ਮੈਂ ਉਸਦੇ ਸੌਂ ਜਾਣ ਦਾ ਇੰਤਜ਼ਾਰ ਕਰਦਾ ਹਾਂ। ਉਹ ਮੇਰੇ ਨਾਲ ਕੁਝ ਦੇਰ ਗੱਲਾਂ ਕਰਦੀ ਹੈ ਤੇ ਫਿਰ ਮੁੰਡੇ ਨੂੰ ਦੁੱਧ ਦੇ ਕੇ ਸੌਂ ਜਾਂਦੀ ਹੈ। ਮੈਨੂੰ ਉਸ ਸਮੇਂ ਦੀ ਏਨੀ ਬੇਸਬਰੀ ਹੋ ਰਹੀ ਹੈ ਕਿ ਮੈਂ ਬੀਤ ਰਹੇ ਇਕੱਲੇ ਇਕੱਲੇ ਮਿੰਟ ਨੂੰ ਗਿਣ ਰਿਹਾ ਹਾਂ। ਸਮਾਂ ਕੀੜੀ ਦੀ ਚਾਲ ਤੁਰਦਾ ਮਸਾਂ ਬਾਰਾਂ 'ਤੇ ਪਹੁੰਚਿਆ ਹੈ। ਮੈਂ ਮੱਲਕ ਦੇਣੇ ਚੱਪਲਾਂ ਪਾਉਦਾ ਹਾਂ ਤੇ ਅੰਦਰ ਆ ਜਾਂਦਾ ਹਾਂ। ਅਲਮਾਰੀ ਓਹਲਿਓਂ ਕਿਰਚ ਚੁੱਕ ਲਈ ਹੈ। ਉਸ ਨੂੰ ਉਲਟਾ-ਪੁਲਟਾ ਕੇ ਕਿਸੇ ਕੀਮਤੀ ਸ਼ੈਅ ਵਾਂਗ ਨਿਹਾਰਦਾ ਹਾਂ ਤੇ ਫਿਰ ਡੱਬ ਵਿੱਚ ਦੇ ਲੈਂਦਾ ਹਾਂ। ਅਲਮਾਰੀ ਕੋਲੋਂ ਗੁਜ਼ਰਨ ਲਗਦਾ ਹਾਂ ਤਾਂ ਮੈਨੂੰ ਆਦਮ ਕੱਦ ਸ਼ੀਸ਼ੇ ਵਿੱਚੋਂ ਅਪਣਾ ਚਿਹਰਾ ਨਜ਼ਰ ਆਉਦਾ ਹੈ। ਇੱਕ ਪਲ ਰੁਕ ਕੇ ਮੈਂ ਸ਼ੀਸ਼ੇ ਵਿੱਚ ਆਪਣਾ ਚਿਹਰਾ ਨਿਹਾਰਦਾ ਹਾਂ। ਮੈਨੂੰ ਆਪਣਾ ਚਿਹਰਾ ਹੀ ਆਪਣਾ ਨਹੀਂ ਲਗਦਾ। ਮੈਂ ਹੋਰ ਨੇੜੇ ਹੁੰਦਾ ਹਾਂ ਤਾਂ ਮੱਥੇ ਵਿੱਚ ਪਿਆ ਟੱਕ ਦਾ ਪੱਕਾ ਨਿਸ਼ਾਨ ਮੈਨੂੰ ਯਕੀਨ ਦਵਾ ਜਾਂਦਾ ਹੈ ਕਿ ਤੂੰ ਸੁੱਖਾ ਹੀ ਹੈ। ਮੈਂ ਨਿਸ਼ਾਨ ਉੱਪਰ ਹੱਥ ਫੇਰਦਾ ਹਾਂ ਜਿਵੇਂ ਉਹ ਦੁਬਾਰਾ ਤਾਜਾ ਹੋ ਗਿਆ ਹੋਵੇ ਤੇ ਉਸ ਵਿੱਚੋਂ ਲਹੂ ਸਿੰਮ ਸਿੰਮ ਮੇਰੇ ਮੂੰਹ ਉੱਤੇ ਘਰਾਲਾਂ ਚੱਲ ਪਈਆਂ ਹੋਣ।

ਉਸ ਦਿਨ ਵੀ ਇਸੇ ਤਰ੍ਹਾਂ ਘਰਾਲਾਂ ਚੱਲੀਆਂ ਸਨ ਜਦ ਕੰਧ ਦੀ ਲੜਾਈ ਪਿੱਛੇ ਵੱਡਾ ਮੇਰੇ ਸੁੱਤੇ ਪਏ ਦੇ ਸਿਰ ਵਿੱਚ ਗੰਡਾਸਾ ਮਾਰ ਗਿਆ ਸੀ। ਉਹ ਆਇਆ ਤਾਂ ਮੈਨੂੰ ਮਾਰਨ ਦੇ ਇਰਾਦੇ ਨਾਲ ਹੀ ਸੀ ਪਰ ਨਿਸ਼ਾਨਾ ਗ਼ਲਤ ਲੱਗਣ ਕਾਰਨ ਮੈਂ ਛੇਤੀ ਨਾਲ ਉੱਠ ਕੇ ਪਰ੍ਹਾਂ ਹੋ ਗਿਆ। ਉਹ ਉਹਨੀਂ ਪੈਰੀਂ ਵਾਪਸ ਦੌੜ ਗਿਆ ਸੀ।

ਇਹ ਨਿਸ਼ਾਨ ਵੇਖ ਕੇ ਮੇਰਾ ਕਰੋਧ ਹੋਰ ਉਬਾਲੀ ਖਾ ਗਿਆ ਹੈ। ਮੈਂ ਬਾਹਰ ਨਿਕਲਦਾ ਹਾਂ। ਰਾਜੀ ਅਤੇ ਜੋਨੀ ਸੁੱਤੇ ਪਏ ਹਨ। ਮੈਂ ਉਹਨਾਂ ਦੇ ਸਿਰਹਾਣੇ ਜਾ ਖੜ੍ਹਿਆ ਹਾਂ। ਜੋਨੀ ਸੁੱਤਾ ਪਿਆ ਹੱਸ ਰਿਹਾ ਹੈ। ਮੈਨੂੰ ਉਸਦੇ ਭੋਲ਼ੇ ਚਿਹਰੇ 'ਤੇ ਤਰਸ ਆਉਦਾ ਹੈ। ਫਿਰ ਉਸਦਾ ਹੱਸਦਾ ਚਿਹਰਾ ਮੈਨੂੰ ਰੋਂਦਾ ਮਹਿਸੂਸ ਹੁੰਦਾ ਹੈ। ਉਸਦੇ ਪਾਟੇ, ਮੈਲੇ-ਕੁਚੈਲੇ ਕੱਪੜੇ ਹਨ। ਰਾਜੀ ਦਾ ਵੀ ਇਹੀ ਹਾਲ ਹੈ। ਖਿੱਲਰੇ ਵਾਲ, ਟੁੱਟੀਆਂ ਚੱਪਲਾਂ, ਪੈਰਾਂ 'ਚ ਮੋਟੀਆਂ ਮੋਟੀਆਂ ਬਿਆਈਆਂ। ਚਿਹਰੇ 'ਤੇ ਬਿਆਈਆਂ ਜਿੰਨੀਆਂ ਕਰੂਰ ਝੁਰੜੀਆਂ ਜਿਵੇਂ ਕੋਈ ਭਿਖਾਰਨ ਹੋਵੇ। ਉਹ ਦੋਵੇਂ ਬਾਰ ਵਿੱਚ ਖੜ੍ਹੇ ਮੇਰਾ ਇੰਤਜ਼ਾਰ ਕਰ ਰਹੇ ਹਨ ਪਰ ਮੈਂ ਨਹੀਂ ਆਉਦਾ। ਜਦ ਮੈਂ ਵਾਪਸ ਪਰਤਦਾ ਹਾਂ ਓਦੋਂ ਤੱਕ ਉਹ ਖੜ੍ਹੇ ਖੜ੍ਹੇ ਹੀ ਪੱਥਰ ਦੇ ਬੁੱਤਾਂ ਵਿੱਚ

ਬਦਲ ਜਾਂਦੇ ਹਨ।

ਰਾਜੀ ਪਾਸਾ ਪਰਤਦੀ ਮੈਨੂੰ ਵਹਿਣਾਂ ਵਿੱਚੋਂ ਬਾਹਰ ਕੱਢ ਲੈਂਦੀ ਹੈ। ਮੈਂ ਜੋਨੀ ਦਾ ਇੱਕ ਵਾਰ ਮੂੰਹ ਚੁੰਮਦਾ ਹਾਂ ਤੇ ਕਿਰਚ ਨੂੰ ਸੰਭਾਲਦਾ ਬਾਹਰ ਨਿਕਲ ਜਾਂਦਾ ਹਾਂ।

ਬਾਹਰ ਫਿਰਨੀ 'ਤੇ ਆਉਂਦਾ ਹਾਂ ਤਾਂ ਅਮਰੂ ਬਾਬੇ ਦੇ ਘਰ ਦਾ ਬਾਹਰਲਾ ਬੱਲਬ ਜਗਦਾ ਦਿਸਦਾ ਹੈ। ਉਸ ਦੇ ਬਾਰ ਅੱਗੇ ਚੌਕੜੀ ਸੁੰਨੀ ਪਈ ਹੈ। ਮੈਨੂੰ ਬਾਬੇ ਅਮਰੂ ਦੀ ਗੱਲ ਯਾਦ ਆਉਂਦੀ ਹੈ। ਉਹ ਪਰਸੋਂ ਚੌਕੜੀ 'ਤੇ ਬੈਠਾ ਮੇਰੀ ਸੁਣਾਈ ਕਿਸੇ ਘਟਨਾ 'ਤੇ ਟਿੱਪਣੀ ਕਰਦਾ ਜਿਵੇਂ ਮੈਨੂੰ ਸਮਝਾ ਰਿਹਾ ਸੀ, ''ਹੁਣ ਉਹ ਵੇਲੇ ਨੀ ਰਹੇ ਪੁੱਤਰਾ ਸਤ-ਯੁੱਗ ਆਲੇ। ਹੁਣ ਤਾਂ ਸਾਰੀ ਜ਼ਿੰਦਗੀ ਗ਼ਲਤ-ਮਲਤ ਜੀ ਹੋਈ ਪਈ ਐ। ਜਿਵੇਂ ਕਈ ਰੰਗ ਡੁੱਲ ਕੇ 'ਕੱਠੇ ਹੋ ਜਾਣ ਨਾ, ਫੇਰ ਉਨ੍ਹਾਂ ਦੀ ਕੋਈ ਪਹਿਚਾਣ ਨੀ ਰਹਿੰਦੀ। ਅੱਜ ਦੇ ਜਮਾਨੇ ਦੇ ਬੰਦੇ ਵੀ ਬੱਸ ਅਈਂ ਹੋਏ ਪਏ ਨੇ। ਸਾਨੂੰ ਕੋਈ ਪਤਾ ਨੀ ਲੱਗਦਾ ਆਪਣਾ ਕਿਹੜੈ, ਬਿਗਾਨਾ ਕਿਹੜੈ? ਇਹ ਨੀ ਪਤਾ ਆਵਦਾ ਭਰਾ ਦੁਸ਼ਮਣ ਆਲ਼ਾ ਕੰਮ ਕਰ ਜੇ। ਕੋਈ ਗ਼ੈਰ ਭਰਾਵਾਂ ਨਾਲੋਂ ਵੱਧ ਨਿਕਲ ਜੇ। ਏਸ ਸਮੇਂ 'ਚ ਤਾਂ ਆ ਕੇ ਪੁਰਾਣੀਆਂ ਅਖੌਤਾਂ ਦੇ ਅਰਥ ਵੀ ਸਾਰੇ ਉਲਟ ਹੋ ਗਏ ਸਾਲੇ! ਬੱਸ ਰੱਬ ਭਲੀ ਕਰੇ!'' ਬਾਬੇ ਨੇ ਕਿਲੋਮੀਟਰ ਜਿੱਡਾ ਲੰਬਾ ਸਾਹ ਲਿਆ ਸੀ ਜਿਵੇਂ ਉਹ ਸਾਰੇ ਰਿਸ਼ਤਿਆਂ ਦੀ ਕੁੜੱਤਣ ਨੂੰ ਆਪਣੇ ਅੰਦਰ ਭਰ ਕੇ ਖ਼ਤਮ ਕਰਨੀ ਚਾਹੁੰਦਾ ਹੋਵੇ।

''ਹਾਂ ਬਾਬਾ ਤੇਰੀ ਗੱਲ ਸੌਲ੍ਹਾਂ ਆਨੇ ਸੱਚ ਨਿਕਲੀ।'' ਇਹ ਬੋਲ ਮੇਰੇ ਅੰਦਰੋਂ ਉੱਠੇ ਤੇ ਫਿਰ ਅੰਦਰ ਹੀ ਜ਼ਬਤ ਹੋ ਗਏ।

ਮੈਂ ਬਾਬੇ ਅਮਰੂ ਦੇ ਘਰ ਵੱਲ ਵੇਖਦਾ ਅੱਗੇ ਤੁਰ ਪੈਂਦਾ ਹਾਂ। ਪਰ੍ਹਾਂ ਫੰਮਣ ਕੇ ਡੇਰੇ ਵੱਲੋਂ ਆਏ ਦੋ ਕੁੱਤੇ ਮੈਨੂੰ ਭੌਂਕਣ ਲੱਗਦੇ ਹਨ ਪਰ ਮੈਂ ਉਹਨਾਂ ਤੋਂ ਬੇਧਿਆਨਾ ਤੁਰਿਆ ਜਾ ਰਿਹਾ ਹਾਂ। ਅੱਗੇ ਜੀ. ਟੀ. ਰੋਡ 'ਤੇ ਵਾਹਨਾਂ ਦੀਆਂ ਲਾਈਟਾਂ ਉਨ੍ਹਾਂ ਦੀ ਗੂੰਜ ਦੇ ਨਾਲ ਨਾਲ ਭੱਜੀਆਂ ਜਾ ਰਹੀਆਂ ਹਨ। ਮੈਂ ਸੜਕ 'ਤੇ ਆ ਗਿਆ ਹਾਂ। ਸਾਹਮਣੇ ਆ ਰਹੇ ਟਰਾਲੇ ਦੀ ਗੂੰਜ ਸੁਣ ਕੇ ਰੁਕ ਜਾਂਦਾ ਹਾਂ। ਉਹ ਖੌਰੂ ਪਾਉਂਦਾ, ਦਿਓ ਵਾਂਗ ਧਰਤੀ ਹਿਲਾਉਂਦਾ ਲੰਘ ਜਾਂਦਾ ਹੈ। ਉਸ ਦੇ ਲੰਘਣ ਬਾਅਦ ਧਰਤੀ ਮੁੜ ਸ਼ਾਂਤ ਹੋ ਜਾਂਦੀ ਹੈ ਜਿਵੇਂ ਭੂਚਾਲ ਝਟਕੇ ਦੇ ਕੇ ਲੰਘ ਗਿਆ ਹੋਵੇ। ਮੈਂ ਆਲੇ-ਦੁਆਲੇ ਵੇਖਦਾ ਸੜਕ ਪਾਰ ਕਰ ਜਾਂਦਾ ਹਾਂ।

ਮੈਂ ਆਪਣੇ ਖੇਤ ਨੂੰ ਜਾਂਦੀ ਪਹੀ ਪੈ ਗਿਆ ਹਾਂ। ਜੀਰੀਆਂ 'ਚੋਂ ਭੜ੍ਹਦਾਅ ਮਾਰ ਰਹੀ ਹੈ। ਖੇਤਾਂ ਵਿੱਚ ਕੋਠਿਆਂ 'ਤੇ ਲੱਗੇ ਬੱਲਬ ਪਟਬੀਜਣਿਆਂ ਵਾਂਗ ਚਮਕ ਰਹੇ ਹਨ। ਜਿਉ ਜਿਉ ਮੈਂ ਅੱਗੇ ਵੱਧ ਰਿਹਾ ਹਾਂ ਸੜਕ 'ਤੇ ਚਲਦੇ ਵਾਹਨਾਂ ਦੀ ਅਵਾਜ਼ ਕਿਸੇ ਦੇ ਮੂੰਹ 'ਤੇ ਹੱਥ ਰੱਖ ਦੇਣ ਵਾਂਗ ਡੂੰਘੀ ਹੁੰਦੀ ਜਾਂਦੀ ਹੈ। ਮੈਂ ਟਾਈਮ ਵੇਖਦਾ ਹਾਂ, ਇੱਕ ਵੱਜਣ ਵਾਲਾ ਹੈ। ਦੋ ਵਜੇ ਖੇਤਾਂ ਵਾਲੀ ਲਾਈਟ ਨੇ ਚਲੀ ਜਾਣਾ ਹੈ। ਮੱਖਣ ਇੱਕ ਵਜੇ ਕਿਸੇ ਕਿਆਰੇ ਵਿੱਚ ਨੱਕਾ ਕਰਕੇ ਪੈ ਜਾਵੇਗਾ ਤੇ ਫਿਰ ਸਵੇਰੇ ਉੱਠ ਕੇ ਘਰ ਨੂੰ ਜਾਵੇਗਾ। ਜਾਵੇਗਾ ਨਹੀਂ! ਜਾਂਦਾ ਹੁੰਦਾ ਸੀ। ਪਰ ਹੁਣ ਨਹੀਂ ਜਾਵੇਗਾ।

ਮੈਂ ਕੁਝ ਸਮਾਂ ਅਜੇ ਹੋਰ ਲੰਘ ਜਾਣ ਲਈ ਪੱਕੇ ਖਾਲ ਦੀ ਪੁਲੀ 'ਤੇ ਬੈਠ ਜਾਂਦਾ ਹਾਂ ਤੇ ਉਸਦੀ ਮੌਤ ਦੀਆਂ ਘੜੀਆਂ ਗਿਣਨ ਲਗਦਾ ਹਾਂ।

ਮੱਖਣ ਹੁਣ ਤੱਕ ਮੇਰੇ ਉੱਤੇ ਚੜ੍ਹਦਾ ਆਇਆ ਸੀ। ਘਰ ਦੀ ਵੰਡ ਵੇਲੇ ਮੂੰਹ ਪਿਆ ਫੇਰ ਟਰੈਕਟਰ ਦੀ ਵੰਡ ਵੇਲੇ ਤਿੰਗੜ ਕੇ ਖੜ੍ਹ ਗਿਆ। ਮੈਂ 'ਚਲੋ ਭਰਾ ਐ' ਸਮਝ ਕੇ ਉਹ ਵੀ ਛੱਡ ਦਿੱਤਾ। ਫੇਰ ਜ਼ਮੀਨ ਵੀ ਅੱਧ ਦੀ ਵੰਡਾ ਲਈ, ਅਖੇ ਮੈਂ ਤਾਂ ਬਾਪੂ ਹੋਰਾਂ ਨੂੰ ਅੱਧੇ ਕਿੱਲੇ ਦਾ ਠੇਕਾ ਦੇ ਦਿਆ ਕਰੂੰ। ਦੋ ਸਾਲ ਦਿੱਤਾ ਫੇਰ ਠੇਕਾ ਵੀ ਬੰਦ। ਕਹਿੰਦਾ ਜਿੱਧਰ ਕੰਮ ਕਰਦੇ ਨੇ ਉੱਧਰ ਹੀ ਰੋਟੀ ਖਾਣ। ਮੈਂ ਫਿਰ ਮਨ ਸਮਝਾ ਲਿਆ, 'ਜੇ ਉਹ ਕਪੁੱਤ ਬਣ ਗਿਆ ਤਾਂ ਮੈਂ ਨਹੀਂ ਬਣਦਾ। ਮੈਂ ਕਰੂੰ ਸਾਰਾ ਖਰਚ ਮਾਂ-ਬਾਪ ਦਾ।'

ਕੋਈ ਸਾਇਕਲ ਵਾਲਾ ਮੇਰੇ ਕੋਲ ਦੀ ਲੰਘਣ ਲੱਗਦਾ ਹੈ ਤਾਂ ਮੈਂ ਨੀਵੀਂ ਪਾ ਲੈਂਦਾ ਹਾਂ ਤਾਂ ਕਿ ਮੈਨੂੰ ਪਹਿਚਾਣ ਨਾ ਲਏ। ਉਸਦੀ ਮੌਤ ਤੋਂ ਬਾਅਦ ਤਾਂ ਮੈਂ ਖ਼ੁਦ ਹੀ ਪ੍ਰਤੱਖ ਹੋ ਜਾਣਾ ਹੈ।

ਮੈਂ ਫੇਰ ਸਮਾਂ ਵੇਖਦਾ ਹਾਂ, ਇੱਕ ਤੋਂ ਟੱਪ ਗਿਆ ਹੈ। ਮੈਂ ਉੱਠ ਕੇ ਤੁਰ ਪੈਂਦਾ ਹਾਂ। ਵੱਡੀ ਪਹੀ ਤੋਂ ਸਾਡੇ ਖੇਤ ਨੂੰ ਮੁੜਦੀ ਪਹੀ ਮੁੜ ਜਾਂਦਾ ਹਾਂ। ਅੱਗੇ ਸਾਡੀ ਜ਼ਮੀਨ ਹੈ, ਪੂਰਾ ਛੇ ਕਿੱਲਿਆਂ ਦਾ ਟੱਕ। ਮੈਂ ਜੀਰੀ 'ਤੇ ਨਿਗ੍ਹਾ ਮਾਰਦਾ ਹਾਂ। ਮੇਰੇ ਦੋ ਕਿੱਲਿਆਂ ਦੀ ਜੀਰੀ ਮੇਰੇ ਵਾਂਗ ਹੀ ਦਬੂ ਜਿਹੀ ਹੋਈ ਖੜ੍ਹੀ ਹੈ। ਉਸ ਦੇ ਚਾਰ ਕਿੱਲਿਆਂ 'ਚ ਖੜ੍ਹੀ ਫ਼ਸਲ ਮੇਰੀ ਫ਼ਸਲ ਤੋਂ ਦੁੱਗਣੀ ਮੱਲੀ ਹੋਈ ਲਗਦੀ ਹੈ। ਜਿਵੇਂ ਉਹ ਵੀ ਮੱਖਣ ਵਾਂਗ ਹੰਕਾਰੀ ਹੋਈ ਮੇਰੀ ਫ਼ਸਲ ਦੇ ਉੱਪਰੋ ਦੀ ਪੈ ਜਾਣਾ ਚਾਹੁੰਦੀ ਹੋਵੇ। ਮੈਂ ਉੱਧਰੋਂ ਧਿਆਨ ਮੋੜਦਾ ਵੱਟ ਪੈ ਕੇ ਕੋਠੇ ਕੋਲ ਚਲਾ ਜਾਂਦਾ ਹਾਂ।

ਸਾਹਮਣੇ ਮੰਜੇ 'ਤੇ ਉਹ ਪਿਆ ਹੈ। ਕਦੇ ਬਾਪੂ ਦੀ ਲਾਸ਼ ਵੀ ਇੱਥੇ ਹੀ ਪਈ ਸੀ। ਜਦੋਂ ਬਾਪੂ ਰਾਤੀ ਜੀਰੀ 'ਚ ਪਾਣੀ ਪਾਉਣ ਗਿਆ ਸਵੇਰੇ ਮੁੜ ਕੇ ਨਾ ਆਇਆ ਤਾਂ ਮੈਂ ਸਾਇਕਲ ਲੈ ਕੇ ਉਸ ਨੂੰ ਵੇਖਣ ਚਲਾ ਗਿਆ ਸੀ। ਧੁੱਪ ਚੜ੍ਹੀ ਪਈ ਸੀ। ਪਰ ਬਾਪੂ ਅਜੇ ਵੀ ਮੱਛਰਦਾਨੀ ਵਿੱਚ ਇਸ ਤਰ੍ਹਾਂ ਪਿਆ ਸੀ ਜਿਵੇਂ ਉਸ ਲਈ ਅਜੇ ਅੱਧੀ ਰਾਤ ਹੋਵੇ। ਮੈਂ ਨੇੜੇ ਜਾ ਕੇ ਵੇਖਿਆ, ਬਾਪੂ ਦਾ ਚਿਹਰਾ ਮੈਨੂੰ ਬੜਾ ਡਰਾਵਣਾ ਲੱਗਿਆ। ਇੱਕ ਡਰ ਮੇਰੇ ਸਾਰੇ ਸਰੀਰ ਵਿੱਚ ਜ਼ਹਿਰ ਵਾਂਗ ਫੈਲ ਗਿਆ। ਮੈਂ ਮੱਛਰਦਾਨੀ ਲਾਹ ਕੇ ਬਾਪੂ ਨੂੰ ਹਿਲਾਇਆ ਪਰ ਉਹ ਤਾਂ....!

ਮੇਰੀ ਚੀਕ ਨਿਕਲ ਗਈ। ਮੈਨੂੰ ਉੱਚੀ ਉੱਚੀ ਰੋਂਦਾ ਵੇਖ ਕੇ ਬਾਬੇ ਅਮਰੂ ਦਾ ਮੁੰਡਾ ਜਮੇਰ ਮੇਰੇ ਕੋਲ ਆਇਆ।

ਭਾਣਾ ਵਰਤਿਆ ਪਿਆ ਸੀ। ਉਸ ਨੇ ਹੀ ਮੈਥੋਂ ਮੋਬਾਇਲ ਲੈ ਕੇ ਮੱਖਣ ਨੂੰ ਫੋਨ ਕੀਤਾ। ਉਹ ਕਈ ਬੰਦਿਆਂ ਨੂੰ ਨਾਲ ਲੈ ਆਇਆ। ਲਾਸ਼ ਘਰ ਲਿਆਂਦੀ ਗਈ।

''ਹੁਣ ਮਿੱਟੀ ਰੋਲਣ ਨਾਲ ਕੀ ਬਣੂਗਾ ਤਾਇਆ। ਆਪਾਂ ਨੂੰ ਸਭ ਦਿਸੀ ਤਾਂ ਜਾਂਦੈ।'' ਜਦੋਂ ਬਾਪੂ ਦੀ ਲਾਸ਼ ਨੂੰ ਡਾਕਟਰ ਦੇ ਲੈ ਕੇ ਜਾਣ ਦੀ ਗੱਲ ਤੁਰੀ ਤਾਂ ਵੱਡੇ ਨੇ ਅੱਖਾਂ ਪੂੰਝਦਿਆਂ, ਘੱਗੀ ਜਿਹੀ ਅਵਾਜ਼ ਵਿੱਚ ਨੰਨ੍ਹਾ ਮਾਰ ਦਿੱਤਾ ਸੀ।

ਬਾਪੂ ਦੀ ਲਾਸ਼ ਨੂੰ ਤਾਂ ਖਪਾ ਦਿੱਤਾ ਸੀ ਪਰ ਲੋਕਾਂ ਦੇ ਮਨਾਂ ਅੰਦਰਲੇ ਸਵਾਲ ਉਨ੍ਹਾਂ ਅੰਦਰ ਨਾ ਖਪੇ। ਥੋੜ੍ਹੇ ਜਿਹੇ ਦਿਨਾਂ ਬਾਅਦ ਗੱਲ ਦੀ ਭਾਫ਼ ਨਿਕਲਣ ਲੱਗ ਪਈ ਸੀ ਜਿਸ ਦਾ ਸਾਰਾ ਸ਼ੱਕ ਮੱਖਣ ਵੱਲ ਜਾਂਦਾ ਸੀ। ਲੋਕ ਗੱਲਾਂ ਕਰਦੇ ਸੀ, ''ਲਾਸ਼ ਦੇ ਗਲ ਉੱਪਰ ਨੀਲ ਪਏ ਹੋਏ ਸਨ, ਅੱਖਾਂ ਬਾਹਰ ਨੂੰ ਨਿਕਲੀਆਂ ਸਨ।'' ਕਿਸੇ ਨੇ ਬਾਪੂ ਨੂੰ ਗਲ-'ਗੂਠਾ ਦਿੱਤਾ ਸੀ। ਸਿੰਦਰ ਮਜ੍ਹਬੀ ਨੇ ਤਾਂ ਉਸ ਰਾਤ ਮੱਖਣ ਨੂੰ ਖੇਤ ਵੱਲ ਜਾਂਦਿਆਂ ਵੀ ਵੇਖ ਲਿਆ ਸੀ।

ਲੋਕਾਂ ਦੀਆਂ ਇਹਨਾਂ ਗੱਲਾਂ ਨੇ ਮੈਨੂੰ ਸੋਚਣ ਲਾ ਦਿੱਤਾ ਸੀ।

ਪਹਿਲਾਂ ਤਾਂ ਮੈਨੂੰ ਅਜਿਹਾ ਸੋਚਣ ਦੀ ਸੁਰਤ ਹੀ ਨਹੀਂ ਸੀ। ਪਰ ਲੋਕਾਂ ਦੀਆਂ ਅਜੀਬ ਅਜੀਬ ਗੱਲਾਂ ਨੇ ਮੇਰੇ ਅੰਦਰ ਕਈ ਸਵਾਲ ਉਠਾ ਦਿੱਤੇ ਸਨ। ਜਿੰਨ੍ਹਾਂ ਦੀ ਸ਼ੱਕ ਦੀ ਸੂਈ ਮੱਖਣ ਉੱਪਰ ਹੀ ਜਾ ਖੜ੍ਹਦੀ ਸੀ।

ਉਸੇ ਰਾਤ ਮੈਂ ਪਿਸ਼ਾਬ ਕਰਨ ਉੱਠਿਆ ਸੀ ਤਾਂ ਮੈਨੂੰ ਮਾਂ ਅਤੇ ਮੱਖਣ ਦੀ ਘੁਸਰ-ਮੁਸਰ ਸੁਣੀ ਸੀ ਤੇ ਫਿਰ ਉਨ੍ਹਾਂ ਦਾ ਬਾਹਰਲਾ ਬਾਰ ਵੀ ਖੜਕਿਆ ਸੀ। ਇਸ ਸਭ ਵਿੱਚ ਮਾਂ ਵੀ ਸ਼ਾਮਲ ਸੀ।

ਸ਼ਰਾਬੀ ਬਾਪੂ ਕੋਲੋਂ ਕੁੱਟ ਖਾਣ ਤੋਂ ਬਾਅਦ ਮਾਂ ਜਦ ਵੀ ਬਾਪੂ ਨੂੰ ਗਾਲ੍ਹਾਂ ਦਿੰਦੀ ਤਾਂ ਉਹ ਆਪਣੀ ਇਸ ਭੈੜੀ ਨੀਅਤ ਵੱਲ ਸੰਕੇਤ ਜ਼ਰੂਰ ਕਰ ਜਾਂਦੀ ਸੀ, ''ਢੱਠਿਆ! ਮੈਂ ਤਾਂ ਕਹਿਣੀ ਆਂ ਤੂੰ ਪਿਆ ਹੀ ਰਹਿਜੇਂ। ਜੇ ਤੂੰ ਮਰਜੇਂ, ਮੈਂ ਸ਼ੁਕਰ ਮਨਾਵਾਂ! ਤੇਰੇ ਬਿਨਾਂ ਕੋਈ ਮੇਰਾ ਦੇਸ਼ ਸੁੰਨਾ ਨੀ ਹੁੰਦਾ। ਜਿਹੜੀਆਂ ਰੰਡੀਆਂ ਨੇ, ਵਧੀਆਂ ਅਵਦੀ ਨੀਂਦ ਸੌਂਦੀਆਂ ਨੇ, ਅਵਦੀ ਉਠਦੀਆਂ ਨੇ।''

ਕਦੇ ਕਦੇ ਲੜਾਈ ਤੋਂ ਬਿਨਾਂ ਵੀ ਮਾਂ ਦੇ ਅੰਦਰਲੀ ਇਹ ਖ਼ੁਆਇਸ਼ ਬੁੱਲ੍ਹਾਂ 'ਤੇ ਆ ਜਾਂਦੀ ਸੀ। ਉਹ ਕਿੰਨੀ ਕਿੰਨੀ ਦੇਰ ਪਿੰਡ ਦੀਆਂ ਰੰਡੀਆਂ ਤੀਵੀਂਆਂ ਦੇ ਸੁਖੀ ਜੀਵਨ ਦੀਆਂ ਗੱਲਾਂ ਕਰਦੀ ਰਹਿੰਦੀ।

ਹੁਣ ਮੈਨੂੰ ਲਗਦਾ ਹੈ ਬਾਪੂ ਨੇ ਵੀ ਆਪਣੀ ਮੌਤ ਦਾ ਰਾਹ ਆਪ ਹੀ ਤਿਆਰ ਕੀਤਾ ਸੀ। ਬਾਪੂ ਬੜਾ ਜਿੱਦੀ ਸੀ। ਜਿਹੜੀ ਗੱਲ ਕਹਿ ਦਿੰਦਾ, ਕਰਕੇ ਵਿਖਾਉਂਦਾ। ਉਹ ਜਦ ਵੀ ਮੱਖਣ ਨਾਲ ਲੜਦਾ ਤਾਂ ਇਹ ਸੁਣਾਈ ਜ਼ਰੂਰ ਕਰਦਾ, ''ਮੈਂ ਅਵਦੇ ਮਰਨ ਤੋਂ ਪਹਿਲਾਂ ਤੈਨੂੰ ਮੰਗਣ ਜਰੂਰ ਲਾ ਕੇ ਜਾਊਂ। ਦੇਖਦਾ ਜਾਈਂ ਤੂੰ! ਜੇ ਨਾ ਮੰਗਣ ਲਾ ਕੇ ਗਿਆ। ਅੱਖਾਂ 'ਚ ਹੱਥ ਦੇ ਦੇ ਰੋਮੇਂਗਾ।''

ਮੱਖਣ ਨੂੰ ਡਰ ਸੀ ਬਾਪੂ ਜ਼ਮੀਨ ਉਸ ਨੂੰ ਨਹੀਂ ਦੇਵੇਗਾ। ਉਸ ਨੇ ਮਨ 'ਚ ਇਹ ਡਰ ਪਾਲ ਰੱਖਿਆ ਸੀ, ਬਾਪੂ ਸਾਰੀ ਜ਼ਮੀਨ ਮੇਰੇ ਨਾਂ ਲਿਖਵਾ ਕੇ ਜਾਵੇਗਾ। ਮੈਂ ਉਸ ਦੇ ਇਸ ਡਰ ਨੂੰ ਕਿੰਨੇ ਵਾਰ ਕੱਢਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਯਕੀਨ ਦਵਾਇਆ। ਸੌਂਹਾਂ ਖਾਧੀਆਂ, ਮੈਂ ਬਾਪੂ ਨੂੰ ਇਹ ਨਹੀਂ ਕਰਨ ਦੇਵਾਂਗਾ ਪਰ ਉਹ ਮੇਰੇ ਯਕੀਨ 'ਤੇ ਵੀ ਨਾ ਖੜ੍ਹਿਆ।

ਬਾਪੂ ਦੀ ਮੌਤ ਤੋਂ ਕੁਝ ਦਿਨ ਪਹਿਲਾਂ ਮੈਂ, ਮਾਂ ਅਤੇ ਮੱਖਣ ਨੂੰ ਕਿੰਨੀ ਵਾਰ ਘੁਸਰ-ਮੁਸਰ ਕਰਦੇ ਸੁਣਿਆ ਸੀ ਜਿਵੇਂ ਉਹ ਕੋਈ ਗੁੱਝੀਆਂ ਸਕੀਮਾਂ ਬਣਾ ਰਹੇ ਹੋਣ। ਪਰ ਓਦੋਂ ਮੇਰੇ ਇਹ ਗੱਲ ਚਿੱਤ-ਚੇਤੇ ਵੀ ਨਹੀਂ ਸੀ।

ਹੁਣ ਮੈਨੂੰ ਸਾਹਮਣੇ ਮੌਤ ਵੇਖਦਾ ਬਾਪੂ ਦਾ ਉਹ ਚਿਹਰਾ ਮੁੜ ਦਿਸਣ ਲੱਗ ਪਿਆ ਹੈ। ਬਾਪੂ ਦਾ ਪੀਲਾ ਪਿਆ ਚਿਹਰਾ, ਤਰਲੇ ਲੈਂਦੀਆਂ ਅੱਖਾਂ। ਮੈਨੂੰ ਦਿਸ ਰਿਹਾ ਹੈ, ਮੱਖਣ ਨੇ ਬਾਪੂ ਦੇ ਸਭ ਤਰਲਿਆਂ ਨੂੰ ਪੈਰਾਂ ਹੇਠਾਂ ਮਸਲ ਕੇ ਬਾਪੂ ਦੇ ਗਲ਼ੇ 'ਤੇ ਪਕੜ ਹੋਰ ਮਜ਼ਬੂਤ ਕਰ ਲਈ ਹੈ। ਬਾਪੂ ਲੱਤਾਂ-ਬਾਹਾਂ ਮਾਰਦਾ ਹੈ, ਦੇਹ ਤੋੜਦਾ ਹੈ ਤੇ ਫਿਰ ਸ਼ਾਂਤ ਹੋ ਜਾਂਦਾ ਹੈ। ਮੱਖਣ ਹੱਸ ਰਿਹਾ ਹੈ। ਉਸਦੇ ਇਸ ਹਾਸੇ 'ਚ ਮਾਂ ਵੀ ਸ਼ਾਮਲ ਹੋ ਜਾਂਦੀ ਹੈ ਤੇ ਫਿਰ ਉਸਦੀ ਪਤਨੀ ਵੀ। ਹਸਦਿਆਂ ਉਨ੍ਹਾਂ ਮੈਨੂੰ ਸਾਹਮਣੇ ਖੜ੍ਹਾ ਵੇਖ ਲਿਆ ਹੈ। ਉਨ੍ਹਾਂ ਦੇ ਹੱਸਦੇ ਚਿਹਰੇ ਗੰਭੀਰ ਹੋ ਗਏ ਹਨ। ਉਹ ਤਿੰਨੋਂ ਆਪਸ ਵਿੱਚ ਨਜ਼ਰਾਂ ਮਿਲਾਉਂਦੇ ਮੇਰੇ ਵੱਲ ਵਧਣ ਲਗਦੇ ਹਨ ਤੇ....!

ਸਾਹਮਣੇ ਟਾਹਲੀ ਤੋਂ ਕੋਈ ਜਾਨਵਰ 'ਚਿਰ.... ਚਿਰ....' ਕਰਦਾ ਉੱਡ ਜਾਂਦਾ ਹੈ। ਮੇਰੀ ਸੁਰਤ ਪਰਤੀ ਹੈ। ਮੈਂ ਕੋਠੇ ਕੋਲ ਖੜ੍ਹਾ ਮੱਖਣ ਨੂੰ ਵੇਖ ਰਿਹਾ ਹਾਂ। ਉਹ ਡਰਾਵਣੇ ਘੁਰਾੜੇ ਮਾਰ ਰਿਹਾ ਹੈ ਜਿਵੇਂ ਕੋਈ ਬਾਤਾਂ ਵਿਚਲਾ ਦਿਓ ਬੰਦਿਆਂ ਦਾ ਖ਼ੂਨ ਪੀ ਕੇ, ਰੱਜ ਕੇ ਡਕਾਰਾਂ ਮਾਰਦਾ ਹੈ।

ਮੈਂ ਕਿਰਚ ਆਪਣੇ ਹੱਥ ਵਿੱਚ ਘੁੱਟ ਲੈਂਦਾ ਹਾਂ। ਇੱਕ ਸੇਕ ਮੇਰੇ ਪੈਰਾਂ ਥੱਲੋਂ ਚੜ੍ਹਦਾ ਸਿਰ ਤੱਕ ਫੈਲ ਗਿਆ ਹੈ। ਮੈਨੂੰ ਮਹਿਸੂਸ ਹੁੰਦਾ ਹੈ ਜਿਵੇਂ ਮੇਰੇ ਅੰਗਾਂ ਵਿੱਚ ਦੁੱਗਣੀ ਤਾਕਤ ਭਰਦੀ ਜਾ ਰਹੀ ਹੋਵੇ। ਮੈਂ ਹੌਲੀ ਹੌਲੀ ਪੈਰ ਪੁੱਟਦਾ ਉਸ ਦੇ ਮੰਜੇ ਵੱਲ ਵਧਣ ਲੱਗਦਾ ਹਾਂ। ਮੈਂ ਉਸ ਦੇ ਮੰਜੇ ਦੇ ਬਰਾਬਰ ਜਾ ਖੜ੍ਹਿਆ ਹਾਂ। ਉਹ ਮੇਰੀ ਰਾਤਾਂ ਦੀ ਨੀਂਦ, ਦਿਨ ਦਾ ਚੈਨ ਖੋਹ ਕੇ ਆਪ ਬੇਫ਼ਿਕਰ ਹੋਇਆ ਸੁੱਤਾ ਪਿਆ ਹੈ। ਉਸ ਨੂੰ ਇਸ ਤਰ੍ਹਾਂ ਪਿਆ ਵੇਖ ਕੇ ਮੈਨੂੰ ਹੋਰ ਕ੍ਰੋਧ ਚੜ੍ਹ ਜਾਂਦਾ ਹੈ। ਮੇਰਾ ਦਿਲ ਤੇਜ਼ ਤੇਜ਼ ਧੜਕਣ ਲੱਗ ਪਿਆ ਹੈ। ਬੱਸ! ਅੱਜ ਸਭ ਹਿਸਾਬ ਬਰਾਬਰ ਕਰਨ ਦਾ ਮੌਕਾ ਹੈ। ਜੇ ਇਹ ਮੌਕਾ ਖੁੰਝ ਗਿਆ ਤਾਂ....!

## ਇਕ ਮਸ਼ਹੂਰ ਲੇਖਕ ਦੀ ਮੌਤ / ਗੁਲ ਚੌਹਾਨ



ਮਰ ਗਿਆ ਹੈ
ਅੱਜ ਇਕ ਮਸ਼ਹੂਰ ਲੇਖਕ

ਘੱਟ ਗਿਆ ਹੈ ਇਕ ਹੋਰ ਨਾਮ,
ਦੇਸ਼ ਦੀ ਸਗਲ ਜਨ-ਸੰਖਿਆ 'ਚੋਂ

ਜਿਵੇਂ ਸਾਡਾ ਮਾਲੀ,
ਪਿਛਲੇ ਮੰਗਲਵਾਰ ਮਰਿਆ ਸੀ
ਤਾਂ ਬੁੱਧਵਾਰ ਬਦਲ ਗਏ ਹੋਣਗੇ
ਰਾਸ਼ਟਰੀ ਰਜਿਸਟਰ ਦੇ ਅੰਕੜੇ

ਪਿਛਲੇ ਕਈ ਸਾਲਾਂ 'ਤੋਂ ਬੰਦ ਸੀ,
ਕਿਸੇ ਗਿਣਤੀ ਵਿਚ ਨਹੀਂ ਸੀ ਉਹ
ਸਾਹ-ਸੱਤ ਹੀਣ,
ਖਰਚ ਖਾ ਚੁੱਕਾ ਕੁਲ
ਊਰਜਾ ਅਪਣੀ.
ਜਦੋਂ ਕਿ ਹਰ ਪਾਸੇ ਪੈ ਰਹੀ ਸੀ
ਧਮਾਲ ਨਵੀਂ

ਸ਼ਾਇਦ ਹੀ ਲਿਆ ਹੋਵੇ ਕਦੀ ਕਿਸੇ,
ਸ਼ਹਿਰ ਵਿਚ ਨਾਂ ਉਸਦਾ
ਹੋਰ ਥੋੜ੍ਹੇ ਵਿਸ਼ੇ ਹਨ
ਜ਼ਿੰਦਗੀ ਵਿਚ
ਦੇਸ਼ ਪ੍ਰੇਮ, ਧਰਮ, ਗਰੀਬੀ,
ਸਰਹੱਦਾਂ, ਸਕੂਲ, ਸੈਂਸੈਕਸ,
ਮੁਹੱਲਾ-ਕਲਿਨਿਕ, ਐਨ ਪੀ ਏ,
ਦਿਨੋ ਦਿਨ ਡੁੱਬਦੇ ਬੈਂਕ,
ਜੀ ਡੀ ਪੀ ਦਾ ਗ੍ਰਾਫ...
ਬਦਤਮੀਜ਼,
ਬਲਾਤਕਾਰ ਬੱਚੀਆਂ ਦੇ.
ਵੱਧ ਮਹਤੱਵ ਜਿਨ੍ਹਾਂ ਦਾ.

ਅਨੇਕ ਝੰਜਟ
ਲਗਾਤਾਰਰਰਰਰਰਰ...
ਚਿੰਤਾਵਾਂ ਅਨੰਤ, ਬੇਸ਼ੁਮਾਰ

ਪੂਰਾ ਮਰ ਗਿਆ ਹੈ ਅੱਜ,
ਕੁੱਝ ਵਿਰਲੇ ਟਾਂਵੇਂ ਬਚੇ ਲੋਕਾਂ ਨੂੰ
ਯਾਦ ਆ ਰਹੀਆਂ ਹਨ,
ਉਸ ਦੀਆਂ ਲਿਖੀਆਂ ਹੋਈਆਂ
ਕਿਤਾਬਾਂ

ਕਿਸੇ ਸਮੇਂ,
ਸਰਕਾਰੀ ਬਲਕ ਪਰਚੇਜ਼ ਵਿਚ,
ਪ੍ਰਕਾਸ਼ਕਾਂ ਜੋ ਡੰਪ ਕਰ
ਦਿੱਤੀਆਂ ਸਨ ਲਾਇਬ੍ਰੇਰੀਆਂ ਵਿਚ

ਮਰ ਗਿਆ ਹੈ ਲੇਖਕ
ਜੀਅ ਪਈਆਂ ਹਨ
ਕੁੱਝ ਦਿਨਾਂ ਲਈ
ਉਸ ਦੀਆਂ ਮਰੀਆਂ ਹੋਈਆਂ
ਕਿਤਾਬਾਂ.....

ਮੈਂ ਆਪਣੇ ਸਰੀਰ 'ਚ ਏਨੀ ਸ਼ਕਤੀ ਭਰ ਲੈਣੀ ਚਾਹੁੰਦਾ ਹਾਂ ਕਿ ਉਸ ਨੂੰ ਜਾਗਣ ਦਾ ਮੌਕਾ ਵੀ ਨਾ ਮਿਲੇ। ਉਹ ਜਾਗਣ ਤੋਂ ਪਹਿਲਾਂ ਹੀ ਸਦਾ ਦੀ ਨੀਂਦ ਸੌਂ ਜਾਵੇ।

ਮੈਂ ਮੰਜੇ ਦੇ ਹੋਰ ਨੇੜੇ ਹੋ ਗਿਆ ਹਾਂ। ਬਿਜਲੀ ਦੀ ਤੇਜ਼ੀ ਜਿੰਨੀ ਛੇਤੀ ਮੈਂ ਮੱਛਰਦਾਨੀ ਦਾ ਲੜ ਚੁੱਕਦਾ ਹਾਂ ਤੇ ਪਲਾਂ-ਛਿਣਾਂ ਵਿੱਚ ਹੀ ਇੱਕ, ਦੋ, ਤਿੰਨ, ਚਾਰ, ਪੰਜ.... ਪਤਾ ਨਹੀਂ ਕਿੰਨੇ ਹੀ ਵਾਰ ਮੈਂ ਉਸ ਉੱਪਰ ਕਰ ਦਿੰਦਾ ਹਾਂ। ਮੈਂ ਵਾਰ ਏਨੀ ਤੇਜ਼ੀ ਨਾਲ ਕਰਦਾ ਹਾਂ ਕਿ ਮੈਨੂੰ ਖ਼ੁਦ ਨੂੰ ਵੀ ਪਤਾ ਨਹੀਂ ਲੱਗਿਆ ਕਿ ਉਸ ਨੇ ਜਾਗ ਕੇ ਮੇਰਾ ਵਿਰੋਧ ਕੀਤਾ ਸੀ ਜਾਂ ਨਾ। ਜਦੋਂ ਮੇਰੀ ਸੁਰਤ ਪਰਤਦੀ ਹੈ, ਉਹ ਮੰਜੇ ਵਿੱਚ ਮਿੱਟੀ ਬਣਿਆ ਪਿਆ ਹੈ।

ਮੈਂ ਜੇਤੂ ਅੰਦਾਜ਼ ਵਿੱਚ ਬਾਹਵਾਂ ਉੱਪਰ ਚੁੱਕਦਾ ਹਾਂ। ਆਪਣੇ ਖੇਤ ਦੀ ਮਿੱਟੀ ਨੂੰ ਚੁੰਮਦਾ ਹਾਂ। ਖੇਤ ਉੱਪਰ ਦੀ ਗੇੜਾ ਦਿੰਦਾ ਹਾਂ। ਮੈਨੂੰ ਲਗਦਾ ਹੈ ਜਿਵੇਂ ਮੇਰੀ ਫ਼ਸਲ ਉਸਦੀ ਫ਼ਸਲ ਨਾਲੋਂ ਅੱਜ ਰਾਤ ਵਿੱਚ ਹੀ ਦੁੱਗਣਾ ਕੱਦ ਕੱਢ ਗਈ ਹੋਵੇ। ਮੈਨੂੰ ਸੁਣਾਈ ਦਿੰਦਾ ਹੈ ਜਿਵੇਂ ਪਿੰਡ ਵਾਲੇ ਕਹਿ ਰਹੇ ਹੋਣ, ''ਵਧੀਆ ਕੀਤਾ ਏਸ ਪਾਪੀ ਨਾਲ ਤਾਂ ਅਈਂ ਹੋਣੀ ਚਾਹੀਦੀ ਸੀ।'' ਜਿਵੇਂ ਮੈਂ ਮੇਰੀ ਪਤਨੀ ਅੱਗੇ ਗਿੱਠ ਉੱਚਾ ਹੋ ਗਿਆ ਹੋਵਾਂ। ਉਹ ਮੈਨੂੰ ਥਾਪੀ ਦਿੰਦੀ ਕਹਿ ਰਹੀ ਹੈ, ''ਵਾਹ ਵੇ ਅਣਖੀਆ!''

ਮੈਂ ਪਿੰਡ ਨੂੰ ਤੇਜ਼ ਕਦਮੀਂ ਤੁਰ ਪਿਆ ਹਾਂ। ਪਰ ਹੈਂ! ਇਹ ਕੀ? ਹੌਲੀ ਹੌਲੀ ਮੇਰੀ ਚਾਲ ਘਟਦੀ ਜਾਂਦੀ ਹੈ। ਮੇਰੇ ਅੰਦਰ ਕੁਝ ਖੁੱਸਣ ਲੱਗਦਾ ਹੈ ਜਿਵੇਂ ਮੈਂ ਆਪਣਾ-ਆਪਾ ਕਿਤੇ ਪਿੱਛੇ ਛੱਡ ਆਇਆ ਹੋਵਾਂ। ਅੰਦਰ ਸੁਨਾਮੀ ਉੱਠਣ ਵਾਂਗ ਉਥਲ-ਪੁਥਲ ਮੱਚ ਪਈ ਹੈ। ਮੈਨੂੰ ਅੱਗੇ ਕਦਮ ਪੁੱਟਣਾ ਔਖਾ ਹੋ ਗਿਆ ਹੈ ਜਿਵੇਂ ਮੇਰੇ ਪੈਰ ਸੁੱਜ ਕੇ ਤੁਰਨੋਂ ਜਵਾਬ ਦੇ ਗਏ ਹੋਣ। ਮੈਂ ਕੁਛ ਦੇਰ ਖੜ੍ਹਾ ਸੋਚਦਾ ਰਹਿੰਦਾ ਹਾਂ। ਫਿਰ ਅਚਾਨਕ ਸਿਰ-ਮੁਧ ਪਿੱਛੇ ਨੂੰ ਭੱਜ ਲੈਂਦਾ ਹਾਂ। ਕੋਠੇ ਕੋਲ ਜਾਂਦਿਆਂ ਹੀ ਮੈਂ ਭਰਾ ਦੀ ਮੱਛਰਦਾਨੀ ਪੁੱਟ ਕੇ ਪਰ੍ਹਾਂ ਵਗਾਹ ਮਾਰਦਾ ਹਾਂ। ਉਸਦੀ ਖ਼ੂਨ ਨਾਲ ਲੱਥ-ਪੱਥ ਹੋਈ ਦੇਹ ਨੂੰ ਚਿੰਬੜ ਜਾਂਦਾ ਹਾਂ। ਟਿਕੀ ਰਾਤ ਵਿੱਚ ਮੇਰੀਆਂ ਧਾਹਾਂ ਦੂਰ ਦੂਰ ਤੱਕ ਸੁਣਾਈ ਦੇ ਰਹੀਆਂ ਹਨ।

**94172-41787**

## ਗ਼ਜ਼ਲਾਂ / ਗੁਰਮੀਤ ਖੋਖਰ

ਗਿਆ ਨੈਣਾਂ 'ਚ ਭਰ ਮੇਰੇ ਸਮੁੰਦਰ ਹੋ ਗਿਆ ਖਾਲੀ
ਸਿਤਾਰੇ ਟੁੱਟ ਗਏ ਏਨੇ ਕਿ ਅੰਬਰ ਹੋ ਗਿਆ ਖਾਲੀ

ਪਿਆਸੀ ਧੁੱਪ ਆ ਬੈਠੀ ਕਿਨਾਰੇ ਏਸਦੇ ਉੱਤੇ
ਪੀ ਸਾਰਾ ਹੀ ਗਈ ਪਾਣੀ, ਸਰੋਵਰ ਹੋ ਗਿਆ ਖਾਲੀ

ਕੋਈ ਆਇਆ ਸੀ ਦਰ ਮੇਰੇ ਬਿਨਾਂ ਪੈਰਾਂ ਤੋਂ ਬਿਨ ਰਾਹ ਤੋਂ
ਬਿਨਾਂ ਦਸਤਕ ਹੀ ਮੁੜਿਆ ਸੀ,ਮੇਰਾ ਦਰ ਹੋ ਗਿਆ ਖਾਲੀ

ਰਿਹਾ ਵਰ੍ਹਦਾ ਸਦਾ ਰੇਤਾ ਨਾ ਬਰਸੀ ਬੂੰਦ ਪਾਣੀ ਦੀ
ਤੇ ਬੱਦਲ ਕਹਿ ਰਹੇ ਵਰ੍ਹ ਵਰ੍ਹ ਕੇ ਸਾਗਰ ਹੋ ਗਿਆ ਖਾਲੀ

ਉਹਦੀ ਮੁੱਠੀ 'ਚ ਦੁਨੀਆਂ ਸੀ ਜਦੋਂ ਪਲ ਆਖਰੀ ਸਨ ਤਾਂ
ਕਿਰੀ ਮੁੱਠੀ 'ਚੋਂ ਰੇਤਾ ਨਾ ਸਿਕੰਦਰ ਹੋ ਗਿਆ ਖਾਲੀ

ਮੁਹੱਬਤ ਕਰ ਜੋ ਸੀ ਬੈਠਾ ਕਿਸੇ ਰੁੱਖ ਦੀ ਉਹ ਛਾਂ ਦੇ ਨਾਲ
ਗੁਆ ਦਿੱਤਾ ਸਫ਼ਰ ਉਸਨੇ ਮੁਸਾਫ਼ਿਰ ਹੋ ਗਿਆ ਖਾਲੀ

ਸਮੁੰਦਰ ਯਾਦ ਤੇਰੀ ਦਾ ਉਹਦੇ ਨੈਣਾਂ 'ਚ ਹੈ ਭਰਿਆ ਕਿਰੀ
ਜੇ ਬੂੰਦ ਨਾ ਸਮਝੀ ਕਿ 'ਮੁਸਾਫਿਰ' ਹੋ ਗਿਆ ਖਾਲੀ

********

ਮੇਰੇ ਪੈਰਾਂ ਦੇ ਨਾਂ ਕੋਈ ਨਾ ਤੂੰ ਜੇ ਹਾਦਸਾ ਕਰਦਾ
ਸਫ਼ਰ ਦਾ ਕੀ ਮਜ਼ਾ ਹੁੰਦਾ ਜਦੋਂ ਤੈਅ ਫ਼ਾਸਲਾ ਕਰਦਾ

ਖਲੋਤੇ ਪਾਣੀਆਂ ਨੇ ਲਰਜ਼ਣਾ ਸੀ ਫਿਰ ਭਲਾਂ ਕਿੱਦਾਂ ਕੋਈ
ਇਹਨਾਂ 'ਚ ਨਾ ਕੰਕਰ ਜੇ ਮਾਰਨ ਦੀ ਖ਼ਤਾ ਕਰਦਾ

ਕਦੋਂ ਦਾ ਬਹਿ ਗਿਆ ਜੰਗਲ ਹੈ ਮੇਰੇ ਸ਼ਹਿਰ ਵਿਚ ਆ ਕੇ
ਉਹ ਰੁੱਖਾਂ ਕੋਲ ਕਿਉਂ ਫਿਰਦਾ ਹੈ ਜੰਗਲ ਦਾ ਪਤਾ ਕਰਦਾ

ਸਲੀਕੇ ਨਾਲ ਕਹਿ ਦਿੰਦਾ ਉਦੋਂ ਉਹ ਹਾਲ ਸੀ ਦਿਲ ਦਾ
ਖ਼ਤਾਂ ਰਾਹੀਂ ਅਸਾਡੇ ਨਾਲ ਜਦ ਸੀ ਰਾਬਤਾ ਕਰਦਾ

ਬੜੀ ਸੀ ਆਸ ਰੋਕੇਂਗਾ ਨਾ ਪਰ ਤੂੰ ਰੋਕਿਆ 'ਖੋਖਰ'
ਕਿ ਗੱਡੀ ਚੜਨ ਨੂੰ ਸਾਡਾ ਨਹੀਂ ਸੀ ਦਿਲ ਜ਼ਰਾ ਕਰਦਾ

## ਗ਼ਜ਼ਲਾਂ / ਪ੍ਰੀਤ ਮਨਪ੍ਰੀਤ

ਸੁਰਾਂ ਵਿਚ ਢਾਲਿਆ ਗ਼ਮ ਫਿਰ ਵੀ ਨਾ ਮੈਂ ਸੁਰਖ਼ਰੂ ਹੋਇਆ।
ਇਹ ਦਿਲ ਦੇ ਸਾਜ਼ 'ਤੇ ਪੀੜਾਂ ਦਾ ਕਿੱਸਾ ਮੁੜ ਸ਼ੁਰੂ ਹੋਇਆ।

ਕਦੇ ਰੁਤਬਾ ਦਿਸੇ ਉਸ ਦਾ, ਕਦੇ ਹਉਮੈਂ, ਕਦੇ ਪੈਸਾ
ਬੜੀ ਹੀ ਦੇਰ ਤੋਂ ਉਹ ਖ਼ੁਦ ਨਾ ਮੇਰੇ ਰੂਬਰੂ ਹੋਇਆ।

ਅਸੀਂ ਲੈ ਭਾਰੀਆਂ ਅੱਖਾਂ ਘਰਾਂ ਨੂੰ ਮੁੜ ਪਏ ਆਖ਼ਰ
ਤੇ ਇਕ ਹੰਝੂ ਹੀ ਸਾਡੀ ਆਖ਼ਰੀ ਬਸ ਗੁਫ਼ਤਗੂ ਹੋਇਆ।

ਇਹ ਕਤਰਾ ਨੀਰ ਦਾ ਹਰ ਵਾਰ ਵੱਖਰੀ ਹੈ ਕਥਾ ਇਸ ਦੀ
ਕਦੇ ਮੋਤੀ, ਕਦੇ ਸ਼ਬਨਮ, ਕਦੇ ਇਹ ਅੱਥਰੂ ਹੋਇਆ।

ਇਹ ਅੰਬਰ ਦੇ ਜੋ ਤਾਰੇ ਬਣ ਸਹਾਰੇ ਨਾਲ਼ ਨੇ ਤੁਰਦੇ
ਦਿਸ਼ਾ ਦੱਸਣ, ਦਸ਼ਾ ਪੁੱਛਣ ਜਦੋਂ ਮੈਂ ਯਾਤਰੂ ਹੋਇਆ।

ਬੜਾ ਸੀ ਮਾਣ ਉਸ ਹੰਝੂ ਨੂੰ ਕਿ ਮੈਨੂੰ ਰੁਆਏਗਾ
ਮੈਂ ਜ਼ਖ਼ਮੀ ਹੋ ਕੇ ਹੱਸਿਆ, ਉਹ ਬੜਾ ਬੇਆਬਰੂ ਹੋਇਆ।

*************

ਕੁੜੀਆਂ ਨੂੰ ਚਿੜੀਆਂ ਤਾਂ ਕਹੀਏ, ਉੱਡਣ ਨਾ ਪਰ ਦੇਈਏ
ਇੱਜ਼ਤਾਂ, ਸ਼ਰਮਾਂ, ਰਸਮਾਂ ਦੇ ਕਿਉਂ ਰੱਖੀਏ ਜਾਲ਼ ਵਿਛਾ ਕੇ?

ਅਪਣੇ ਕੋਝ ਛੁਪਾ ਕੇ ਰੁਖ਼ਸਤ ਹੁੰਦੇ ਹਾਂ ਹੁਣ ਯਾਰੋ
ਚੰਗੇ ਵੇਲ਼ੇ ਫੇਰ ਮਿਲ਼ਾਂਗੇ ਅੱਖ ਨਾ' ਅੱਖ ਮਿਲ਼ਾ ਕੇ।

ਤੇਰੇ ਮਨ ਦੀ ਧਰਾਤਲ ਫੇਰ ਮੁੜ ਤੋਂ ਛੋਹੁ ਲੱਗਾ ਹਾਂ।
ਉਚਾਈ ਦੀ ਰਹੀ ਨਾ ਚਾਹ, ਮੈਂ ਨੀਵਾਂ ਹੋਣ ਲੱਗਾ ਹਾਂ।

ਇਨ੍ਹਾਂ ਤੱਤੀਆਂ ਹਵਾਵਾਂ ਨਾਲ ਮੱਥਾ ਲਾਉਣ ਤੋਂ ਪਹਿਲਾਂ
ਸੁਲ਼ਗਦੇ ਮੌਸਮਾਂ ਦੀ ਨਬਜ਼ ਹੁਣ ਮੈਂ ਟੋਹੁ ਲੱਗਾ ਹਾਂ।

ਜ਼ਮਾਨੇ ਦੇ ਮੁਤਾਬਿਕ ਸਿਰਜਿਆ ਜੀਵਨ-ਤਿਕੋਣਾਂ ਨੂੰ
ਨਤੀਜੇ ਬਾਅਦ ਬਦਲਣ ਸੋਚ ਦਾ ਹਰ ਕੋਣ ਲੱਗਾ ਹਾਂ।

ਤੇਰੇ ਉਹ ਦੂਰ ਜਾਂਦੇ ਕਦਮ ਤਾਂ ਮੈਂ ਰੋਕ ਨਾ ਸਕਿਆ
ਤੇਰੀ ਹੁਣ ਪੈੜ ਦਾ ਰੇਤਾ ਮੈਂ ਛੋਹ ਕੇ ਰੋਣ ਲੱਗਾ ਹਾਂ।

## ਕਵਿਤਾਵਾਂ / ਸੁਰਿੰਦਰ ਗੀਤ, ਕੈਨੇਡਾ



### ਗਰੀਬਾਂ ਦੇ ਘਰ

ਵਿਹੜੇ ਦੇ ਵਿਚ
ਕੁਰਸੀ ਡਾਹ ਕੇ
ਬੈਠ ਰਹੀ ਸਾਂ
ਕੀੜਿਆਂ ਦੀ ਖੁੱਡ ਦੇਖ ਰਹੀ ਸਾਂ
ਕਿਵੇਂ ਉਹ
ਨਿੱਕੇ ਨਿੱਕੇ ਜੰਤੂ
ਬੁਰੇ ਦਿਨਾਂ ਲਈ
ਢੋਹ ਢੁਹਾਈ ਕਰਦੇ ਫਿਰਦੇ
ਆਪਣੇ ਕਲ੍ਹ ਨੂੰ
ਸੁਰਖਿਅਤ ਕਰਦੇ
ਵੇਂਹਦੇ ਵੇਂਹਦੇ
ਆ ਕਿਸੇ ਨੇ
ਸੁੱਕੀ ਹਲਦੀ ਦੀ ਭਰ ਕੜਛੀ
ਖੁੱਡ ਦੇ ਉਪਰ ਆ ਖਿਲਾਰੀ ਪਲਾਂ
ਛਿਣਾਂ ਵਿਚ
ਸਾਰੇ ਕੀੜੇ
ਖੁੱਡ ਵਿਚ ਵੜ੍ਹ ਗਏ
ਜਾਂ ਖੁੱਡ ਛੱਡ ਕੇ
ਕਿਧਰੇ ਤੁਰ ਗਏ

ਮੈਨੂੰ ਜਾਪਿਆ
ਜਿਵੇਂ ਕਿਸੇ ਨੇ
ਗਰੀਬਾਂ ਦੀ ਝੁੱਗੀ ਦੇ ਉੱਤੇ
ਅੱਗ ਦਾ ਮੀਂਹ ਵਰ੍ਹਾਤਾ ਹੋਵੇ ।

### ਸ਼ਬਦ ਸੁਨੱਖੇ

ਤੜਕਸਾਰ
ਇਕ ਸ਼ਬਦ ਸੁਨੱਖੇ
ਮੈਨੂੰ ਆਣ ਜਗਾਇਆ
ਕਹਿਣ ਲੱਗਾ
ਉੱਠ ਕਰ ਇਸ਼ਨਾਨਾ
ਮੇਰੇ ਸਾਹਵੇਂ ਬਹਿ ਜਾ
ਤੇਰੇ ਲਈ ਮੈਂ ਅੱਗ ਦਾ ਭੋਰਾ
ਮੰਗ ਸੂਰਜ ਤੋਂ ਲਿਆਇਆ।

ਮੈਂ ਉੱਠੀ
ਮੈਂ ਨਾਤੀ ਧੋਤੀ
ਬਹਿ ਗਈ ਸ਼ਬਦ ਦੇ ਸਾਹਵੇਂ
ਅਦਬ ਪਿਆਰ ਦੇ ਨਾਲ ਓਸਨੇ
ਅੱਗ ਦਾ ਭੋਰਾ
ਮੇਰੀ ਤਲੀ ਟਿਕਾਇਆ
ਨੈਣਾਂ 'ਚੋਂ ਦੋ ਹੰਝੂ ਕਿਰਕੇ
ਅਗਨੀ ਦੇ ਸੰਗ ਰਲ ਗਏ
ਵੇਹਦੇਂ ਵੇਹਦੇਂ
ਕਾਗਜ਼ ਉੱਤੇ
ਹੜ੍ਹ ਕਵਿਤਾ ਦਾ ਆਇਆ।

### ਪੁਕਾਰ

ਮੈਂ ਧਰਤ ਹਾਂ ਦੇਸ਼ ਪੰਜਾਬ ਦੀ
ਮੇਰਾ ਮੰਦੜਾ ਹੋਇਆ ਹਾਲ
ਮੈਂ ਰਾਣੀ ਪੰਜ ਦਰਿਆਵਾਂ ਦੀ
ਅੱਜ ਹੋਈ ਫਿਰਾਂ ਕੰਗਾਲ ॥

ਕਈ ਸਦੀਆਂ ਲੋਕ ਬੇਗਾਨਿਆਂ
ਮੇਰਾ ਚੂੰਢ ਕੇ ਖਾਧਾ ਮਾਸ
ਅੱਜ ਮੇਰੇ ਮੈਨੂੰ ਨੋਚਦੇ
ਵੇ ਮੈਂ ਜਿਊਂਦੀ ਬਣ ਗਈ ਲਾਸ਼ ।

ਮੇਰੀ ਧੜ ਦੇ ਟੋਟੇ ਕਰ ਗਏ
ਫੜ੍ਹ ਰਾਜਨੀਤਕ ਹਥਿਆਰ
ਮੇਰੇ ਅੰਗਾਂ ਚੋਂ ਰੱਤ ਸਿੰਮਦਾ
ਪੀਤਾ ਸਮਿਆਂ ਦੀ ਸਰਕਾਰ ।

ਮੇਰੇ ਸਿਰ ਤੋਂ ਚੁੰਨੀ ਲਹਿ ਗਈ
ਮੇਰੇ ਲੀੜੇ ਗਏ ਨੇ ਪਾਟ
ਮੇਰੀ ਹਿੱਕ ਤੇ ਰੋਜ਼ ਹੀ ਨੱਚਦੇ
ਮੇਰੇ ਪੁੱਤ ਵਹਿਸ਼ਤ ਦਾ ਨਾਚ ।

ਮੇਰੇ ਪੌਣ ਤੇ ਪਾਣੀ ਗੰਧਲੇ
ਮੈਨੂੰ ਲੱਗਿਆ ਮਾਰੂ ਰੋਗ
ਹੁਣ ਡਰਦੇ ਆਪਣੀ ਮੌਤ ਤੋਂ
ਨਾ ਚੁੱਗਣ ਪਰਿੰਦੇ ਚੋਗ ।

ਜਿੱਥੇ ਵੱਜਦੇ ਸੀ ਨਗ਼ਮੇ ਪਿਆਰ ਦੇ
ਉਹ ਸਾਜ਼ ਬਣੇ ਹਥਿਆਰ
ਵੰਝਲੀ ਵਿੱਚ ਫੂਕਾਂ ਮਾਰਦੇ
ਅੱਜ ਕਾਲੇ ਫ਼ਨੀਅਰ ਨਾਗ ।

ਮੇਰੇ ਅਣਖੀ ਯੋਧੇ ਸੂਰਮੇ
ਹੋਏ ਨਸ਼ਿਆਂ ਵਿੱਚ ਗਲਤਾਨ
ਸੁਣ ਸੁਣ ਕੇ ਧਾਹਾਂ ਮਾਰਦੇ
ਹੁੰਦਾ ਅੰਬਰ ਵੀ ਪਰੇਸ਼ਾਨ ।

ਮੇਰੇ ਕਿਰਤੀ ਪੁੱਤ ਕਿਸਾਨ ਦੇ
ਹੱਥੋਂ ਕਾਵਾਂ ਖੋਹ ਲਿਆ ਟੁੱਕ
ਜਿਹੜਾ ਭਰਦਾ ਸੀ ਢਿੱਡ ਹਿੰਦ ਦਾ
ਅੱਜ ਉਸਨੂੰ ਭੁੱਖ ਦਾ ਦੁੱਖ ।

ਮੇਰੀ ਬੋਲੀ ਦੀ ਨਿੱਤ ਧੌਣ ਤੇ
ਹੁੰਦੇ ਵਾਰੋ ਵਾਰੀ ਵਾਰ
ਮੇਰੇ ਦੁੱਧਾਂ ਚੋਂ ਲਹੂ ਸਿੰਮਦਾ
ਮੇਰਾ ਪੁੱਤ ਦੁਸ਼ਮਣ ਦਾ ਯਾਰ ।

ਮੇਰਾ ਵਿਰਸਾ ਪਾਕ ਮੁਹੱਬਤੀ
ਸਰਦਾਰਾਂ ਦਾ ਸਰਦਾਰ
ਅੱਜ ਲਿੱਫ ਲਿੱਫ ਦੂਹਰਾ ਹੋ ਗਿਆ
ਸਿਰ ਲੱਚਰਪੁਣੇ ਦਾ ਭਾਰ ।

ਮੇਰੇ ਭਗਤ ਸਰਾਭੇ ਪੁੱਤਰੋ
ਸੁਣੋ ਮਾਂ ਦੀ ਅੱਜ ਪੁਕਾਰ
ਮੇਰਾ ਸਿਰ ਚੁੰਨੀ ਨਾਲ ਕੱਜ ਕੇ
ਰੱਖੋ ਸਿਰ ਤੇ ਖੁਸਿਆ ਤਾਜ ।

**************

## ਡਾਇਰੀ ਦੇ ਪੰਨੇ / ਕਦੇ-ਕਦਾਈਂ / ਪਾਣੀ ਦੀ ਤਾਣੀ / ਗੁਰਪ੍ਰੀਤ



ਅਰਪਣਾ ਕੌਰ ਨੂੰ ਮੈਂ ਉਹਦੀਆਂ ਪੇਂਟਿੰਗਾਂ ਰਾਹੀਂ ਮੁੱਦਤ ਤੋਂ ਜਾਣਦਾ ਹਾਂ ਪਰ ਉਸਨੂੰ ਪਹਿਲੀ ਵਾਰ ਛੇ ਕੁ ਵਰ੍ਹੇ ਪਹਿਲਾਂ ਸਾਰਕ ਸਾਹਿਤ ਉਤਸਵ, ਆਗਰੇ ਮਿਲਿਆ। ਮੈਨੂੰ ਲੱਗਿਆ ਇਹ ਤਾਂ ਦਿੱਲੀ ਰਹਿੰਦੀ ਮੇਰੀ ਭੂਆ ਦੀ ਕੁੜੀ ਦੀ ਕਾਪੀ ਹੈ। ਸਹਿਜ ਸਿੱਧੀ-ਸਾਦੀ ਤੇ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਵਾਲ਼ੀ। ਉਦੋਂ ਸਾਰਕ ਸਾਹਿਤ ਉਤਸਵ 'ਚ ਸਭ ਤੋਂ ਵੱਧ ਖੁਸ਼ੀ ਮੈਨੂੰ ਇਸੇ ਗੱਲ ਦੀ ਸੀ ਕਿ ਮੈਂ ਆਪਣੀ ਪਸੰਦ ਦੀ ਚਿਤਰਕਾਰਾ ਨੂੰ ਮਿਲ ਲਿਆ ਸੀ। ਤੇ ਮਹੀਨਾ ਪਹਿਲਾਂ ਦਿੱਲੀ ਹੋਏ ਸਾਰਕ ਸਾਹਿਤ ਉਤਸਵ 'ਚ ਮੈਂ ਅਰਪਣਾ ਨੂੰ ਦੂਜੀ ਵਾਰ ਮਿਲਿਆ। ਤੇ ਅੱਜ ਅਸੀਂ ਜਿਸ ਕਿਤਾਬ ਬਹਾਨੇ ਅਰਪਣਾ ਨੂੰ ਮਿਲਨਾ ਹੈ ਉਹ ਕਿਤਾਬ ਵੀ ਮੈਨੂੰ ਇਸ ਉਤਸਵ ਵਿਚ ਅਰਪਣਾ ਨੇ ਹੀ ਤੋਹਫ਼ੇ ਵਜੋਂ ਦਿੱਤੀ। ਕਿਤਾਬ ਦਾ ਨਾਂ ਹੈ-'ਜਿਸਕਾ ਮਨ ਰੰਗਰੇਜ'। ਇਸ ਕਿਤਾਬ ਬਹਾਨੇ ਅੱਜ ਅਸੀਂ ਅਰਪਣਾ ਦੇ ਸਿਰਜੇ ਆਕਾਰਾਂ ਤੇ ਰੰਗਾਂ ਬਹਾਨੇ ਆਪਣੇ ਹੀ ਰੰਗਾਂ ਨੂੰ ਦੇਖਾਂ ਸਮਝਾਂਗੇ। ਇਹ ਕਿਤਾਬ ਅਰਪਣਾ ਕੌਰ ਦੀ ਚਾਰ ਦਹਾਕਿਆਂ ਦੀ ਕਲਾ-ਯਾਤਰਾ ਨਾਲ ਸੰਬੰਧਤ ਹੈ। ਅਰਪਣਾ ਕੌਰ ਅਜਿਹੀ ਪੰਜਾਬਣ ਚਿਤਰਕਾਰਾ ਹੈ ਜਿਸਦੀ ਸਿਆਣ ਅੰਤਰਰਾਸ਼ਟਰੀ ਭਾਰਤੀ ਚਿਤਰਕਾਰਾ ਵਜੋਂ ਹੋਈ ਹੈ। ਇਸ ਕਿਤਾਬ ਦਾ ਲੇਖਕ ਦੇਵ ਪ੍ਰਕਾਸ਼ ਚੌਧਰੀ ਹੈ। ਦੇਵ ਪ੍ਰਕਾਸ ਚੌਧਰੀ ਖੁਦ ਜਾਣਿਆ-ਪਛਾਣਿਆ ਚਿਤਰਕਾਰ ਹੈ ਜੋ ਦੇਸ਼-ਵਿਦੇਸ਼ ਦੀਆਂ ਪ੍ਰਕਾਸ਼ਨ ਸੰਸਥਾਵਾਂ ਲਈ ਪੰਜ ਸੌ ਤੋਂ ਵੱਧ ਕਵਰ-ਚਿਤਰ ਬਣਾ ਚੁੱਕਿਆ ਹੈ। ਬਹੁਤ ਸਾਰੀਆਂ ਕਲਾ-ਪ੍ਰਦਰਸ਼ਨੀਆਂ ਵਿਚ ਹਿੱਸਾ ਲੈ ਚੱਕਿਆ ਹੈ। ਕਲਾ-ਆਲੋਚਨਾ ਵਿਚ ਵਿਸ਼ੇਸ਼ ਰੁਚੀ ਹੈ। ਲੇਖਕ ਲੰਮੇ ਸਮੇਂ ਤੱਕ 'ਆਈ ਬੀ ਐਨ 7' ਅਤੇ 'ਸਟਾਰ ਨਿਊਜ਼' ਵਿਚ ਕੰਮ ਕਰਨ ਤੋਂ ਬਾਅਦ ਅੱਜ-ਕੱਲ੍ਹ ਦਿੱਲੀ ਵਿਖੇ 'ਅਮਰ ਉਜਾਲਾ' ਵਿਚ ਫੀਚਰ-ਪ੍ਰਮੁੱਖ ਵਜੋਂ ਸੇਵਾ ਨਿਭਾ ਰਿਹਾ ਹੈ। ਸੋ ਇਹ ਕਿਤਾਬ ਇਕ ਚਿਤਰਕਾਰ ਦਾ ਸਮਕਾਲੀ ਚਿਤਰਕਾਰ ਦੇ ਚਿਤਰਾਂ ਨੂੰ ਦੇਖਣ ਦਾ ਨਿਵੇਕਲਾ ਢੰਗ-ਤਰੀਕਾ ਹੈ। ਦੇਵ ਪ੍ਰਕਾਸ ਨੇ ਇਸ ਕਿਤਾਬ ਨੂੰ ਲਿਖਿਆ ਹੀ ਨਹੀਂ ਸਗੋਂ ਆਪਣੀਆਂ ਕਾਵਿਮਈ ਸਤਰਾਂ ਨਾਲ਼ ਪੇਂਟ ਕੀਤਾ ਹੈ। ਦੇਖੋ ਇਕ ਨਮੂਨਾ :

ਮਮਤਾ ਦਾ ਰੰਗ, ਅੱਜ ਵੀ ਉਹੀ ਹੈ
ਹਰਾ... ਹਰਾ... ਹਰਾ

12 ਸਿਰਲੇਖਾਂ ਹੇਠ ਵੰਡੀ ਇਹ ਕਿਤਾਬ ਪੜ੍ਹਨ ਦੇ ਨਾਲ਼-ਨਾਲ਼ ਦੇਖਣ ਵਾਲੀ ਵੀ ਹੈ। ਕਿਉਂਕਿ ਕਿਤਾਬ ਵਿਚ ਸ਼ਬਦ ਹੀ ਨਹੀਂ , ਅਰਪਣਾ ਦੇ ਚਿਤਰ ਵੀ ਹਨ। ਕਿਤੇ ਕਬੀਰ ਪਾਣੀ ਬੁਣ ਰਹੇ ਹਨ ਤੇ ਕਿਤੇ ਨਾਨਕ ਨੱਚ ਰਹੇ ਹਨ। ਇਹਨਾਂ ਚਿਤਰਾਂ ਵਿਚ ਬੁੱਧ ਦੀ ਸਮਾਧੀ ਵੀ ਹੈ ਤੇ ਸੋਹਣੀ ਦਾ ਹੌਸਲਾ ਵੀ। ਅਰਪਣਾ ਲਈ ਕਿਹੜੀ ਔਰਤ ਸੋਹਣੀ ਹੈ,ਦੇਖੋ, " ਮੇਰੇ ਲਈ ਹਰ ਔਰਤ ਸੋਹਣੀ ਹੈ ਜੋ ਪਾਣੀ 'ਚ ਛਾਲ ਮਾਰਨ ਦੀ ਹਿੰਮਤ ਰੱਖਦੀ ਹੈ। ਜੋ ਆਸਮਾਨ ਨੂੰ ਛੂਹ ਲੈਣਾ ਚਾਹੁੰਦੀ ਹੈ। ਜੋ ਜ਼ਿੰਦਗੀ 'ਚ ਸੰਘਰਸ਼ ਕਰਦੀ ਹੈ, ਉਹ ਸੋਹਣੀ ਹੈ।"

ਅਰਪਣਾ ਦੇ ਚਿਤਰ ਭਾਵੇਂ 1974 ਵਿਚ ਪਹਿਲੀ ਵਾਰ ਇਕ ਗਰੁੱਪ-ਸ਼ੋਅ ਵਿਚ ਦਰਸ਼ਕਾਂ ਦੇ ਦਰਸ਼ਨਾਂ ਲਈ ਸਾਹਮਣੇ ਆਏ ਪਰ ਉਹ ਅਜੇ 9 ਸਾਲ ਦੀ ਹੀ ਸੀ ਜਦੋਂ ਉਸਨੇ ਆਪਣੇ ਪਸੰਦ ਦੀ ਮਸ਼ਹੂਰ ਚਿਤਰਕਾਰਾ ਅੰਮ੍ਰਿਤਾ ਸ਼ੇਰਗਿਲ ਦੀ ਪੇਂਟਿੰਗ ਬਣਾਈ। ਪੰਜਾਬੀ ਦੀ ਸੁਪ੍ਰਸਿੱਧ ਕਥਾਕਾਰ ਅਜੀਤ ਕੌਰ ਨੇ ਆਪਣੀ ਧੀ ਅਰਪਣਾ ਨੂੰ ਆਪਣਾ ਨਾਂ ਖੁਦ ਰੱਖਣ ਦੀ ਇਜ਼ਾਜਤ ਦਿੱਤੀ ਹੋਈ ਸੀ। ਇਕ ਵਾਰ ਤਾਂ ਅਰਪਣਾ ਨੇ ਆਪਣਾ ਨਾਂ ਅੰਮ੍ਰਿਤਾ ਹੀ ਰੱਖ ਲਿਆ ਸੀ ਪਰ ਬਾਅਦ ਵਿਚ ਉਸਨੂੰ ਅਹਿਸਾਸ ਹੋਇਆ ਕਿ ਉਹ ਆਪਣਾ ਮੁਕਾਬਲਾ ਵੱਡੀ ਚਿਤਰਕਾਰਾ ਨਾਲ਼ ਕਰ ਰਹੀ ਹੈ, ਜੋ ਠੀਕ ਨਹੀਂ ਹੈ ਤਾਂ ਉਸਨੇ ਆਪਣਾ ਨਾਂ ਬਦਲ ਲਿਆ ਤੇ ਅਰਪਣਾ ਕੌਰ ਰੱਖ ਲਿਆ। ਤੇ ਅੱਜ ਅਰਪਣਾ ਕੌਰ ਦਾ ਨਾਂ ਵੀ ਕਲਾ-ਜਗਤ ਵਿਚ ਅਹਿਮ ਨਾਂ ਹੈ। ਤੇ ਕਿੰਨੀਆਂ ਹੀ ਨਵੀਆਂ ਚਿਤਰਕਾਰਾ ਆਪਣਾ ਨਾਂ ਅਰਪਣਾ ਰੱਖਣ ਬਾਰੇ ਸੋਚ ਰਹੀਆਂ ਹੋਣਗੀਆਂ। ਕਥਾਕਾਰ ਅਜੀਤ ਕੌਰ ਦੀ ਇੱਛਾ ਸੀ ਕਿ ਅਰਪਣਾ ਕਲਾ-ਸੰਸਾਰ ਵਿਚ ਇਕ ਵਿਲੱਖਣ ਚਿਤਰਕਾਰ ਦੇ ਤੌਰ 'ਤੇ ਜਾਣੀ-ਪਛਾਣੀ ਜਾਵੇ ਇਸੇ ਲਈ ਉਹਨੇ ਮਹਿੰਗੇ ਰੰਗਾਂ ਤੇ ਕੈਨਵਸਾਂ ਦੀ ਕਦੇ ਤੋਟ ਨਹੀਂ ਸੀ ਆਉਣ ਦਿੱਤੀ। ਇਸੇ ਕਰਕੇ ਅੱਜ-ਕੱਲ੍ਹ ਅਜੀਤ ਕੌਰ ਨੂੰ ਅਰਪਣਾ ਦੀ ਮਾਂ ਵਜੋਂ ਜਾਣਿਆ ਜਾਂਦਾ ਹੈ ਤੇ ਅਸੀਂ ਪੰਜਾਬੀ ਅਰਪਣਾ ਨੂੰ ਕਥਾਕਾਰ ਅਜੀਤ ਕੌਰ ਦੀ ਧੀ ਵਜੋਂ ਜਾਣਦੇ ਸਾਂ। ਅੱਜ ਦੋਹਾਂ ਦਾ ਆਪਣਾ ਮੁਕਾਮ ਹੈ ਤੇ ਆਪਣਾ ਨਾਂ ਥਾਂ। ਅਰਪਣਾ ਨੂੰ ਇਸ ਗੱਲ ਦੀ ਸੰਤੁਸ਼ਟੀ ਹੈ ਕਿ ਉਸਨੇ ਕਦੇ ਵੀ ਉਨ੍ਹਾਂ ਖਰੀਦਦਾਰਾਂ ਲਈ ਆਪਣੇ ਕੈਨਵਸ 'ਤੇ ਔਰਤ ਨੂੰ ਥਾਂ ਨਹੀਂ ਦਿੱਤੀ ਜਿੰਨ੍ਹਾਂ ਲਈ ਔਰਤ ਅੱਜ ਵੀ ਇਕ ਉਪਭੋਗਤਾ-ਵਸਤੂ ਤੋਂ ਵੱਧ ਕੁਝ ਨਹੀਂ ਹੈ।

ਜਦੋਂ ਤੋਂ ਅਰਪਣਾ ਨੇ ਬੁਰਸ਼ ਚੁੱਕੇ ਤੇ ਰੰਗਾਂ ਨਾਲ ਆਪਣੇ-ਆਪ ਨੂੰ ਰੰਗਣ ਲੱਗੀ ਤਾਂ ਮਾਂ ਅਜੀਤ ਕੌਰ ਦਾ ਇਕ ਸੁਫਨਾ ਇਹ ਵੀ ਸੀ ਕਿ ਧੀ ਕਲਾ ਦੀ ਪੜ੍ਹਾਈ ਲਈ ਵਿਦੇਸ਼ ਜਾਵੇ। ਕਰੀਬ ਤਿੰਨ ਦਹਾਕੇ ਪਹਿਲਾਂ ਅਰਪਣਾ ਨੂੰ ਲੰਡਨ ਤੋਂ

ਦੋ ਆਰਟ ਸਕਾਲਰਸ਼ਿਪ ਮਿਲੇ। ਪਰ ਅਰਪਣਾ ਨੂੰ ਦਿੱਲੀ ਨਾਲ਼ ਪਿਆਰ ਹੈ। ਇੱਥੇ ਹੀ ਉਸਨੂੰ ਸੁਕੂਨ ਮਿਲਦਾ ਹੈ। ਪਰ ਸ਼ੁਰੂਆਤੀ ਦੌਰ ਦੇ ਇਨ੍ਹਾਂ ਦੌਰਿਆਂ ਨੇ ਅਰਪਣਾ ਦੀ ਸਿਆਣ ਅੰਤਰਰਾਸ਼ਟਰੀ ਪੱਧਰ 'ਤੇ ਕਰਵਾਈ।1982 ਵਿਚ ਲੰਡਨ ਦੀ 'ਅਕਤੂਬਰ ਗੈਲਰੀ' ਵਿਚ ਅਰਪਣਾ ਦੀ ਪ੍ਰਦਰਸ਼ਨੀ ਹੋਈ। ਇਨ੍ਹਾਂ ਪੇਂਟਿੰਗਾਂ ਉੱਪਰ ਉਨ੍ਹਾਂ ਵੇਲਿਆਂ ਦੇ ਵੱਡੇ ਆਰਟ-ਕਰਿਟਕ ਵਾਲਦੀਮੇਰ ਜੌਨ੍ਹ ਨੇ 'ਸੰਡੇ ਗਾਰਡੀਅਨ' ਵਿਚ ਇਕ ਲੇਖ ਲਿਖਿਆ। ਇਸ ਤੋਂ ਬਾਅਦ ਅਰਪਣਾ ਕੌਰ ਦੀ ਕਲਾ ਕਈ ਦੇਸ਼ਾਂ, ਕਈ ਸ਼ਹਿਰਾਂ 'ਚ ਗਈ। ਇਹਦਾ ਕੰਮ ਸਲਾਹਿਆ ਗਿਆ। ਦਾਮ ਤੇ ਨਾਮ ਮਿਲੇ। ਪਰ ਜਿਉਂ ਹੀ ਪ੍ਰਦਰਸ਼ਨੀ ਖਤਮ ਹੋਈ ਤਾਂ ਅਰਪਣਾ ਵਾਪਸ ਦਿੱਲੀ। ਦਿੱਲੀ ਦਾ ਪਿਆਰ ਅਰਪਣਾ ਦੀਆਂ ਪੇਂਟਿੰਗਾਂ ਵਿਚ ਵੀ ਦੇਖਿਆ ਜਾ ਸਕਦਾ ਹੈ। ਅਰਪਣਾ ਕੌਰ ਦਾ ਸੁਭਾਅ ਅੰਤਰਮੁਖੀ ਹੈ। ਬਚਪਨ ਵਿਚ ਤਾਂ ਉਹ ਇਸ ਹੱਦ ਤੱਕ ਸੰਗਾਊ ਤੇ ਆਪਣੇ-ਆਪ ਨਾਲ਼ ਜੁੜੀ ਹੋਈ ਸੀ ਕਿ ਜੇਕਰ ਘਰ 'ਚ ਕੋਈ ਮਹਿਮਾਨ ਆ ਜਾਂਦਾ ਤਾਂ ਉਹ ਗੁਸਲਖਾਨੇ 'ਚ ਸਪੈਸ਼ਲ ਰੱਖੀ ਕੁਰਸੀ 'ਤੇ ਬੈਠੀ ਪੜ੍ਹਦੀ ਰਹਿੰਦੀ। ਇਸੇ ਲਈ ਪੇਂਟਿੰਗ ਨੇ ਉਹਨੂੰ ਜਾਂ ਫਿਰ ਉਹਨੇ ਪੇਂਟਿੰਗ ਨੂੰ ਚੁਣ ਲਿਆ। ਅਰਪਣਾ ਦਾ ਆਖਣਾ ਹੈ ਕਿ ਜਦੋਂ ਕੈਨਵਸ ਅੱਗੇ ਬਹਿ ਉਹ ਰੰਗਾਂ ਤੇ ਅਕਾਰਾਂ ਨਾਲ਼ ਖੇਡਣ ਲਗਦੀ ਹੈ ਤਾਂ ਦੁਨੀਆਂ ਤੋਂ ਕੱਟੀ ਜਾਂਦੀ ਹੈ ਤੇ ਆਪਣੀ ਹੀ ਦੁਨੀਆਂ ਵਿਚ ਰਮ ਜਾਂਦੀ ਹੈ।

ਅਰਪਣਾ ਕੌਰ ਆਪਣੇ ਚਾਰ ਦਹਾਕਿਆਂ ਦੇ ਇਸ ਸਫਰ ਵਿਚ ਹੁਣ ਤੱਕ ਦੇਸ਼-ਵਿਦੇਸ਼ ਵਿਚ ਸੈਂਕੜੇ ਪ੍ਰਦਰਸ਼ਨੀਆਂ ਵਿਚ ਆਪਣੇ ਚਿਤਰਾਂ ਨੂੰ ਪ੍ਰਦਰਸ਼ਿਤ ਕਰ ਚੁੱਕੀ ਹੈ। ਇਹਦੇ ਚਿਤਰ ਦੇਸ਼-ਵਿਦੇਸ਼ਾਂ ਦੇ ਪੈਂਤੀ ਦੇ ਕਰੀਬ ਅਜਾਇਬ-ਘਰਾਂ ਵਿਚ ਲੱਗੇ ਹੋਏ ਹਨ।ਪਰ ਇਹ ਸਫਰ ਇੰਨਾ ਸਹਿਜ ਸੁਖਾਲਾ ਨਹੀਂ ਰਿਹਾ। ਸ਼ੁਰੂ ਦੀਆਂ ਪ੍ਰਦਰਸ਼ਨੀਆਂ ਵਿਚ ਇਹਦੇ ਚਿਤਰਾਂ ਨੂੰ ਦੇਖਣ ਵਾਲਾ ਇਕ ਅੱਧ ਦਰਸ਼ਕ ਹੀ ਪਹੁੰਚਦਾ ਸੀ। ਸਗੋਂ ਅਰਪਣਾ ਕੌਰ ਦੇ ਦੋਸਤ ਵੀ ਮਜ਼ਾਕ ਕਰਦੇ ਕਿ ਕਦੋਂ ਤੱਕ 'ਇਕ ਦਰਸ਼ਕ' ਵਾਲੀਆਂ ਪ੍ਰਦਰਸ਼ਨੀਆਂ ਦਾ ਆਯੋਜਨ ਕਰਦੀ ਰਹੇਂਗੀ ? ਅਰਪਣਾ ਮੁਸਕਰਾਉਂਦੀ। ਉਹਨੂੰ ਪਤਾ ਹੈ ਕਿ ਦੂਜੀਆਂ ਰਚਨਾਤਮਿਕ ਕਲਾਵਾਂ ਵਾਂਗ ਪੇਂਟਿੰਗ ਵੀ ਇਕ ਖੁਮਾਰ ਹੈ। ਅਸੀਂ ਪੇਂਟਿੰਗ ਇਸੇ ਲਈ ਬਣਾਉਂਦੇ ਹਾਂ ਕਿ ਇਸ ਤਰ੍ਹਾਂ ਕਰਦਿਆਂ ਸਾਨੂੰ ਆਨੰਦ ਆਉਂਦਾ ਹੈ।ਅਰਪਣਾ ਦਾ ਆਖਣਾ ਹੈ, " ਮੇਰੇ ਲਈ ਇਹ ਇਕ ਤਰ੍ਹਾਂ ਦੀ ਪਿਆਸ ਹੈ, ਜਿਸਨੂੰ ਬੁਝਾਉਣ ਦਾ ਮੇਰੇ ਕੋਲ ਹੋਰ ਕੋਈ ਤਰੀਕਾ ਨਹੀਂ ਹੈ। ਇਹੋ ਪਿਆਸ ਮੈਨੂੰ ਉਨ੍ਹਾਂ ਰਾਹਾਂ 'ਤੇ ਲੈ ਜਾਂਦੀ ਹੈ, ਜਿੰਨ੍ਹਾਂ ਨੂੰ



ਆਪਣੀ ਪੇਂਟਿੰਗ ਵਿਚ ਤਲਾਸ਼ਦੀ ਨਜ਼ਰ ਆਉਂਦੀ ਹਾਂ। ਇਹੋ ਪਿਆਸ ਇਕ ਪੇਂਟਿੰਗ ਤੋਂ ਦੂਜੀ ਪੇਂਟਿੰਗ ਦਾ ਸਫਰ ਹੈ।" ਅਰਪਣਾ ਸਵੈ-ਸਿਖਿਅਤ ਪੇਂਟਰ ਹੈ। ਇਸੇ ਲਈ ਉਹਦਾ ਆਪਣਾ ਮੁਹਾਵਰਾ ਹੈ ਤੇ ਪਛਾਣ ਵੀ। ਇਕ ਲਕੀਰ ਦੇਖਦਿਆਂ ਹੀ ਅਸੀਂ ਆਖ ਸਕਦੇ ਹਾਂ ਕਿ ਇਹ ਅਰਪਣਾ ਦਾ ਹੱਥ ਹੈ। ਕਿਸੇ ਕਲਾਕਾਰ ਦੀ ਸਭ ਤੋਂ ਵੱਡੀ ਇਹੋ ਪ੍ਰਾਪਤੀ ਹੁੰਦੀ ਹੈ।'ਸਮੇਂ' ਨਾਂ ਦੀ ਸੀਰੀਜ਼ ਵਿਚ ਉਹ ਕੈਂਚੀ ਨੂੰ ਪ੍ਰਤੀਕ ਵਜੋਂ ਵਰਤਣ ਲੱਗੀ ਤੇ ਕਦੇ-ਕਦੇ ਮਾਪ-ਫੁੱਟਾ ਵੀ ਆ ਜਾਂਦਾ। ਜਦੋਂ ਅਸੀਂ ਇਨ੍ਹਾਂ ਪ੍ਰਤੀਕਾਂ ਨੂੰ ਡੀਕੋਡ ਕਰਦੇ ਹਾਂ ਤਾਂ ਸਮਝ ਪੈਂਦੀ ਹੈ ਕਿ ਕੈਂਚੀ ਜਿੱਥੇ ਬੰਧਨਾਂ ਨੂੰ ਕਟਦੀ ਹੈ ਉੱਥੇ ਉਹ ਰੋਜ਼ਮਰਾ ਦੀ ਜ਼ਿੰਦਗੀ ਵਿਚ ਕਿੰਨੇ ਅਕਾਰਾਂ ਨੂੰ ਜਨਮ ਦਿੰਦੀ ਹੈ। ਭਲਾਂ ਪਿਆਰ ਨੂੰ ਕਿਸੇ ਫੁੱਟੇ ਨਾਲ਼ ਮਿਣਿਆ ਜਾ ਸਕਦਾ ਹੈ ? ਜਾਂ ਫਿਰ ਆਖ ਸਕਦੇ ਹਾਂ ਕਿ ਕਿਸੇ ਚੀਜ਼ ਨੂੰ ਮਿਣਨ ਦਾ ਹਰ ਕਿਸੇ ਕੋਲ ਆਪਣਾ ਹੀ ਮਾਪ ਹੁੰਦਾ ਹੈ। ਇਸੇ ਲਈ ਯਸ਼ਵੰਤ ਵਿਆਸ ਹੁਰਾਂ ਦਾ ਆਖਣਾ ਹੈ ਕਿ ਇਸ ਕਿਤਾਬ 'ਚੋਂ ਗੁਜ਼ਰਦਿਆਂ ਇਸ ਗੱਲ ਦਾ ਅਹਿਸਾਸ ਸ਼ਿੱਦਤ ਨਾਲ਼ ਹੁੰਦਾ ਹੈ ਕਿ ਅਸੀਂ ਸਭ ਆਪਣੇ ਹੀ ਸੱਚ 'ਚ ਰੰਗੇ ਖੜ੍ਹੇ ਹਾਂ।

'ਜਿਸਕਾ ਮਨ ਰੰਗਰੇਜ' ਕਮਾਲ ਦੀ ਕਿਤਾਬ ਹੈ ਜਿਸ ਵਿਚ ਦੇਵ ਪ੍ਰਕਾਸ ਚੌਧਰੀ ਦੀ ਮਿਹਨਤ , ਕਲਾ ਤੇ ਕਲਾਕਾਰ ਦੇ ਪਿਆਰ ਧਿਆਨ ਨੂੰ ਬਹੁਤ ਕਰੀਬ ਤੋਂ ਦੇਖਿਆ ਗਿਆ ਹੈ। ਜੀਅ ਕਰਦਾ ਹੈ ਮੈਂ ਵੀ ਅਰਪਣਾ ਬਾਰੇ ਇਕ ਅਜਿਹੀ ਹੀ ਕਿਤਾਬ ਪੰਜਾਬੀ ਵਿਚ ਲਿਖਾਂ, ਜਦੋਂਕਿ ਪੰਜਾਬੀ ਵਿਚ ਅਜਿਹੀਆਂ ਕਿਤਾਬਾਂ ਦਾ ਰਿਵਾਜ਼ ਨਾ-ਮਾਤਰ ਹੈ। ਇਹ ਗੱਲ ਇਕ ਦਿਨ ਅਰਪਣਾ ਕੌਰ ਨਾਲ਼ ਕਰਨੀ ਹੈ ਕਿ ਉਹਦੇ ਹਰ ਚਿਤਰ ਦੇ ਹਰ ਕਰੈਕਟਰ ਵਿਚ ਉਹ ਆਪ ਹੀ ਦਿਸਦੀ ਹੈ। ਸਗੋਂ ਅੱਖਾਂ ਤਾਂ ਅਰਪਣਾ ਦੀਆਂ ਹੀ ਅੱਖਾਂ ਨੇ। ਇਹ ਅੱਖਾਂ ਆਪਣੇ-ਆਪ ਨੂੰ ਦੇਖਣ ਦਾ ਢੰਗ ਤਰੀਕਾ ਤਾਂ ਨਹੀਂ।

## ਮੈਂ ਜੋ ਇਤਿਹਾਸ ਹਾਂ / ਬਲਵਿੰਦਰ ਸੰਧੂ



ਦੂਰੋਂ
ਕੁਝ ਦੂਰੋਂ
ਦੂਰੋਂ ਕੁਝ ਦੂਰੋਂ
ਨਗਰ ਦੀ ਜੂਹ ਬਾਹਰੋਂ
ਮੇਰੀ ਨਜ਼ਰ ਮੇਰੇ ਬਸ਼ਰ ਨੂੰ
ਕਿਲੇ ਦੀ ਫਸੀਲ
ਤੇ ਮਹਿਲ ਮਮਟੀਆਂ ਹੀ
ਬਸ ਦਿਸਦੀਆਂ
ਨੀਹਾਂ 'ਚ ਚਿਣਿਆ ਜਹਾਨ
ਦੇਖਿਆ....ਅਣਦੇਖਿਆ ਰਹਿ ਜਾਂਦਾ
ਕਦੇ ਧੁੰਦ ਕਦੇ ਧੂੰਆਂ
ਤੇ ਕਦੇ ਮੇਰੀ ਆਪਣੀ ਹੀ
ਨਜ਼ਰ ਦਾ ਧੁੰਦਲਕਾ
ਵਿਚ ਵਿਚਾਲੇ ਆ ਖੜਦਾ
ਦੀਵਾਰ ਬਣ ਅੜਦਾ
ਜਿਸ ਨੂੰ ਨਗਰ ਦੀ ਦੇਹ ਹੇਠ
ਸਹਿਕਦਾ ਉਹ ਥੇਹ
ਕਦੇ ਨਜ਼ਰ ਨਾ ਪੈਂਦਾ ਥੇਹ ਕਿ
ਜਿਸ ਨੇ ਨਗਰ ਦੀ ਭਾਰੀ ਦੇਹ
ਸਦੀਆਂ ਤੋਂ ਸਿਰ ਚੁੱਕੀ ਹੋਈ
ਜਿਹੜੇ ਸੀਨੇ 'ਚ
ਸਲ੍ਹਾਬਾ, ਸਹਿਮ ਤੇ ਬੇਬਸੀ
ਹੈ ਵੱਸੀ ਹੋਈ ਇਹ ਮੇਰੀ
ਦ੍ਰਿਸ਼ਟੀ ਦੀ ਬੇਵਫ਼ਾਈ ਹੈ
ਜਾਂ ਮੇਰੇ ਹੁਨਰ ਦੀ ਸਫਾਈ
ਕਿ ਮੇਰੀ ਨਜ਼ਰ ਨੂੰ
ਕਿਲੇ ਦੀ ਫਸੀਲ
ਤੇ ਨਗਰ ਦੀਆਂ ਮਹਿਲ ਮਮਟੀਆਂ ਹੀ
ਬਸ ਦਿਸਦੀਆਂ
ਨੀਹਾਂ 'ਚ ਚਿਣਿਆ ਜਹਾਨ
ਦੇਖਿਆ ਅਣਦੇਖਿਆ ਰਹਿ ਜਾਂਦਾ....

## ਗਿੱਠਮੁਠੀਏ / ਸੰਦੀਪ ਸ਼ਰਮਾ

ਬਚਪਨ ਵਾਲੇ
ਵੀ ਕੀ ਦਿਨ ਸੀ
ਜੋ ਸੁਣ ਲੈਣਾ
ਜੋ ਤੱਕ ਲੈਣਾ
ਉਸੇ ਨੂੰ ਮਨ
ਵਿੱਚ ਰੱਖ ਲੈਣਾ
ਉਸੇ ਨੂੰ ਬੱਸ ਸੱਚ
ਮੰਨ ਲੈਣਾ

ਬੈਠੇ ਬੈਠੇ ਤੱਕਦੇ ਰਹਿੰਦੇ
ਚੰਨ 'ਚ ਬੈਠੀ
ਚਰਖਾ ਕੱਤਦੀ
ਬੁੱਢੀ ਮਾਈ
ਖੌਰੇ ਕੀ ਕੀ
ਬਾਤਾਂ ਪਾਉਂਦੀ
ਸੁਣਿਆ ਕਰਦੇ
ਧਰਤੀ ਹੇਠ
ਪਤਾਲ ਦੇ ਅੰਦਰ
ਨਿੱਕੇ ਨਿੱਕੇ
ਛੋਟੇ ਛੋਟੇ
ਬੱਸ ਇਕ ਮੁੱਠ ਤੇ
ਇਕ ਗਿੱਠ ਲੰਮੇ
ਗਿਠਮੁਠੀਏ ਨੇ ਰਹਿੰਦੇ
ਉਹਨਾਂ ਨੂੰ
ਮਿਲਨੇ ਦੀ ਚਾਹ ਵਿੱਚ
ਖੂਹ ਦੀ ਮੌਣ ਤੇ ਬੈਠੇ ਰਹਿਣਾ
ਜੀਅ ਕਰਨਾ
ਖੂਹ ਵਿੱਚ ਲਹਿ ਜਾਈਏ
ਗਿਠਮੁਠੀਆਂ ਨੂੰ
ਮਿਲ ਕੇ ਆਈਏ
ਵਾਹ ਵਾਹ
ਕਿੰਨੀਆਂ ਖ਼ੂਬ ਸੀ ਬਾਤਾਂ
ਅੰਮੜੀ ਦੀ ਨਿੱਘੀ ਬੁੱਕਲ਼
ਤੇ ਠਰੀਆਂ ਠਰੀਆਂ ਰਾਤਾਂ

ਪਰ ਜਦੋਂ ਦਾ
ਬਚਪਨ ਬੀਤ ਗਿਆ ਹੈ
ਮੌਸਮ ਠੰਡਾ ਸੀਤ ਜਿਹਾ ਹੈ
ਹੁਣ ਤਾਂ ਲੱਗਦਾ
ਜੀਕਣ ਸਾਰੇ
ਜੀਵਨ ਵਾਲੇ ਰਾਹ ਬਦਲੇ ਨੇ
ਸੋਚਾਂ ਸੱਧਰਾਂ ਰੀਝਾਂ ਸੁਪਨੇ
ਵਾਸਤੇ ਤੇ ਵਾਹ ਬਦਲੇ ਨੇ

ਹੁਣ ਤਾਂ
ਬੱਸ ਬੇਚੈਨੀ ਰਹਿੰਦੀ
ਸੁਰਤੀ ਪਲ ਵੀ
ਟਿਕ ਨਾ ਬਹਿੰਦੀ
ਅਹੁਦੇ ਰੁਤਬੇ
ਪਦਵੀਆਂ ਵਾਲੀ ਮਿੱਠੀ ਛਾਂ
ਮਾਣਨ ਦੀ ਇੱਛਾ
ਵੱਡੇ ਵੱਡੇ ਲੋਕਾਂ ਨੂੰ
ਜਾਣਨ ਦੀ ਇੱਛਾ
ਪਲ ਪਲ ਮਨ ਵਿੱਚ
ਪਲਦੀ ਰਹਿੰਦੀ
ਨੇੜੇ ਹੋ ਪਰ ਜਦ ਵੀ ਦੇਖਾਂ
ਦੂਰੋਂ ਦਿਸਦੇ ਵੱਡੇ ਲੋਕੀਂ
ਛੋਟੇ ਛੋਟੇ ਜਾਪਣ
ਉਦੋਂ ਹੀ ਫਿਰ ਬਚਪਨ ਵਾਲੇ
ਗਿੱਠਮੁਠੀਆਂ ਦੀ ਯਾਦ ਹੈ
ਆਉਂਦੀ
ਉਦੋਂ ਹੀ ਫਿਰ
ਪਤਾ ਹੈ ਲੱਗਦਾ
ਗਿਠਮੁਠੀਆਂ ਨੂੰ
ਮਿਲਨ ਦੀ ਖ਼ਾਤਰ
ਕਿਹੜੇ ਖੂਹ ਵਿੱਚ
ਲਹਿਣਾ ਪੈਂਦਾ..



## ਕਵਿਤਾਵਾਂ / ਰਾਠੇਸ਼ਵਰ ਸਿੰਘ ਰਾਠੀ (ਅਮਰੀਕਾ)



### ਮਸਲੇ

ਕੋਈ ਨਾ ਜਾਣੇ ਜਨਤਾ ਦਾ ਹੁਣ ਦਰਦ ਹੈ ਦੇਖੋ!
ਮਸਲਿਆਂ ਉੱਤੇ ਲੋਕਾ ਪੈ ਗਈ ਗ਼ਰਦ ਹੈ ਦੇਖੋ!

ਜੀ ਐਸ ਟੀ ਤੇ ਨੋਟਬੰਦੀ ਨੇ ਹਾਲ ਮੰਦੜੇ ਕੀਤੇ,
ਮਹਿੰਗਾਈ ਵੱਡਾ ਬਣ ਬੈਠੀ ਸਿਰਦਰਦ ਹੈ ਦੇਖੋ!

ਲਿੰਚਿੰਗ ਹੁੰਦੀ ਥਾਂ-ਥਾਂ ਉੱਤੇ ਅੱਖਾਂ ਮੀਚੀ ਬੈਠੇ,
ਹਾਕਮ ਕਿਤਨੇ ਹੋ ਗਏ ਅੱਜ ਬੇ-ਦਰਦ ਹੈ ਦੇਖੋ!

ਗੱਲ ਨੀ ਸੁਣਦੇ ਸਾਡੇ ਨੇਤਾ, ਵੋਟਾਂ ਮਗਰੋਂ ਕੋਈ,
ਗੱਦੀ ਹੈਨ ਬੈਠਾਉਣੇ ਵਾਲੇ ਜਾਵਣ ਜਦ ਹੈ ਦੇਖੋ!

ਕਾਂ ਬਣੇ ਜੋ ਹੰਸ ਨੇ ਫਿਰਦੇ ਲੋਕਾਂ ਲਏ ਪਛਾਣ,
ਝੂਠ ਇਨ੍ਹਾਂ ਦਾ ਹੋਇਆ ਹੁਣ ਬੇ-ਪਰਦ ਹੈ ਦੇਖੋ!

ਕਰੋ ਨਹੀਂ ਇਤਬਾਰ ਇਨ੍ਹਾਂ ਦੇ ਜੁਮਲਿਆਂ ਉੱਤੇ,
ਜਾਪੇ ਨਾ ਕੋਈ ਸਾਡਾ ਅੱਜ ਹਮਦਰਦ ਹੈ ਦੇਖੋ!

ਚੁਣ ਕੇ ਭੇਜੋ ਲੀਡਰ, ਜੇੜ੍ਹੇ ਹੱਲ ਕਰਾਵਣ ਮਸਲੇ,
ਅੱਛੇ ਕਿਰਦਾਰਾਂ ਵਾਲੇ, ਔਰਤਾਂ, ਮਰਦ ਹੈ ਦੇਖੋ।

### ਅੱਖੀਆਂ

ਅੱਖੀਆਂ ਦਾ ਨਹੀਂ ਦੋਸ਼ ਹੈ ਕੋਈ,
ਕੁੱਝ ਤੇ ਤੱਕਣਾ ਚਾਹੁਣਗੀਆਂ ਹੀ।

ਭੇਂਟ ਕਰੇ ਜਦ, ਫ਼ੁੱਲ ਕੋਈ ਸੂਹਾ,
ਨੀਵੀਂ ਪਾ, ਸ਼ਰਮਾਉਣਗੀਆਂ ਹੀ।

ਨਾ ਵੱਸ ਦੀ ਗੱਲ ਅੱਥਰੀਆਂ ਦੇ,
ਪਾ ਸੁਰਮਾ ਮਟਕਾਉਣਗੀਆਂ ਹੀ।

ਅਤਿ ਸੁੰਦਰ, ਜੋ ਮ੍ਰਿਗ ਨੈਣੀਆਂ,
ਧੂਹ ਦਿਲਾਂ ਨੂੰ ਪਾਉਣਗੀਆਂ ਹੀ।

ਵਿਚ ਜਵਾਨੀ, ਵੱਸ ਨਹੀਂ ਚੱਲਦਾ,
ਨਾਲ ਕਿਸੇ ਟਕਰਾਉਣਗੀਆਂ ਹੀ।

ਚੰਚਲ, ਸ਼ੋਖ਼, ਸ਼ਿਕਾਰੀ ਅੱਖੀਆਂ,
ਉੱਡਦੇ ਪੰਛੀ, ਫਾਹੁਣਗੀਆਂ ਹੀ।

ਮਾਹੀਆ ਛੱਡ ਪਰਦੇਸੀਂ ਤੁਰਿਆ,
ਰੋ-ਰੋ ਛਹਿਬਰ ਲਾਉਣਗੀਆਂ ਹੀ।

ਜਦ 'ਰਾਠੀ' ਕਰ ਲਈ ਤਿਆਰੀ,
ਅੱਥਰੂਚਾਰ, ਵਹਾਉਣਗੀਆਂ ਹੀ।

### ਹਾਉਮੈ ਤਗ ਬੰਦਿਆ

ਐਵੇਂ ਛੱਡਿਆ ਨਾ ਕਰ ਮੂਹੋਂ ਝੱਗ ਬੰਦਿਆ।
ਫਿਰੇਂ ਮਚਾਈ ਸਾਰੇ ਪਾਸੀਂ ਅੱਗ ਬੰਦਿਆ।

ਮਿੰਟਾਂ ਦੇ ਵਿਚ ਖ਼ਬਰ ਹੋ ਜਾਂਦੀ ਚਹੁੰ ਕੂੰਟੀਂ,
ਤੈਨੂੰ ਹੁਣ ਪਿਆ ਦੇਖੇ ਸਾਰਾ ਜੱਗ ਬੰਦਿਆ।

ਜਾਤਾਂ ਪਾਤਾਂ ਰੱਬ ਸੀ ਕਦੇ ਬਣਾਈਆਂ ਨਾ,
ਤੇਰਾ ਮੇਰਾ ਖ਼ੂਨ ਜੋ ਨਹੀਂ ਅਲੱਗ ਬੰਦਿਆ।

ਸਾਂਝੀਵਾਲਤਾ ਦਾ ਸੁਨੇਹਾ ਦੇਣ ਗ੍ਰੰਥ ਅਸਾਡੇ,
ਕੀ ਫਰਕ ਜੇ ਪਹਿਨੀ ਟੋਪੀ, ਪੱਗ ਬੰਦਿਆ।

ਨਾ ਕਰ ਧੱਕੇਸ਼ਾਹੀਆਂ ਨਿੱਤ ਮਜ਼ਲੂਮਾਂ ਉੱਤੇ,
ਆਹ ਕਿਸੇ ਦੀ ਨਾ ਜਾਵੇ ਹੈ ਲੱਗ ਬੰਦਿਆ।

ਹੰਕਾਰ ਜੋ ਬਹੁਤਾ ਕਰਨਾ, ਹੁੰਦਾ ਚੰਗਾ ਨਹੀਂ,
ਰਾਮਰਾਜ ਜੇ ਚਾਹੁੰਦੈਂ ਹਾਉਮੈਂ ਤੱਗ ਬੰਦਿਆ।

550 ਵਾਂ ਦਿਵਸ ਮਨਾਈਏ, ਬਾਬੇ ਨਾਨਕ ਦਾ,
'ਰਾਠੀ' ਤਾਰੇ ਜਿਸਨੇ ਪਾਪੀ, ਠੱਗ ਬੰਦਿਆ।

## ਕਦੇ ਕਦੇ / ਨਵਰੂਪ ਕੌਰ



ਕਦੇ ਕਦੇ ਲੱਗਦਾ ਹੈ
ਕਿ ਖਾਲੀ ਖਾਲੀ ਹੈ
ਮੇਰੇ ਅੰਦਰਲਾ ਸਾਰਾ ਅਸਮਾਨ
ਪੰਛੀ, ਚੰਨ, ਸੂਰਜ, ਬਦਲੋਟੀ
ਨਾ ਕੋਈ ਮਹਿਕੀ ਹਵਾ

ਕਦੇ
ਤੇਜ਼ ਹਵਾਵਾਂ ਦੇ ਆਖੇ ਲੱਗ
ਰੇਤ ਵਾਂਗ ਬਿਖਰ ਜਾਂਦੀ ਹਾਂ
ਕਦੇ ਵਾਵਰੋਲਿਆਂ ਸੰਗ ਮਿਲ ਕੇ
ਕਿਸੇ ਵੀਰਾਨ ਥਾਂ ਤੇ
ਇਕੱਠੀ ਹੋ ਜਾਂਦੀ ਹਾਂ

ਕਦੇ ਕਦੇ
ਇਹ ਵੀ ਲੱਗਦਾ ਹੈ ਕਿ ਜੰਗਲ ਦੀ
ਪਰਿਕਰਮਾ ਕਰਦਿਆਂ
ਕਿਤੇ ਗੁੰਮ ਤਾਂ ਨਹੀਂ
ਗਿਆ ਮੇਰਾ ਰਾਹ ਰੇਤ ਉੱਪਰੋਂ
ਮਿਟ ਤਾਂ ਨਹੀਂ ਗਈ ਮੇਰੀ ਪੈੜ
ਦੇਹੀ ਦੇ ਸਾਜ ਵਿਚੋਂ
ਕੀਤੇ ਮੁੱਕ ਤਾਂ ਨਹੀਂ ਗਿਆ ਸੰਗੀਤ

ਕਦੇ ਕਦੇ
ਮਹਿਸੂਸ ਹੁੰਦਾ ਹੈ ਇਹ ਵੀ
ਕਿ ਬਰਫੀਲੇ ਤੂਫ਼ਾਨਾਂ ਵਿਚ
ਭਿੱਜ ਗਏ ਨੇ ਮੇਰੇ
ਖੰਭ ਅੰਬਰ ਲੱਗੇ
ਥੱਕ ਗਈ ਹੈ ਮੇਰੀ ਪਰਵਾਜ਼
ਕਿਧਰੇ ਸ਼ੋਰ ਵਿਚ ਹੀ
ਗੁੰਮ ਗੁਆਚ ਗਈ ਹੈ
ਸੁਰੀਲੀ ਆਵਾਜ਼
ਜੁਆਬ ਦੀ ਤਲਬ ਵਿਚ
ਦਮ ਤੋੜ ਗਿਆ ਹੈ
ਮੇਰਾ ਨੰਨ੍ਹਾ ਜਿਹਾ ਸੁਪਨਾ
ਕਦੇ ਕਦੇ
ਮਹਿਸੂਸ ਹੁੰਦਾ ਹੈ ਇਹ ਵੀ।

## ਗੂੰਗੇ ਅਲਫ਼ਾਜ਼ / ਸਵਰਨ ਸਿੰਘ

ਜਜ਼ਬਾਤਾਂ ਦਾ ਹੁੰਦਾ ਨਹੀਂ
ਕੋਈ ਰੰਗ ਤੇ ਰੂਪ
ਫਿਰ ਵੀ ਛੱਡ ਜਾਂਦੇ ਨੇ
ਇਹ ਚਿਹਰੇ ਉੱਤੇ
ਆਪਣਾ ਵਿਲੱਖਣ ਰੰਗ

ਜਜ਼ਬਾਤਾਂ ਦਾ ਹੁੰਦਾ ਨਹੀਂ ਕੋਈ
ਵਿਸ਼ੇਸ਼ ਲਿਬਾਸ
ਇਹ ਤਾ ਘੁੰਮਦੇ ਨੇ ਨੰਗੇ
ਨਾਂਗੇ ਸਾਧੂਆਂ ਵਾਂਗ
ਨੰਗੇਜ਼ ਤੋਂ ਬੇਖਬਰ



ਜਜ਼ਬਾਤਾਂ ਦੀ ਹੁੰਦੀ
ਨਹੀਂ ਕੋਈ ਜਾਤ
ਨਾ ਹੀ ਕੋਈ ਧਰਮ
ਇਹ ਤਾਂ ਘੁੰਮਦੇ ਨੇ ਅਕਸਰ
ਬੇਖ਼ੌਫ਼ ਬੇ ਰੋਕ ਟੋਕ
ਜੰਗਲੀ ਜ਼ਾਨਵਰਾਂ ਦੀ ਤਰਾਂ
ਜਜ਼ਬਾਤਾਂ ਦੀ ਹੁੰਦੀ ਨਹੀਂ ਕੋਈ
ਆਪਣੀ ਭਾਸ਼ਾ
ਫਿਰ ਵੀ ਕਰਦੇ ਨੇ ਗ਼ੁਫ਼ਤਗੂ
ਲਫ਼ਜ਼ਾਂ ਦੀਆਂ
ਬੈਸਾਖੀਆਂ ਤੋਂ ਬਿਨਾਂ
ਪਸ਼ੂ ਪੰਛੀਆਂ ਦੀ ਤਰਾਂ ।
ਜਜ਼ਬਾਤਾਂ ਅੰਦਰ ਵੀ ਹੁੰਦੀ ਹੈ
ਜਿਉਂਦੀ ਜਾਨ
ਜਿਸਦੇ ਸਾਹ ਰੁਕਦਿਆਂ ਹੀ
ਹੋ ਜਾਂਦਾ ਹੈ ਇਨਸਾਨ
ਇੱਕ ਜਿਉਂਦੀ ਲਾਸ਼ ।

ਜਜ਼ਬਾਤ ਹੁੰਦੇ ਨਹੀਂ ਕਦੇ
ਅਲਫ਼ਾਜ਼ਾਂ ਦੇ ਗੁਲਾਮ
ਕਰ ਲੈਂਦੇ ਨੇ ਗੂੰਗੇ ਅਲਫ਼ਾਜ਼ ਵੀ
ਆਪਣੀ ਗੱਲ
ਗੂੰਗਿਆਂ ਦੀ ਤਰਾਂ ।

## ਉਤਾਂਹ ਟੰਗੀ ਰੋਟੀ / ਸੀਮਾ ਜੈ ਵਿਸ਼ਾਲ

ਹੌਂਸਲੇ ਵਾਲੀਆਂ ਔਰਤਾਂ
ਗੀਤ ਘੱਟ ਹੀ ਗਾਉਂਦੀਆਂ ਨੇ
ਸਜਦੀਆਂ ਸੰਵਰਦੀਆਂ ਵੀ
ਘੱਟ ਹੀ
ਮੱਥੇ ਤੇ ਹੱਥਾਂ ਦੀਆਂ ਲਕੀਰਾਂ ਵੱਲ
ਘੱਟ ਹੀ ਦੇਖਦੀਆਂ ਨੇ
ਗੰਦੀਆਂ ਨੀਤਾਂ ਨੂੰ ਵੀ
ਘੱਟ ਹੀ ਪੜ੍ਹਦੀਆਂ
ਨਹੀਂ ਸੋਚਦੀਆਂ
ਹੱਥਾਂ ਨੂੰ ਕਿਉਂ ਨਹੀਂ
ਸੁਲਾਹੁੰਦਾ ਕੋਈ
ਮੱਥੇ ਨੂੰ ਕਿਉਂ ਨਹੀਂ ਚੁੰਮਦਾ ਕੋਈ
ਬਿਜ਼ੀ ਰਹਿੰਦੀਆਂ ਨੇ
ਬਲੱਡੀ ਸਮਾਜ ਵਿੱਚ
ਉਤਾਂਹ ਟੰਗੀ ਰੋਟੀ
ਲਾਹ ਕੇ ਖਾਣੇ ਤੇ ਖਵਾਉਣ 'ਚ
ਹੌਂਸਲੇ ਵਾਲੀਆਂ ਔਰਤਾਂ ਦੇ
ਹੱਥਾਂ ਨੂੰ ਮੱਥ ਨੂੰ
ਚੁੰਮ ਲੈਂਦੇ ਨੇ ਸ਼ਬਦ ਬਣ
ਮੇਰੇ ਬੁੱਲ।



## ਕਹਾਣੀ / ਤਿਲਕਣ / ਅੰਜਨਾ ਸ਼ਿਵਦੀਪ

ਹਰ ਇਸ਼ਕ ਆਪਣੇ ਅੰਜ਼ਾਮ ਨੂੰ ਪਹੁੰਚੇ, ਏਹ ਜ਼ਰੂਰੀ ਤਾਂ ਨਹੀਂ। ਏਹ ਤਾਂ ਤੁਸੀਂ ਵੀ ਮੰਨਦੇ ਹੋਣੇ। ਪਰ... ਹਰ ਇਸ਼ਕ ਆਖ਼ਰੀ ਹੋਵੇ, ਏਹ 'ਉਹ' ਨਹੀਂ ਸੀ ਮੰਨਦੀ। 'ਉਹ'.....ਉਹ ਕੌਣ??....ਸੁੱਖੀ ਹੋਰ ਕੌਣ!

ਪਰ ਤੁਸੀਂ ਕਿਵੇਂ ਜਾਣੋਂਗੇ ਸੁੱਖੀ ਨੂੰ। ਉਹ ਨੂੰ ਤਾਂ ਉਹ ਖੁਦ ਵੀ ਨਹੀਂ ਜਾਣਦੀ....ਹਾ.ਹਾ..ਹਾ...ਹਾ। ਹੱਸਦੀ ਤਾਂ ਮੈਂ ਇਸ ਲਈ ਹਾਂ ਕਿ ਹੁਣ ਮੈਂ ਤੁਹਾਨੂੰ ਏਹ ਕਹੂੰ ਬਈ ਕਿ ਮੈਂ ਜਾਣਦੀ ਹਾਂ ਉਹਨੂੰ। ਪਰ ਏਹ ਤਾਂ ਭਰਮ ਹੈ। ਉਹਨੂੰ ਕੋਈ ਨੀਂ ਜਾਣਦਾ। ਸ਼ਕਲੋਂ ਤਾਂ ਉਹਨੂੰ ਪਹਿਚਾਣਿਆ ਜਾ ਸਕਦੈ?.....ਹਾਂ ਜ਼ਰੂਰ!

ਪਿੰਡ ਵਿੱਚ ਸਾਡੇ ਘਰ ਇੱਕ-ਦੂਏ ਦੇ ਨੇੜੇ ਸੀ। ਅਸੀਂ ਇਕੱਠੀਆਂ ਨੇ ਇੱਕੋ ਦਿਨ ਸਕੂਲ ਜਾਣਾ ਸ਼ੁਰੂ ਕਰਿਆ ਸੀ। ਪਹਿਲੇ ਦਿਨ ਉਹਦਾ ਵੱਡਾ ਭਾਈ ਉਹਨੂੰ ਤੇ ਮੈਨੂੰ ਸਕੂਲ ਦਾਖ਼ਲ ਕਰਾਉਣ ਗਿਆ ਸੀ। ਮੇਰੇ ਚੇਤਿਆਂ ਵਿੱਚ ਉਹਦੀ ਪਹਿਲੀ ਝਲਕ ਸਾਂਭੀ ਪਈ ਹੈ। ਥੋੜ੍ਹੀ ਸਾਂਵਲੀ, ਭਰੇ ਵਾਲਾਂ ਵਾਲੀ, ਗੁਲਾਬੀ ਫ਼ਰਾਕ ਤੇ ਲਾਲ ਰਿਬਨਾਂ ਵਾਲੀ, ਰਤਾ ਖਿਝੀ-ਖਿਝੀ, ਲੜਾਕੀ ਜਿਹੀ ਕੁੜੀ! ਪੰਜਵੀਂ ਤੱਕ ਪੜ੍ਹਦਿਆਂ ਉਹ ਅਨੇਕਾਂ ਵਾਰ ਕੁੜੀਆਂ-ਮੁੰਡਿਆਂ ਨੂੰ ਕੁੱਟ ਚੁੱਕੀ ਸੀ। ਕੁੱਟਦੀ ਤਾਂ ਉਹ ਹਰ ਵਾਰ ਨੰਬਰ ਵੀ ਵਧੀਆ ਸੀ। ਦਿਮਾਗ਼ ਪੜ੍ਹਾਈ ਵਿੱਚ ਵੀ ਉਹਦਾ ਬਹੁਤ ਚਲਦਾ ਸੀ। ਉਹਦੀ ਦੋਸਤੀ ਦੇ ਫ਼ਾਇਦੇ ਵੀ ਬਹੁਤ ਸੀ ਤੇ ਨੁਕਸਾਨ ਵੀ। ਫ਼ਾਇਦਾ ਛੇਤੀ ਕੀਤੇ ਕੋਈ ਪੰਗਾ ਨਹੀਂ ਸੀ ਲੈਂਦਾ ਤੇ ਨੁਕਸਾਨ ਏਹ ਕਿ ਉਹਦੇ ਲੜਾਈ-ਝਗੜੇ ਵਿਚ ਵਾਧੂ ਦਾ ਮੇਰਾ ਨਾਂ ਵੀ ਆ ਜਾਂਦਾ। ਸੁੱਖੀ ਦਾ ਸਮਾਨਅਰਥੀ ਸ਼ਬਦ ਹੁਣ 'ਲੜਾਕੀ' ਹੋ ਗਿਆ ਸੀ। ਛੇਵੀਂ ਜਮਾਤ ਵਿੱਚ ਹਾਈ ਸਕੂਲ ਵੜਦਿਆਂ ਹੀ ਉਹ ਜਿਵੇਂ ਬਦਲ ਗਈ। ਤੁਸੀਂ ਸੋਚਦੇ ਹੋਣੇ ਉਹਨੇ ਲੜਾਈ ਕਰਨੀ ਛੱਡ ਦਿੱਤੀ ਹੋਣੀ ਐ। ਲੈ......ਐਂ ਕਦੇ ਛੁੱਟਦੈ ਕੁਝ! ਜਵਾਨੀ ਦੀਆਂ ਬਰੂਹਾਂ 'ਤੇ ਖੜ੍ਹੀ ਸੁੱਖੀ ਹੁਣ 'ਲੜਾਕੀ' ਨਹੀਂ....ਸਗੋਂ 'ਲੜਾਕੀ ਮੇਰੀ ਅੱਖ ਸੱਜਣਾ' ਵਾਲੀ ਅਵੱਸਥਾ ਵਿਚ ਆ ਗਈ ਸੀ। ਉਹਦਾ ਸਾਂਵਲਾ ਰੰਗ ਮੀਂਹ ਪੈਣ 'ਤੇ ਨਿਖਰੇ ਅੰਬਰ ਵਾਂਗ ਵਾਂਗ ਨਿਖਰ ਗਿਆ ਸੀ। ਉਹਦੀਆਂ ਅੱਖਾਂ ਵਿਚੋਂ ਹਲਕਾ ਜਿਹਾ ਸੁਰਮਾ ਉਹਦੀ ਤੱਕਣੀ ਵਿੱਚ ਕੋਈ ਨਸ਼ਾ ਘੋਲ ਰਿਹਾ ਸੀ। ਸੁਰਮਾ ਪਾਉਣਾ ਤਾਂ ਜਮਾਤ ਦੀਆਂ ਕਈ ਕੁੜੀਆਂ ਨੂੰ ਆ ਗਿਆ ਸੀ.....ਪਰ......ਸੁੱਖੀ ਨੂੰ 'ਸੁਰਮਾ ਮਟਕਾਉਣਾ' ਆ ਗਿਆ ਸੀ।

ਹੁਣ ਉਹ ਲੜਦੀ ਤਾਂ ਸੀ ਪਰ ਸਿਰਫ਼ ਕੁੜੀਆਂ ਨਾਲ....। ਮੁੰਡਿਆਂ ਨੂੰ ਉਹ ਪੜ੍ਹਾਈ ਵਿੱਚ ਮੱਦਦ ਕਰਦੀ ....ਉਹਨਾਂ ਦੇ ਬੈਂਚਾਂ 'ਤੇ ਚੜ੍ਹਕੇ ਬਹਿ ਜਾਂਦੀ। ਉਹਨਾਂ ਦੀਆਂ ਰੋਟੀਆਂ ਵਿਚੋਂ ਠੁੰਗਾਂ-ਠਾਂਗੀ ਕਰਦੀ। ਮਾਸਟਰਨੀਆਂ ਤੋਂ ਉਹ ਦੋ ਹੱਥ ਦੂਰ ਹੀ ਰਹਿੰਦੀ ਪਰ ਮਾਸਟਰਾਂ ਦੀਆਂ ਕੁਰਸੀਆਂ ਤੇ ਉਲਰ ਉਲਰ ਦੰਦ ਕੱਢਦੀ ਰਹਿੰਦੀ। ਮਾਸਟਰਨੀਆਂ ਉਹਨੂੰ ਝਿੜਕਦੀਆਂ।



ਪਰ ਤਿੰਨ ਭਾਈਆਂ ਦੀ ਇਕੱਲੀ ਭੈਣ.....ਮਾਂ ਪਿਉ ਦੀ ਲਾਡਲੀ। ਬਾਪ ਉਹਦਾ ਸਰਕਾਰੀ ਮੁਲਾਜ਼ਮ। ਭਾਈ ਉਹਦੇ ਵੱਡੇ ਸ਼ਹਿਰਾਂ ਵਿੱਚ ਪੜ੍ਹਾਈ ਕਰਦੇ। ਇੱਕ ਫਾਰਮੇਸੀ, ਦੂਜਾ ਟੈਕਸਟਾਈਲ ਇੰਜਨੀਅਰਿੰਗ ਤੇ ਤੀਜਾ ਬਠਿੰਡੇ ਕੋਈ ਡਿਪਲੋਮਾ ਕਰਦਾ। ਉਹਨਾਂ ਸਮਿਆਂ ਵਿੱਚ......ਸਾਰੇ ਮਾਪੇ ਪਿੰਡ ਵਿੱਚ ਪੜ੍ਹਾਈ ਦਾ ਮਤਲਬ ਸਿਰਫ਼ ਦਸਵੀਂ-ਬਾਰਵੀਂ ਹੀ ਸਮਝਦੇ ਸੀ। ਹੁਣ ਤੁਸੀਂ 'ਉਹਨਾਂ ਸਮਿਆਂ' ਬਾਰੇ ਪੁੱਛੋਂਗੇ। ਕੋਈ ਬਹੁਤਾ ਨਹੀ ਤੀਹ-ਪੈਂਤੀ ਸਾਲ ਪਹਿਲਾਂ.....ਜਦੋਂ ਸੁੱਖੀ ਹਾਈ ਸਕੂਲ ਵਿੱਚ ਪੜ੍ਹਦੀ ਸੀ। ਜਦੋਂ ਟਾਂਵੇ-ਟਾਂਵੇ ਘਰ ਦੇ ਟੈਲੀਵਿਜ਼ਨ ਅਜੇ ਆਇਆ ਹੀ ਸੀ। 'ਰਾਮਾਇਣ' ਨਾਟਕ ਦੇਖਣ ਨਾਲ ਆਂਢੀਆਂ-ਗੁਆਂਢੀਆਂ ਵਿੱਚ ਪਿਆਰ ਵਧਣ ਲੱਗਿਆ ਸੀ। ਜਦੋਂ 'ਰੰਗੋਲੀ' ਦੀਆਂ ਚੁੰਨੀਆਂ ਹਾਲੇ ਬਾਜ਼ਾਰ ਵਿੱਚ ਸੱਤਰੰਗੀ ਪੀਂਘ ਪਾਉਣ ਲੱਗੀਆਂ ਸੀ। ਜਦੋਂ....ਜਦੋਂ....ਬਸ, ਹੁਣ ਤੁਸੀਂ ਸਮਝ ਹੀ ਗਏ ਹੋਣੇ....ਕਦੋਂ। ਬਸ ਉਦੋਂ....ਤੇਰਾਂ ਸਾਲ ਦੀ ਉਮਰੇ ਉਹਨੂੰ 'ਪਹਿਲਾ ਇਸ਼ਕ' ਹੋਇਆ ਸੀ। ਸੱਤਵੀਂ ਜਮਾਤ 'ਚ ਪੜ੍ਹਦੀ ਸੁੱਖੀ ਨੂੰ ਦਸਵੀਂ ਜਮਾਤ ਦੇ ਮੁੰਡੇ ਨੇ ਮੋਹ ਲਿਆ ਸੀ....ਕੀ ਪਤਾ ਏਸਦੇ ਉਲਟ ਹੋਵੇ ਕਿ ਦਸਵੀਂ ਜਮਾਤ ਵਿੱਚ ਪੜ੍ਹਦੇ ਮੁੰਡੇ ਨੂੰ ਸੁੱਖੀ ਨੇ ਮੋਹ ਲਿਆ ਸੀ.....ਪਰ ਹੈਗਾ ਇਹੋ ਜਿਹਾ ਹੀ ਕੁਝ ਸੀ। ਸਕੂਲ ਦੀ ਖਸਤਾ ਹਾਲ ਇਮਾਰਤ ਦੇ ਪਿਛਵਾੜੇ ਕਿੱਕਰਾਂ ਤੇ ਬੇਰੀਆਂ ਦੇ ਝੁੰਡ ਕੋਲ ਕੁੜੀਆਂ ਲਈ ਬਣੇ ਪਖਾਨੇ ਵਿੱਚ ਮਲ ਤੇ ਮੂਤਰ ਦੀ 'ਮਿਸ਼ਰਿਤ ਮੁਸ਼ਕ' ਵਿਚਾਲੇ ਖੜਕੇ ਉਹਨੇ ਮੈਨੂੰ ਦਸਵੀਂ ਜਮਾਤ ਦੇ ਮੁੰਡੇ ਦਾ ਲਿਖਿਆ ਲੈਟਰ ਪੜ੍ਹਾਇਆ। ਤੁਸੀਂ ਮੇਰਾ ਸੱਚ ਮੰਨੀਓ, ਏਹ ਪਹਿਲਾ ਮੌਕਾ ਸੀ ਜਦੋਂ ਮੈਂ ਸਕੂਲ ਦੀਆਂ ਕਿਤਾਬਾਂ ਤੋਂ ਬਿਨਾਂ 'ਕੁਝ ਹੋਰ' ਪੜ੍ਹਿਆ ਸੀ। ਮੈਂ ਪੜ੍ਹਿਆ...ਪਰ ਸਮਝ ਘੱਟ ਹੀ ਆਇਆ। ਮੁੰਡੇ ਦੀ 'ਲਿਖਤ' ਵਿਆਕਰਨਕ ਗਲਤੀਆਂ ਨਾਲ ਭਰੀ ਪਈ ਸੀ। ਤੁਸੀਂ ਵੀ ਨਮੂਨਾ ਦੇਖੋ, ''ਸੋਨੀਏ ਮੇ ਤੇਰਾ ਬੀਨ ਰੇਹ ਨੀ ਸਕਦਾ.....ਤੇਨੂੰ ਦੇਖਾ ਬੀਨ ਮਾਰਾ ਦੀਲ ਨਹਿ ਲਾਗਦਾ।'' ਉਹਦੀ ਲਿਖੀ ਗੱਲ ਸਮਝਣ ਲਈ ਦਿਮਾਗ਼

'ਤੇ ਜ਼ੋਰ ਪਾਉਣਾ ਪੈਂਦਾ, ਮੈਨੂੰ। ਮੇਰੇ ਕੁਝ ਪੱਲੇ ਨਾ ਪਿਆ। ਪਰ ਸੁੱਖੀ ਦਾ ਪੱਲਾ ਤਾਂ ਜਿਵੇਂ ਖੁਸ਼ੀਆਂ ਨਾਲ ਭਰਿਆ ਪਿਆ ਸੀ। ਹੁਣ ਉਹਦੇ ਗੇੜੇ ਦਸਵੀਂ ਜਮਾਤ ਦੇ ਕਮਰੇ ਨੇੜੇ ਲੱਗਣ ਲੱਗੇ। ਸਕੂਲੋਂ ਘਰ ਜਾਂਦਿਆਂ ਮੈਨੂੰ ਕਈ ਵਾਰ ਲੱਗਿਆ ਕਿ ਦਸਵੀਂ ਜਮਾਤ ਦਾ ਮੁੰਡਾ ਆਪਣਾ 'ਬੋਰੀ ਦਾ ਝੋਲਾ' ਚੁੱਕੀ ਕਦੇ ਸਾਡੇ ਮੂਹਰੇ ਜਾ ਰਿਹਾ ਹੁੰਦਾ.....ਤੇ ਕਦੇ ਸਾਡੇ ਪਿੱਛੇ। ਸੁੱਖੀ ਸਾਰੇ ਰਾਹ ਅੱਗੇ-ਪਿੱਛੇ ਝਾਕਦੀ.......ਹਿੜ-ਹਿੜਾਉਂਦੀ ਰਹਿੰਦੀ। 'ਲੈਟਰਾਂ' ਦਾ ਆਦਾਨ-ਪ੍ਰਦਾਨ ਚਲਦਾ ਰਹਿੰਦਾ। ਪਤਾ ਨਹੀਂ ਸੁੱਖੀ ਕਿਹੜੇ ਵੇਲੇ ਲੈਟਰ ਸੁੱਟ ਦਿੰਦੀ.....ਕਿਹੜੇ ਵੇਲੇ ਚੁੱਕ ਲਿਆਉਂਦੀ। ਸਾਨੂੰ ਕੀ ਪਤਾ ਡੱਡਾਂ ਕਿਹੜੇ ਵੇਲੇ ਪਾਣੀ ਪੀਂਦੀਆਂ ਨੇ....। 'ਡੱਡ'....ਡੱਡ.....ਕਿੰਨਾ ਗੰਦਾ ਜਿਹਾ ਹੁੰਦੈ....ਛੜੱਪੇ ਮਾਰਦਾ.....ਗੜੈਂ-ਗੜੈਂ ਕਰਦਾ। ਮੈਂ ਪੜ੍ਹਿਆ ਸੀ ਇੱਕ ਲੈਟਰ 'ਚ ਮੁੰਡੇ ਨੇ ਸੁੱਖੀ ਨੂੰ 'ਮੇਰੀ ਡੱਡ' ਲਿਖਿਆ ਸੀ। ਪਤਾ ਨੀਂ ਉਹ ਤਾਂ ਹੀ 'ਛੜੱਪੇ' ਮਾਰਦੀ ਫਿਰਦੀ ਸੀ।

ਇੱਕ ਲੈਟਰ 'ਚ ਮੁੰਡੇ ਨੇ ਲਿਖਿਆ ਸੀ-

ਕਾਲਾ ਸੂਟ ਸੋਨੀਏ ਸਮਾ ਦਉਂਗਾ,
ਤੇਨੂੰ ਇਸ਼ਕ ਦਾ ਮਜ਼ਾ ਦੁਆ ਦਉਂਗਾ...

'ਇਸ਼ਕ' ਏਹ ਭਲਾ ਕੀ ਹੋਇਆ? ਸੁੱਖੀ ਨੇ ਏਹਦਾ 'ਸਰਲ-ਅਰਥ' ਕੀਤਾ ਪਿਆਰ। ਹੁਣ ਉਹ 'ਲੈਟਰ' ਨੂੰ 'ਲਵ-ਲੈਟਰ' ਕਹਿੰਦੀ। ਉਹਨੇ ਕਾਪੀ ਦੀ ਜਿਲਦ ਵਿੱਚ ਕਿੰਨੇ ਹੀ ਲਵ-ਲੈਟਰ ਲੁਕੋ ਰੱਖੇ ਸੀ। ਹੁਣ ਉਹਦੇ ਲਵ-ਲੈਟਰਾਂ ਦੀਆਂ 'ਪਾਠਕ' ਜਮਾਤ ਦੀਆਂ ਹੋਰ ਕੁੜੀਆਂ ਵੀ ਸਨ। ਹੁਣ ਉਹ ਇਸ਼ਕ ਵਿੱਚ 'ਬਹਾਦਰ' ਹੋ ਗਈ....ਪਤਾ ਨੀਂ ਭਾਈ 'ਨਿਸ਼ੰਗ'। ਜਮਾਤ ਦੀ ਵੱਡੀ ਉਮਰ ਦੀ ਕੁੜੀ ਜੀਤੀ ਨਾਲ ਉਹਦੀ ਬਹੁਤ ਬਣਨ ਲੱਗੀ। ਅੱਧੀ ਛੁੱਟੀ ਕਈ ਵਾਰ ਉਹ ਜੀਤੀ ਦੇ ਘਰ ਰੋਟੀ ਖਾਣ ਜਾਂਦੀ। ਰੋਟੀ ਦਾ ਤਾਂ ਪਤਾ ਨੀਂ ਪਰ ਹੁਣ ਉਹ ਜ਼ਿਆਦਾ ਹੀ 'ਰੱਜੀ-ਰੱਜੀ' ਰਹਿੰਦੀ।

ਫੇਰ ਇੱਕ ਦਿਨ ਉਹ ਅਚਾਨਕ ਰੋਣ ਬਹਿ ਗਈ....ਅਖੇ ਮੁੰਡੇ ਦੀ ਮੰਗਣੀ ਹੋ ਗਈ। ਕਾਪੀ ਦੀ ਜਿਲਦ ਵਿਚਲੇ ਲਵ-ਲੈਟਰਾਂ ਦਾ 'ਪਾਠ' ਕਰਦੀ ਰਹਿੰਦੀ। ਕਿੰਨੇ ਦਿਨ ਉਹ ਦਸਵੀਂ ਜਮਾਤ ਦੇ ਕਮਰੇ ਵੱਲ ਨਾ ਗਈ। ਘਰ ਜਾਂਦਿਆਂ ਵੀ ਨੱਕ ਦੀ ਸੇਧ ਸਿੱਧੀ ਤੁਰਦੀ। 'ਬੋਰੀ ਦਾ ਝੋਲਾ' ਹੁਣ ਅੱਗੇ-ਪਿੱਛੇ ਕਿਤੇ ਨਹੀਂ ਦਿਸਦਾ ਸੀ। ਕੁਝ ਦਿਨ ਉਹ ਸੁਸਤ ਤੋਰ ਤੁਰਦੀ, ਫਿੱਕਾ ਜਿਹਾ ਹੱਸਦੀ। ਇੱਕ ਦਿਨ ਉਹਨੇ ਲੈਟਰਾਂ ਦਾ 'ਚੂਰਾ' ਕੀਤਾ ਤੇ 'ਚੂਣ-ਭੂਣ' ਰਾਹ ਵਿੱਚ ਪੈਂਦੇ ਟੋਭੇ ਵਿੱਚ ਪਾ ਦਿੱਤੀ। ਉਹਦੇ 'ਪਹਿਲੇ ਇਸ਼ਕ' ਦਾ 'ਭੋਗ' ਪੈ ਚੁੱਕਿਆ ਸੀ।

ਦਸ ਕੁ ਦਿਨਾਂ ਪਿੱਛੋਂ ਸੁੱਖੀ ਗੁੱਟ 'ਤੇ ਘੜੀ ਸਜਾਈ ਹੱਸਦੀ ਫਿਰੇ। ਉਹ 'ਫੁੱਲਾਂ 'ਤੇ ਖੇਡਦੀ ਕਾਟੋ' ਲੱਗਦੀ ਸੀ। ਸੁਰਮਾ ਪਹਿਲਾਂ ਨਾਲੋਂ ਗੂੜ੍ਹਾ ਤੇ ਤੋਰ ਮਸਤਾਨੀ ਹੋ ਗਈ ਸੀ। ਪਰ ਉਹਨੇ ਕਿਸੇ ਖੱਲ-ਖੂੰਝੇ ਵੜਕੇ ਮੈਨੂੰ ਕੋਈ 'ਲੈਟਰ' ਨਹੀਂ ਦਿਖਾਇਆ। ਸਕੂਲ ਆਉਂਦਿਆ 'ਘੜੀ' ਉਹਦੇ ਗੁੱਟ 'ਤੇ ਹੁੰਦੀ ਤੇ ਘਰ ਜਾਂਦਿਆਂ ਉਹਦੇ ਬਸਤੇ ਵਿਚ। ਸਕੂਲ ਵਿੱਚ ਘੜੀ-ਘੜੀ ਉਹ ਘੜੀ ਵੱਲ ਦੇਖਦੀ, 'ਸਮਾਂ' ਦੇਖ-ਦੇਖ ਮੁਸਕਰਾਉਂਦੀ।

ਇਕ ਦਿਨ ਸਕੂਲੋਂ ਮੁੜਦਿਆਂ ਬੱਸ...ਅੱਡੇ 'ਤੇ ਬਦੀਆਂ ਦੁਕਾਨਾਂ ਵਿੱਚ 'ਘੜੀ-ਸਾਜ' ਦੀ ਦੁਕਾਨ 'ਤੇ ਉਹਦਾ 'ਸਮਾਂ' ਲੱਭ ਗਿਆ। ਉਹ ਕੋਈ ਵੀਹ-ਬਾਈ ਸਾਲ ਦਾ ਗੋਰਾ ਜਿਹਾ ਮੁੰਡਾ ਸੀ। ਉਹਦੇ ਕਦੇ ਪੱਗ ਬੰਨੀ ਹੁੰਦੀ ਕਦੇ ਨਾ। ਉਹਦੀਆਂ ਅੱਖਾਂ ਵਿੱਚ ਇੱਕ ਭੁੱਖ ਜਿਹੀ ਤੈਰਦੀ ਰਹਿੰਦੀ। ਉਸ ਉਮਰੇ ਮੇਰੇ ਤੋਂ ਉਹਦੀਆਂ ਅੱਖਾਂ ਵਿਚਲੀ 'ਭੁੱਖ' ਦਾ ਨਾਮਕਰਨ ਨਾ ਕੀਤਾ ਗਿਆ। ਸੁੱਖੀ ਹੁਣ 'ਰਾਜ ਵਾਚ ਹਾਊਸ' ਤੇ ਘੜੀ-ਮੁੜੀ ਦੇਖਦੀ। ਰਾਜ ਸਾਇਕਲ ਤੇ ਕਈ ਵਾਰ ਸਾਡੇ ਅੱਗੇ ਹੁੰਦਾ ਤੇ ਕਦੀ ਪਿੱਛੇ। ਸੁੱਖੀ ਦੀ ਘੜੀ 'ਖਰਾਬ' ਹੋਈ ਰਹਿੰਦੀ ਤੇ ਉਹ ਮਹੀਨੇ ਵਿੱਚ ਤਿੰਨ-ਚਾਰ ਵਾਰ ਰਾਜ ਦੀ ਦੁਕਾਨ 'ਤੇ ਪਹੁੰਚ ਜਾਂਦੀ। ਰਾਜ ਨਾਲ ਸੁੱਖੀ ਦੀਆਂ ਸੂਈਆਂ ਰਲ ਗਈਆਂ ਸੀ। ਉਹਨਾ ਦਾ 'ਸਮਾਂ' ਇਕੱਠਾ ਚਲ ਰਿਹਾ ਸੀ। ਪਤਾ ਨਹੀਂ ਕਿਉਂ....ਸੁੱਖੀ ਹੁਣ ਬਿਮਾਰ ਰਹਿਣ ਲੱਗੀ। ਕਦੇ ਉਹਦਾ ਸਿਰ ਦੁਖਦਾ.... ਕਦੇ ਢਿੱਡ। ਮਹੀਨੇ 'ਚ ਸੱਤ-ਅੱਠ ਵਾਰ ਉਹ ਅੱਧੀ ਛੁੱਟੀ ਘਰ ਚਲੀ ਜਾਂਦੀ। ਇੱਕ ਦਿਨ ਅੱਧੀ ਛੁੱਟੀ ਲੈ ਕੇ ਗਈ......ਪਰ ਸਾਰੀ ਛੁੱਟੀ ਬਸਤਾ ਲੈ ਕੇ ਸਾਡੇ ਨਾਲ ਆ ਰਲੀ। ਉਹਦੀ ਬਿਮਾਰੀ ਫੜੀ ਗਈ। ਫੜੀ ਨਹੀਂ ਗਈ ਉਹਨੇ ਆਪ ਦੱਸਿਆ ਕਿ ਉਹ ਰਾਜ ਨੂੰ ਮਿਲਣ ਜਾਂਦੀ ਸੀ। ਮੈਂ ਡਰ ਗਈ ਸਾਂ.....ਪਰ ਸੁੱਖੀ ਤਾਂ ਡਰ ਨੂੰ ਨੇੜਿਓ ਨਾ ਲੰਘਣ ਦੇਵੇ। ਫੇਰ ਉਹਨੇ ਆਪਣੇ ਤੇ ਰਾਜ ਦੇ ਇਸ਼ਕ ਦਾ 'ਰਾਜ' ਦੱਸਿਆ ਜਿਸ ਵਿਚ 'ਲਵ-ਲੈਟਰਾਂ' ਦੀ ਲੋੜ ਨਹੀਂ ਪੈਂਦੀ....ਤੁਸੀਂ ਚਾਹੋ ਏਹਨੂੰ ਕੋਈ ਹੋਰ ਨਾਂ ਦੇ ਦਿਓ.....ਪਰ ਸੁੱਖੀ ਤਾਂ ਭਾਈ ਏਹੀ ਕਹਿੰਦੀ ਸੀ।

ਅੱਠਵੀਂ ਜਮਾਤ ਚੜ੍ਹਦਿਆਂ ਹੀ ਰਾਜ ਵਾਲੀ 'ਘੜੀ' ਰੁੱਕ ਗਈ। ਸੁੱਖੀ ਦੀਆਂ ਬਿਮਾਰੀਆਂ ਠੀਕ ਹੋ ਗਈਆਂ। ਘੜੀ ਪਤਾ ਨਹੀਂ ਕਿੱਥੇ ਗਈ, ਸੁੱਖੀ ਦਾ ਸਮਾਂ ਖ਼ਰਾਬ ਸੀ। ਉਹਦੇ ਬਠਿੰਡੇ ਵਾਲੇ ਭਾਈ ਦਾ ਕੋਰਸ ਪੂਰਾ ਹੋ ਗਿਆ ਸੀ। ਉਹ ਹੁਣ ਉਹਨੂੰ ਸਵੇਰ-ਦੁਪਹਿਰੇ ਛੱਡਣ-ਲੈਣ ਆਉਣ ਲੱਗਾ। ਕੀ ਪਤਾ ਸੁੱਖੀ ਦੇ ਦਿਲ ਦੀ ਟਿਕ-ਟਿਕ ਨੂੰ ਉਹਨੇ ਟਿਕਟਿਕੀ ਲਾ ਕੇ ਸੁਣ ਲਿਆ ਹੋਵੇ। ਆਪਾਂ ਨੂੰ ਕੀ....ਏਹ ਤਾਂ ਉਹਨਾਂ ਭੈਣ-ਭਰਾਵਾਂ ਦਾ ਮਸਲਾ ਪਰ.....ਉਹਦੇ 'ਦੂਜੇ ਇਸ਼ਕ' ਦੀ

ਧੜਕਣ, ਉਹਦੀ ਘੜੀ ਦੀ ਟਿਕ-ਟਿਕ ਵਾਂਗ ਰੁੱਕ ਗਈ ਸੀ। ਹੁਣ ਸੁੱਖੀ ਨੂੰ ਪੜਣਾ ਚੰਗਾ ਲੱਗਣ ਲੱਗਿਆ। ਉਹ ਹਰ ਵੇਲੇ ਨਵੇਂ ਆਏ ਹਿਸਾਬ ਮਾਸਟਰ ਬਲਕਾਰ ਜੀ ਤੋਂ ਸਵਾਲ ਸਮਝਦੀ ਰਹਿੰਦੀ। ਬਿੱਲੀਆਂ ਅੱਖਾਂ ਵਾਲੇ ਏਹ ਮਾਸਟਰ ਜੀ ਬਸ ਜਮਾਤ ਦੀਆਂ ਕੁਝ ਕੁ ਕੁੜੀਆਂ ਨਾਲ ਖੁਸ਼ ਰਹਿੰਦੇ। ਬਾਕੀ ਮੁੰਡੇ, ਕੁੜੀਆਂ ਨੂੰ ਉਹਨਾਂ ਦੇ ਹੱਥਾਂ 'ਤੇ ਡੰਡੇ ਲਾਕੇ ਜਮਾਤੋਂ ਬਾਹਰ ਕੱਢ ਦਿੰਦੇ 'ਗਣਿਤ ਦੇ ਫਾਰਮੂਲੇ' ਸੁਣਦੇ। ਉਹ ਸਟਾਫ਼ ਰੂਮ ਵਿੱਚ ਸੁੱਖੀ ਨੂੰ ਇਕੱਲਿਆਂ ਬੁਲਾ 'ਸੁੱਖੀ ਗਿਆਨ' ਵੰਡਦੇ ਰਹਿੰਦੇ। ਭਾਵੇਂ 'ਗਿਆਨਵਾਨ' ਤਾਂ ਸੁੱਖੀ ਪਹਿਲਾਂ ਹੀ ਸੀ। 'ਮਾਸਟਰ ਜੀ, ਮਾਸਟਰ ਜੀ' ਦੀ ਮੁਹਾਰਨੀ ਰੱਟਦੀ ਉਹ ਬਲਕਾਰ ਮਾਸਟਰ ਦੀਆਂ ਤਾਰੀਫ਼ਾਂ ਕਰਦੀ। ਸਬੱਬੀਂ ਬਲਕਾਰ ਮਾਸਟਰ ਨੇ ਸੁੱਖੀ ਦੇ ਘਰ ਨੇੜੇ ਕਿਰਾਏ 'ਤੇ ਚੁਬਾਰਾ ਲੈ ਲਿਆ। ਸੁੱਖੀ ਘਰ ਜਾਕੇ ਉਹਨਾਂ ਦੇ ਚੁਬਾਰੇ ਦੀਆਂ ਪੌੜੀਆਂ ਚੜ੍ਹਨ ਲੱਗੀ। ਖਾਲੀ ਕਾਪੀਆਂ ਲੈਕੇ ਸਵਾਲ ਸਮਝਣ ਜਾਂਦੀ......ਕਾਪੀਆਂ ਖਾਲੀ ਹੀ ਹੁੰਦੀਆਂ....ਪਰ ਉਹ ਭਰੀ-ਭਰੀ ਉਤਰਦੀ। ਸੁੱਖੀ ਦੇ ਮਾੜੇ ਕਰਮਾਂ ਨੂੰ ਬਲਕਾਰ ਮਾਸਟਰ ਜੀ ਗੁਆਂਢਣ ਭਾਬੀ ਨੂੰ 'ਗਿਆਨ' ਵੰਡਦੇ 'ਬਦਕਾਰ' ਮਾਸਟਰ ਵਜੋਂ ਬਦਨਾਮ ਹੋ ਗਏ। ਪਿੰਡ ਵਾਲਿਆਂ ਨੇ ਉਹਦੀ ਬਦਲੀ ਕਰਵਾ ਦਿੱਤੀ। ਸੁੱਖੀ ਦਾ 'ਤੀਜਾ ਇਸ਼ਕ' ਕਿਸੇ ਔਖੇ ਸਵਾਲ ਵਾਂਗ ਬਿਨਾਂ ਹੱਲ ਹੋਇਆ ਹੀ ਰਹਿ ਗਿਆ।

ਨੌਵੀਂ ਜਮਾਤ 'ਚ ਪਹੁੰਚਦਿਆਂ ਉਹ ਕਾਪੀ 'ਤੇ ਸ਼ੇਅਰ ਇਕੱਠੇ ਕਰਦੀ ਰਹਿੰਦੀ। ਟੁੱਟੇ ਦਿਲਾਂ ਦੀ ਸ਼ਾਇਰੀ, ਉਦਾਸ ਗੀਤ....

ਤੁਮ ਜੋ ਚਲੇ ਗਏ
ਪਰ ਯਾਦ ਰਹੋਂਗੇ
ਇਸ ਟੂਟੇ ਹੂਏ ਦਿਲ ਮੇਂ
ਆਬਾਦ ਰਹੋਂਗੇ.....

ਮੁੜ 'ਆਬਾਦ' ਹੋਣ ਦੀ ਗੱਲ ਹੀ ਨਹੀਂ ਸੀ.....ਉਹਦੇ ਦਿਲ ਵਿੱਚ ਤਿਲਕਣ ਬੜੀ ਸੀ....ਜੋ ਫਿਸਲ ਜਾਂਦਾ....ਨਿਕਲ ਜਾਂਦਾ। ਨਾ ਕੋਈ ਬਹੁਤੀ ਦੇਰ ਉਹਦੇ ਦਿਲ ਵਿੱਚ ਰਹਿੰਦਾ.....ਨਾ ਉਹ ਦਿਲ ਬਹੁਤੀ ਦੇਰ ਬੇਆਬਾਦ ਰਹਿਣ ਦਿੰਦੀ। 'ਤੀਜੇ ਇਸ਼ਕ' ਦੇ ਟੁੱਟਣ ਤੇ ਉਹ ਫੇਰ ਬਿਮਾਰ ਰਹਿਣ ਲੱਗੀ। ਪਰ ਹੁਣ ਉਹ ਛੁੱਟੀ ਲੈ ਕੇ ਮੁੜ ਨਹੀਂ ਜਾਂਦੀ ਸੀ। ਬੱਸ ਘਰੋਂ 'ਦਵਾਈ' ਲੈ ਕੇ ਮੁੜ ਆਉਂਦੀ। ਦਵਾਈ ਨਾਲ ਉਹ ਮੁੜ ਪਹਿਲਾਂ ਵਰਗੀ ਸੁੱਖੀ ਲੱਗਦੀ।

ਏਹ ਦਵਾਈ ਦੇਣ ਵਾਲਾ ਡਾਕਟਰ ਅਸਲ ਵਿੱਚ ਡਾਕਟਰ ਨਹੀਂ ਸੀ। ਏਹ ਕੋਈ ਹੋਰ ਨਹੀਂ ਉਹਦਾ ਗੁਆਂਢੀ ਸ਼ੋਕੀ ਸੀ। ਉਹਦਾ ਘਰ ਸੁੱਖੀ ਦੇ ਘਰ ਦੇ ਐਨ ਪਿੱਛੇ ਸੀ। ਛੱਤ ਨਾਲ ਛੱਤ ਸਾਂਝੀ ਪਰ ਉਹਦੇ ਨਾਲ ਦਿਲ ਦੀ ਸਾਂਝ ਵਾਲੀ ਗੱਲ ਅਨੋਖੀ ਸੀ। ਸੁੱਖੀ ਪੰਦਰਾਂ ਸਾਲ ਦੀ ਤੇ ਉਹ ਤੀਹ ਸਾਲ ਦਾ ਵਿਆਹਿਆ ਬੰਦਾ। ਸਕੂਲ ਤੋਂ ਥੋੜ੍ਹੀ ਦੂਰ ਸੀ ਉਹਦਾ ਪੈਟਰੋਲ ਪੰਪ 'ਅਸ਼ੋਕ ਫੀਲਿੰਗ ਸਟੇਸ਼ਨ'। ਹੁਣ ਪਤਾ ਨੀਂ ਸੁੱਖੀ ਗੱਪ ਮਾਰਦੀ ਸੀ ਕਿ ਸੱਚ.....ਕਿ ਉਹ ਤਾਰਿਆਂ ਦੀ ਛਾਵੇਂ ਸ਼ੋਕੀ ਦੀ ਛੱਤ 'ਤੇ ਇਸ਼ਕ ਕਰਦੇ ਰਹਿੰਦੇ ਨੇ....ਹੈ ਤਾਂ ਸ਼ੋਕੀ ਦੀ 'ਮੋਟੀ ਲਾਜੋ' ਸੁੱਤੀ ਰਹਿੰਦੀ ਹੈ। ਤੁਸੀਂ ਮੰਨਦੇ ਹੋ.....? ਮੈਂ ਤਾਂ ਨਹੀਂ ਉਹਦਾ ਸੱਚ ਮੰਨਦੀ ਸੀ ਉਦੋਂ।

ਉਹ ਪੈਟਰੋਲ ਪੰਪ ਤੇ ਚਲੀ ਜਾਂਦੀ ਤੇ ਸ਼ੋਕੀ ਦੀ ਕਾਰ 'ਚ ਕਿਤੇ ਦੀ ਕਿਤੇ। ਕਾਰਾਂ ਉਦੋਂ ਗਿਣਵੇਂ-ਚੁਣਵੇਂ ਲੋਕਾਂ ਕੋਲ ਹੀ ਹੁੰਦੀਆਂ ਸੀ। ਹੁਣ ਸੁੱਖੀ ਦੀ ਦੋਸਤੀ ਦਾ ਘੇਰਾ ਸੀਮਿਤ ਹੋ ਗਿਆ। ਕੁੜੀਆਂ ਦੀ ਨਜ਼ਰ ਵਿੱਚ ਹੁਣ ਉਹ ਐਸੀ-ਵੈਸੀ ਕੁੜੀ ਹੋ ਗਈ ਸੀ। ਪਿੰਡ 'ਚ ਗੱਲ ਕਹਿੰਦੇ ਨੇ ਉਈਂ ਹਨੇਰੀ ਵਾਂਗ ਉੱਡਦੀ ਐ.....ਪਰ ਸੁੱਖੀ ਨੇ ਪਤਾ ਨਹੀਂ ਕੀ ਆਪਣੇ ਘਰਦਿਆਂ ਦੀਆਂ ਅੱਖਾਂ 'ਚ ਧੂੜਿਆ.....ਉਹਨਾਂ ਨੂੰ ਕੁਝ ਨਜ਼ਰ ਨੀ ਆਇਆ।

ਪਰ....ਧੁੰਦਲਾ-ਧੁੰਦਲਾ ਹੁਣ ਲਾਜੋ ਨੂੰ ਦਿਖਣ ਲੱਗ ਗਿਆ ਸੀ। ਛੱਤ 'ਤੇ ਹੁੰਦੀ 'ਪੈੜਚਾਲ' ਉਹਨੇ ਭਾਂਪ ਲਈ ਸੀ। 'ਪੈੜ' ਵੀ ਕੱਢ ਲਈ ਸੀ ਮੌਕੇ 'ਤੇ ਜਾ ਕੇ। ਪਰ ਸੁੱਖੀ ਨੇ ਉਹਦੇ ਪੈਰ ਫੜ ਲਏ, ''ਭਾਬੀ ਮੈਂ ਤੇਰੀ ਕਾਲੀ ਗਊ ਆਂ....ਮੈਨੂੰ ਸ਼ੋਕੀ ਵੀਰੇ ਨੇ ਮਜਬੂਰ ਕੀਤਾ। ਏਹਨੇ ਮੇਰਾ ਫੈਦਾ ਚੱਕਿਐ......ਜੇ ਤੂੰ ਕਿਸੇ ਨੂੰ ਕੁਝ ਕਿਹਾ ਮੈਂ ਕੁਝ ਖਾ ਕੇ ਮਰਜੂੰ.....।'' ਮੋਟੀ ਲਾਜੋ ਦਾ ਤਾਂ ਏਹ ਸੁਣਕੇ ਦਿਲ ਪਤਲਾ ਪੈ ਗਿਆ। 'ਜੇ ਇਹ ਕੁਝ ਖਾਕੇ ਮਰਗੀ?' ਏਹ ਸੋਚਕੇ ਉਹਦਾ ਦਿਲ ਹੌਲ ਗਿਆ ਸੀ। ਨੀਵੀਂ ਪਾਈ ਖੜ੍ਹੇ ਸ਼ੋਕੀ ਦੀ ਧੌਣ 'ਪੂਰਾ ਇਲਜ਼ਾਮ' ਆਪਣੇ ਉੱਪਰ ਲੈਕੇ ਜਮਾਂ ਝੁਕੀ ਪਈ ਸੀ। ਲਾਜੋ ਕੋਲ 'ਮਾਫ਼ੀ' ਤੋਂ ਬਿਨਾਂ ਕੁਝ ਨਹੀਂ ਸੀ। ਸੁੱਖੀ ਨੂੰ ਮਾਫ਼ੀ ਦੇ ਕੇ ਲਾਜੋ ਨੇ ਉਹਨੂੰ ਮੁੜ ਗਲਤੀ ਨਾ ਕਰਨ ਦੀ ਧਮਕੀ ਦੇ ਕੇ ਉਹਦੀ ਛੱਤ ਟਪਾ ਦਿੱਤੀ। ਅੰਦਰੋਂ-ਅੰਦਰ ਉਹ ਆਪਣੇ ਆਦਮੀ ਨਾਲ ਖਫ਼ਾ ਸੀ ਜੋ ਕਿਸੇ ਦੀ 'ਨਿਆਣੀ ਧੀ' ਖ਼ਰਾਬ ਕਰ ਰਿਹਾ ਸੀ।

ਉਸ ਰਾਤ ਸੁੱਖੀ ਦਾ 'ਚੌਥਾ ਇਸ਼ਕ' ਆਪਣੇ ਘਰ ਦੀਆਂ ਪੌੜੀਆਂ ਉੱਤਰ ਗਿਆ। ਸਵੇਰ ਨੂੰ ਸਭ ਕੁਝ ਪਹਿਲਾਂ ਵਰਗਾ ਹੀ ਸੀ। ਮਾਂ ਨੇ ਪਰੌਂਠੇ ਬਣਾਏ....ਨਿਆਣੀ ਧੀ ਨੂੰ ਦਿੱਤੇ.....ਉਹਨੂੰ ਸਕੂਲ ਤੋਰਿਆ। ਸੁੱਖੀ ਨੇ ਸਿਆਹ ਰਾਤ ਦਾ ਕੋਈ ਚਿੰਨ੍ਹ ਚਿਹਰੇ 'ਤੇ ਆਉਣ ਨਹੀਂ ਦਿੱਤਾ। ਦਿਨ ਚੜ੍ਹਿਆ.....ਰਾਤ ਗਈ ਬਾਤ ਗਈ....ਹੁਣ ਉਹ 'ਨਿੱਕੀਆਂ-ਨਿੱਕੀਆਂ' ਗੱਲਾਂ 'ਤੇ ਦੁੱਖੀ ਨਹੀਂ ਹੁੰਦੀ ਸੀ।

ਛੋਟੇ-ਮੋਟੇ ਹੋਰ 'ਇਸ਼ਕ' ਵੀ ਹੋਏ ਪਰ ਸੁੱਖੀ ਨੇ

ਉਹਨਾਂ ਦੀ ਪਰਵਾਹ ਨੀ ਕੀਤੀ। ਪਰਵਾਹ ਤਾਂ ਉਹਨੇ ਦਸਵੀਂ ਜਮਾਤ ਵਿਚ ਨਾਲ ਪੜਦੇ 'ਅੰਬੇ' ਦੀ ਵੀ ਨਹੀਂ ਕੀਤੀ ਸੀ। 'ਅੰਬਾ' ਭਾਵੇਂ ਮੁੰਡਾ ਬਾਣੀਆਂ ਦਾ ਸੀ......ਪਰ ਲੜਾਈ-ਝਗੜੇ ਵਿੱਚ ਜਿਗਰਾ ਜੱਟਾਂ ਜਿਹਾ ਰੱਖਦਾ ਸੀ। ਅੰਬਰੀਸ਼ ਕੁਮਾਰ ਉਰਫ਼ ਅੰਬੇ ਨਾਲ ਸੁੱਖੀ ਦਾ ਇਸ਼ਕ ਪਤਾ ਨੀਂ ਕਦੋਂ ਹੋਇਆ.....ਪਰ ਉਹ ਸਕੂਲ ਤੋਂ ਬਾਅਦ ਅੰਬੇ ਦੀ ਭਾਬੀ ਕੋਲ 'ਸਿਲਾਈ' ਸਿੱਖਣ ਜਾਣ ਲੱਗੀ। ਪਤਾ ਨੀਂ ਕਦੋਂ ਅੰਬੇ ਦੀ ਭਾਬੀ ਨੇ ਦੋਵਾਂ ਦਾ 'ਇਸ਼ਕ-ਤੋਪਾ' ਭਰ ਦਿੱਤਾ। ਅੰਬੇ ਦੀ ਸੋਹਣੀ ਭਰਜਾਈ ਨੂੰ ਉਹਦੇ ਮਰੀਅਲ ਜਿਹੇ ਭਾਈ ਦੇ ਲੜ ਪਤਾ ਨਹੀਂ ਕਿਹਨੇ ਲਾਇਆ ਸੀ.....ਜਿਵੇਂ ਉਹਦੇ ਭਾਬੀ ਕਹਿੰਦੀ 'ਮਰੇ ਵਿਚੋਲਾ'। ਪਰ ਉਹ ਅੰਬੇ ਨਾਲ ਖੁਸ਼ ਸੀ ਤੇ ਅੰਬਾ ਸੁੱਖੀ ਨਾਲ। 'ਸਿਲਾਈ ਸੈਂਟਰ' ਵਧੀਆ ਚੱਲੀ ਜਾਂਦਾ ਸੀ। ਪਰ ਇੱਕ ਦਿਨ ਸਵੇਰ ਅੰਬੇ ਦੀ ਖੁਦਕੁਸ਼ੀ ਦੀ ਖ਼ਬਰ ਪਿੰਡ ਦੀਆਂ ਗਲੀਆਂ ਵਿਚਦੀ ਸਕੂਲ ਤੱਕ ਪਹੁੰਚੀ। ਸਭ ਹੈਰਾਨ ਸੁੱਖੀ ਦਾ ਰੰਗ ਪੀਲਾ ਪੈ ਗਿਆ। ਅੰਬੇ ਨੇ ਫਾਹਾ ਲੈ ਲਿਆ ਸੀ। ਸੁੱਖੀ ਦੇ 'ਪੰਜਵੇਂ ਇਸ਼ਕ' ਦਾ ਫਾਹਾ ਕਿਵੇਂ ਵੱਢਿਆ ਗਿਆ? ਤੁਸੀਂ ਕਹੋਂਗੇ ਝੂਠ ਬੋਲਦੀ ਹਾਂ...ਪਰ ਸਹੁੰ ਲੱਗੇ ਜਮਾਂ ਝੂਠ ਨੀਂ। ਕਹਿੰਦੇ ਉਹਦੇ 'ਛੇਵੇਂ ਇਸ਼ਕ' ਦਾ ਪਤਾ ਲੱਗਣ 'ਤੇ ਅੰਬੇ ਨੇ ਆਪਣੇ ਪਹਿਲੇ ਤੇ ਸੁੱਖੀ ਦੇ 'ਪੰਜਵੇਂ ਇਸ਼ਕ' ਦੀ ਸੰਘੀ ਘੋਟ ਦਿੱਤੀ।

'ਛੇਵਾਂ ਇਸ਼ਕ' ਹੋਰ ਕਿਤੇ ਨਹੀਂ ਅੰਬੇ ਦੇ ਭਾਈ ਨਾਲ ਚੱਲ ਰਿਹਾ ਸੀ। ਅੰਬੇ ਨੂੰ ਪਤਾ ਲੱਗ ਗਿਆ ਸੀ ਕਿ ਉਹਦੀ ਭਾਬੀ ਦੇ ਪੇਕੇ ਜਾਣ ਮਗਰੋਂ ਵੀ ਸੁੱਖੀ 'ਸਿਲਾਈ' ਸਿੱਖ ਰਹੀ ਸੀ। ਸੁੱਖੀ ਨੇ ਉਹਦੇ ਮਰੀਅਲ ਭਾਈ ਨੂੰ ਹੋਰ ਹੀ ਫੁੱਲ ਕੱਢਣ ਲਾ ਦਿੱਤਾ ਸੀ। ਏਹ ਰਾਜ ਅੰਬਾ ਆਪਣੇ ਨਾਲ ਹੀ ਲੈ ਗਿਆ ਸੀ। ਨਹੀਂ ਤਾਂ.....ਅੰਬੇ ਦੀ ਭਾਬੀ ਦਾ ਮੂੰਹ ਕੋਈ ਸਿਉਂਤਾ ਹੋਇਆ ਨਹੀਂ ਸੀ....ਉਹ ਸੁੱਖੀ ਦੇ ਬਖੀਏ ਉਧੇੜ ਦਿੰਦੀ।

ਦਸਵੀਂ ਦੇ ਪੇਪਰ ਹੋ ਗਏ ਸਨ। ਗਿਆਰਵੀਂ 'ਚ ਪੜਣ ਲਈ ਬੱਸ ਚੜ੍ਹਕੇ ਸ਼ਹਿਰ ਜਾਣਾ ਪੈਣਾ ਸੀ। ਸੁੱਖੀ ਸ਼ਹਿਰ ਦੀ ਆਜ਼ਾਦੀ ਮਾਨਣ ਲਈ ਉਤਾਵਲੀ ਸੀ। ਪਰ ਅਫ਼ਸੋਸ.....ਉਹਦੇ ਪਾਪਾ ਨੇ ਦਾਖ਼ਲਾ ਕਰਾਇਆ...'ਕੰਨਿਆ ਵਿਦਿਆਲਯ' ਵਿੱਚ। ਜਿੱਥੇ ਹਰ ਪਾਸੇ ਕੰਨਿਆ.....ਕੰਨਿਆ....ਕੰਨਿਆ..ਹੀ ਸੀ। ਪਰ ਸੁੱਖੀ ਤਾਂ ਮਹਾਨ ਕੰਨਿਆ ਸੀ। ਉਹਨੂੰ ਏਹਨਾਂ ਗੱਲਾਂ ਨਾਲ ਕੋਈ ਫ਼ਰਕ ਨਹੀਂ ਪੈਣਾ ਸੀ। ਸ਼ਹਿਰ ਕੰਨਿਆ ਸਕੂਲ ਵਿੱਚ ਉਹਦਾ 'ਸੱਤਵਾਂ ਇਸ਼ਕ' ਕੰਟੀਨ ਵਿੱਚ ਸਮੋਸੇ ਬਣਾਉਣ ਵਾਲੇ ਰਾਜੂ ਨਾਲ ਹੋ ਗਿਆ। ਘਰੋਂ ਕਦੇ ਪੈਸੇ ਨਾ ਲਿਆਉਣ 'ਤੇ ਵੀ ਉਹ ਰੋਜ ਸਮੋਸੇ ਖਾਂਦੀ....ਚਟਨੀ ਵਿੱਚ ਕੁਝ ਕਾਲਾ ਜ਼ਰੂਰ ਸੀ। ਕਾਲਾ ਤਾਂ ਕਹਿੰਦੇ ਰਾਜੂ ਦਾ ਮੂੰਹ ਕੀਤਾ ਗਿਆ ਜਦੋਂ ਮੁਹੱਲੇ ਵਾਲਿਆਂ ਨੇ ਸੁੱਖੀ ਨੂੰ ਰਾਜੂ ਨਾਲ ਉਹਦੇ ਨਿੱਕੇ ਜਿਹੇ ਭੱਦੇ ਕਮਰੇ 'ਚੋਂ ਫੜਿਆ। ਉਸ ਦਿਨ ਉਹ ਪਿੰਡੋਂ, ਸਿੱਧਾ ਰਾਜੂ ਨਿਵਾਸ 'ਤੇ ਗਈ ਸੀ। ਉਹਨਾਂ ਅੰਦਰੋਂ ਕੁੰਡੀ ਲਾਈ ਹੋਈ ਸੀ ਕਿ ਬਾਹਰੋਂ ਕਿਸੇ ਨੇ ਜਿੰਦਾ ਲਾ ਦਿੱਤਾ। ਗਲੀ ਦੇ ਮੋਹਤਬਰ ਬੰਦਿਆਂ ਦੀ ਹਾਜ਼ਰੀ ਵਿੱਚ ਜਿੰਦਾ ਖੋਲ੍ਹਿਆ ਤਾਂ ਸੁੱਖੀ ਰੋ-ਰੋ ਲੋਕਾਂ ਦੇ ਗਲ ਪੈ ਗਈ....ਮੈਂ ...ਮੈਂ ਆਪਣੇ ਮਾਪਿਆਂ ਨੂੰ ਬੁਲਾਊਂ.....ਮੈਂ ਤਾਂ ਥਾਣੇ ਜਾਊਂ। ਲੋਕਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਲੋਕ ਖਿੰਡ-ਪੁੰਡ ਗਏ ਤੇ ਸੁੱਖੀ ਵੀ ਝੱਟ ਉਥੋਂ ਖਿਸਕ ਗਈ। ਚਟਨੀ ਨਾਲ ਵੀ ਉਹਦਾ ਹੁਣ ਗਲਾ ਖ਼ਰਾਬ ਹੋਣ ਲੱਗਿਆ। ਹੁਣ ਉਹ ਕੰਟੀਨ ਵੱਲ ਮੂੰਹ ਨਾ ਕਰਦੀ......ਘਰੋਂ ਲਿਆਂਦੇ ਹੋਏ ਪਰੌਂਠੇ ਛਕਦੀ।

ਛਕਾ ਤਾਂ ਉਹ ਸਾਰਿਆਂ ਨੂੰ ਰਹੀ ਸੀ। ਬਾਪ-ਭਾਈਆਂ ਤੇ ਲੋਕਾਂ ਨੂੰ। ਪਰ ਕਹਿੰਦੇ ਸੌ ਦਿਨ ਚੋਰ ਦਾ ਇੱਕ ਦਿਨ ਸਾਧ ਦਾ। 'ਪ੍ਰੀਤ' ਬੱਸ 'ਚ ਜਿਸ ਵਿੱਚ ਸੁੱਖੀ ਸਫ਼ਰ ਕਰਦੀ ਸੀ.....ਉਹਦੇ ਕੰਡਕਟਰ ਦੀ ਟਿਕਟ ਸੁੱਖੀ ਨੇ ਕੱਟ ਦਿੱਤੀ ਸੀ। ਉਹ ਆਰਾਮ ਨਾਲ ਆਪਣੇ ਲਈ ਰਾਖਵੀਂ ਰੱਖੀ ਸੀਟ 'ਤੇ ਬਹਿੰਦੀ.....ਨਾ ਟਿਕਟ ਦਿੰਦੀ। ਜਦੋਂ ਬੱਸ ਅੱਡੇ ਵਿੱਚ ਪਹੁੰਚਦੀ ਤਾਂ ਕਈ ਵਾਰ ਉਹ ਅੱਡੇ ਦੇ ਪਿਛਲੇ ਪਾਸੇ ਬਣੇ ਗੁਦਾਮਾਂ ਵੱਲ ਨਿਕਲ ਜਾਂਦੀ। ਪ੍ਰੀਤ ਬੱਸ ਦਾ ਕੰਡਕਟਰ ਵੀ ਮਗਰੇ ਤੁਰ ਜਾਂਦਾ। ਫੇਰ ਉਹ 'ਟਿਕਟਾਂ ਦਾ ਬਾਊਚਰ' ਭਰ ਹਿਸਾਬ ਕਰ ਲੈਂਦਾ।

ਇਕ ਦਿਨ ਸੁੱਖੀ 'ਮੂਹਰਲੀ ਤਾਕੀ' 'ਚ ਚੜ੍ਹੀ ਤੇ ਉਹਦਾ ਪਾਪਾ ਵੀ ਅਚਾਨਕ ਉਸੇ ਬੱਸ ਦੀ ਪਿਛਲੀ ਤਾਕੀ 'ਚੋਂ ਜਾ ਚੜ੍ਹਿਆ ਸੀ। ਬੱਸ ਵਿੱਚ ਭੀੜ ਸੀ....ਲੋਕ ਖੜੇ ਸੀ ਨਹੀਂ ਪਾਪਾ ਉਹਦੇ ਕੋਲ ਪਹੁੰਚ ਜਾਂਦੇ। ਸੁੱਖੀ ਬੇਖ਼ਬਰ ਕੰਡਕਟਰ ਨਾਲ ਆਠੇ ਪਾ ਰਹੀ ਸੀ। ਉਹਦਾ 'ਅੱਠਵਾਂ ਇਸ਼ਕ' ਜੋ ਸੀ। ਬੱਸ ਅੱਡੇ ਬੱਸ ਉਤਰਦਿਆਂ ਸੁੱਖੀ ਕਾਹਲੀ...ਕਾਹਲੀ ਗੁਦਾਮਾਂ ਵੱਲ ਹੋ ਤੁਰੀ.....ਪਾਪਾ ਹੈਰਾਨ ਸੀ ਕਿ 'ਕੰਨਿਆ ਵਿਦਿਆਲਯ' ਨੂੰ ਏਹ ਰਾਹ ਤਾਂ ਨਹੀਂ ਜਾਂਦਾ.....ਫੇਰ....ਉਹ ਵੀ ਉਸੇ ਰਾਹ ਗਏ। ਸੁੰਨੇ ਪਏ ਗੁਦਾਮਾਂ 'ਚ ਸੁੱਖੀ ਤੇ ਕੰਡਕਟਰ.....ਪਾਪਾ ਨੂੰ ਇੰਝ ਮਿਲੇ ਕਿ ਉਹਨਾਂ ਨੂੰ ਚੱਕਰ ਆ ਗਿਆ। ਪਰ ਜਿਹੜਾ ਥੱਪੜ ਉਹਨਾਂ ਸੁੱਖੀ ਦੇ ਮਾਰਿਆ....ਸੁੱਖੀ ਚਕਰਾ ਗਈ। ਕਿੰਨਾ ਚੱਕਰਾਂ ਵਿੱਚ ਫਿਰਦੀ ਐਂ। ਮੇਰੀ ਧੀ.....ਸੁੱਖੀ ਦੀ ਬਾਂਹ ਫੜੀ ਆਉਂਦੇ ਪਾਪਾ ਰੋ ਰਹੇ ਸੀ। ਘਰ ਲਿਆ ਕੇ ਸੱਤ ਜਿੰਦਿਆਂ ਵਿੱਚ ਬੰਦ ਕੀਤਾ....ਸੁੱਖੀ ਦੀ ਪੜ੍ਹਾਈ ਦਾ ਸਫ਼ਰ ਮੁੱਕ ਗਿਆ ਸੀ.....ਪਰ 'ਪ੍ਰੀਤ' ਬੱਸ 'ਚ ਉਹਦਾ 'ਅੱਠਵਾਂ ਇਸ਼ਕ' ਟਿਕਟਾਂ ਕੱਟਦਾ ਹੀ ਰਹਿ ਗਿਆ।

ਬਸ....ਕੀ ਬਸ? ਏਹ ਕਹਾਣੀ ਦਾ ਪਹਿਲਾ ਭਾਗ ਸੀ। ਜਿੱਥੋਂ ਤੱਕ ਪਤਾ ਸੀ ਦੱਸ ਦਿੱਤਾ। ਫੇਰ ਉਹ ਆਪਣੇ ਰਾਹ....ਮੈਂ ਆਪਣੇ। ਉਹ ਰਾਹੋਂ ਭਟਕੀ ਹੋਈ ਸੀ ਜਾਂ ਉਹਦੇ ਅੰਦਰ ਕੋਈ ਭਟਕਣਾ ਸੀ ਏਹ ਪੱਕਾ ਨਹੀਂ ਪਤਾ। ਜੇ ਤੁਸੀਂ ਮਨੋ-ਵਿਗਿਆਨੀ ਹੋ ਤਾਂ ਜ਼ਰੂਰ ਕਹੋਂਗੇ ਕਿ ਫਲਾਣਾ-ਫਲਾਣਾ ਡਿਸਔਰਡਰ ਹੁੰਦੈ...ਏਹ ਮਨੋ-ਰੋਗ ਹੁੰਦੈ। ਪਰ ਮੈਂ ਤਾਂ ਤੁਹਾਨੂੰ ਸ਼ੁਰੂ 'ਚ ਹੀ ਕਿਹਾ ਸੀ.....ਕਿ ਉਹਨੂੰ ਕੋਈ ਨਹੀਂ ਜਾਣਦਾ। ਚਲੋ ਅੱਗੇ ਸੁਣੋ....ਉਹਦੇ ਘਰਦਿਆਂ ਨੇ ਉਹਦਾ ਵਿਆਹ ਕਰ ਦਿੱਤਾ। ਮੇਰਾ ਵੀ ਹੋ ਗਿਆ ਵਿਆਹ। 'ਸੁੱਖੀ' ਚੇਤਿਆਂ ਵਿੱਚੋਂ ਕਿਤੇ ਕਿਰ ਗਈ। ਉਹਦੇ 'ਇਸ਼ਕ'....ਉਹਦੇ 'ਇਸ਼ਕਾਂ' ਦੀਆਂ ਗੱਲਾਂ, ਸਭ ਭੁੱਲ-ਭੁਲਾ ਗਈ ਮੈਂ। ਪੰਦਰਾਂ ਸਾਲ ਲੰਘ ਗਏ। ਸਮਾਂ ਤੁਰ ਰਿਹਾ ਸੀ.....ਕਿ ਇਕ ਦਿਨ ਅਚਾਨਕ ਰੁਕ ਗਿਆ। ਪਿੰਡ ਗਈ ਤਾਂ ਮਾਂ ਨੇ 'ਸੁੱਖੀ' ਦੀ ਖ਼ਬਰ ਦਿੱਤੀ....ਕਹਿੰਦੇ ਉਹ ਆਪਣੇ ਦੋ ਮੁੰਡੇ ਛੱਡ ਕੇ ਆਪਣੇ 'ਭਈਏ ਸ਼ਾਮੂ' ਨਾਲ ਭੱਜ ਗਈ!!!!!

ਹੈਂ!!!!!!

ਏਹ ਕੀ!!!!!!

ਸੁੱਖੀ ਤਕੜੇ ਜ਼ਿਮੀਦਾਰਾਂ ਦੇ ਘਰੇ ਵਿਆਹੀ ਸੀ। ਜ਼ਮੀਨਾਂ...ਡੰਗਰ ....ਕਾਮੇ। ਸੋਹਣਾ ਸਰਦਾਰ ਉਹਦਾ ਆਦਮੀ.....ਦੋ ਸੋਨੇ ਵਰਗੇ ਪੁੱਤ..। ਘਰੇ ਲਹਿਰਾਂ...ਬਹਿਰਾਂ.....ਫੇਰ ਉਹ ਕਿੱਧਰ ਵਹਿ ਗਈ? ਡੰਗਰ ਸਾਂਭਦੇ ਭਈਏ ਸ਼ਾਮੂ ਨੇ ਉਹਨੂੰ ਕਦੋਂ ਸਾਂਭ ਲਿਆ....ਪਤਾ ਨਹੀਂ। ਸੱਸ ਉਹਦੀ ਹੈ ਨਹੀਂ ਸੀ....ਸਹੁਰਾ ਬਜ਼ੁਰਗ। ਪਤਾ ਨਹੀਂ ਕਦੋਂ ਉਹ ਸ਼ਾਮੂ ਨਾਲ ਗੋਹਾ-ਕੂੜਾ ਕਰਾਉਣ ਲੱਗੀ। ਕਦੋਂ ਸ਼ਾਮੂ ਉਹਨਾਂ ਦੇ ਨਰਮ ਗਦੈਲਿਆਂ 'ਤੇ ਮੁਸ਼ਕੀਆਂ ਪੈੜਾਂ ਕਰਨ ਲੱਗਾ। ਸਹੁਰੇ ਨੂੰ ਮੁਸ਼ਕ ਆ ਗਈ ਸੀ.....ਸੁੱਖੀ ਨੇ ਘਰੋਂ ਗਹਿਣੇ-ਪੈਸੇ ਲਏ.....ਫੇਰ ਉਹਦੀ ਤੇ ਸ਼ਾਮੂ ਦੀ ਕੋਈ ਮੁਸ਼ਕ ਨਾ ਨਿਕਲੀ।

ਉਹਦਾ ਘਰ ਵਾਲਾ ਮਿੱਟੀ ਹੋ ਗਿਆ.....ਜਵਾਕ ਬੁੱਤ ਬਣ ਗਏ। ਮਾਪੇ ਝੱਗ ਵਾਂਗ ਬੈਠ ਗਏ। ਕੋਈ ਉਹਨੂੰ ਲੱਭਣ ਨਾ ਗਿਆ। ਦੋਹਾਂ ਘਰਾਂ ਲਈ ਜਿਵੇਂ ਉਹ ਮਰ ਗਈ ਸੀ। ਪਰ.....ਉਹ ਮਰੀ ਨਹੀਂ ਸੀ.....ਨੌਵੇਂ ਦਿਨ ਉਹਨੇ ਬਾਪ ਨੂੰ ਫੋਨ ਕੀਤਾ......।

''ਪਾਪਾ ਜੀ ਮੈਨੂੰ ਲੈ ਜਾਓ......ਮੈਂ ਹਜ਼ੂਰ ਸਾਹਿਬ ਬੈਠੀ ਆਂ.....ਉਹ ਸ਼ਾਮੂ ਮੈਨੂੰ ਨਸ਼ਾ ਖਵਾ ਕੇ ਲੈ ਗਿਆ ਸੀ। ਉਹ ਘਰੋਂ ਗਹਿਣੇ-ਗੱਟੇ ਚੱਕ ਲਿਆਇਆ....ਹੁਣ ਸਾਰਾ ਕੁਝ ਲੈ ਕੇ ਭੱਜ ਗਿਆ। ......ਉਹ ਮੈਨੂੰ ਵੇਚਣਾ ਚਾਹੁੰਦਾ ਸੀ.....ਮੈਨੂੰ ਬਚਾ ਲਓ ਪਾਪਾ ਜੀ.....।''

ਬਾਪ ਦਾ ਅੰਦਰ ਰੋ ਪਿਆ। ਉਹਦੀ ਗੱਲ 'ਤੇ ਯਕੀਨ ਕਰਨ ਨੂੰ ਮਨ ਨਹੀਂ ਮੰਨਦਾ ਸੀ ਪਰ ਜੇ ਸੱਚੀ ਇੰਝ ਹੋ ਗਿਆ? ਉਹਦੇ ਸਹੁਰੇ ਅੜ ਗਏ .... ਅੜੀ ਰਹਿਣ ਦੋ ਉਹਨੂੰ ਉਥੇ। ਪਰ ਮਾਂ-ਬਾਪ ਤੋਂ ਪੱਥਰ ਨਾ ਹੋਇਆ ਗਿਆ।....ਭਰਾ ਦਿਲ 'ਤੇ ਪੱਥਰ ਰੱਖ ਕੇ ਉਹਨੂੰ ਲੈ ਆਏ। ਲੋਕ ਆਨੇ-ਬਹਾਨੇ ਉਹਨੂੰ ਦੇਖਣ ਆਉਂਦੇ। ਅਫਸੋਸ ਕਰਦੇ......ਅਫ਼ਸੋਸ ਤਾਂ ਉਹਨੂੰ ਵੀ ਸੀ ਉਹਦਾ 'ਨੌਵਾ ਇਸ਼ਕ' ਉਹਨੂੰ ਠੱਗ ਗਿਆ ਸੀ।

ਉਹ ਅੰਦਰ ਹੀ ਪਈ ਰਹਿੰਦੀ.. .. .. ਮਾਂ ਬਾਪ ਤਾਂ ਅੰਦਰ ਵੜ ਗਏ ਸੀ। ਸਹੁਰੇ ਉਹਨੂੰ ਲੈਣ ਨਾ ਆਏ। ਬਾਪ ਨੇ ਪੈਰੀ ਪੱਗ ਰੱਖੀ। ਭਰਾਵਾਂ ਨੇ ਉਹਦੀ ਜ਼ਿੰਮੇਵਾਰ ਲਈ। ਆਖਰ ਬੱਚਿਆਂ ਦੇ ਮੂੰਹ ਨੂੰ ਰਣਜੋਤ ਝੁੱਕ ਗਿਆ......ਪਰ ਉਹਦੀ ਇਕੋ ਸਰਤ ਸੀ.....ਮੈਂ ਉਹਨੂੰ ਤਾਂ ਲਿਆਉ.....ਜੇ ਉਹ ਬੱਸ ਬੱਚਿਆਂ ਦੀ ਮਾਂ ਬਣਕੇ ਆਵੇ.....ਤੀਵੀ ਆਦਮੀ ਦਾ ਰਿਸ਼ਤਾ ਸਾਡਾ ਮੁੱਕ ਗਿਆ.. .. । ਨੀਵੇਂ ਹੋ ਕੇ ਮਾਪਿਆਂ ਨੇ ਉਹਦੀ ਸ਼ਰਤ ਮੰਨ ਲਈ।

ਸੁੱਖੀ ਸਹੁਰੇ ਘਰ ਚਲੀ ਗਈ ਸੀ। ਤਿੰਨ ਸਾਲ ਪਹਿਲਾਂ ਦੇਖੀ ਸੀ। ਮੈਂ ਤੇ ਮਾਂ ਬੱਸ ਦੀ ਉਡੀਕ ਵਿਚ ਖੜ੍ਹੇ ਸੀ। ਉਹ ਆਪਣੇ ਵੱਡੇ ਮੁੰਡੇ ਨਾਲ 'ਅਸ਼ੋਕ ਫਿਲਿੰਗ ਸਟੇਸ਼ਨ' ਤੋਂ ਗੱਡੀ ਵਿਚ ਤੇਲ ਪਵਾ ਰਹੀ ਸੀ। ਮੁੰਡੇ ਦੇ ਨਾਲ ਵਾਲੀ ਸੀਟ 'ਤੇ ਪਸਰੀ ਪਈ ਸੀ। ਮੋਟੀ ਹੋ ਗਈ ਸੀ ਪਰ ਅੱਖ ਅਜੇ ਵੀ 'ਲੜਾਕੀ' ਹੀ ਲੱਗਦੀ ਸੀ। ਪਰ ਉਹ ਮੈਨੂੰ ਮੁੜਕੇ ਨਹੀਂ ਮਿਲੀ। ਮੈਂ ਉਸਨੂੰ ਅਜੇ ਤੱਕ ਵੀ ਭੁੱਲ ਨਹੀਂ ਸਕੀ। ਕੀ ਪਤਾ ਮੈਨੂੰ ਉਹਦੀ ਕਹਾਣੀ ਦਾ ਤੀਜਾ ਭਾਗ ਲਿਖਣਾ ਪੈ ਜਾਵੇ। ਉਸਨੂੰ 'ਦਸਵਾਂ ਇਸ਼ਕ' ਹੋ ਜਾਵੇ...। ਉਹਦੇ ਦਿਲ ਵਿਚ ਤਿਲਕਣ ਬੜੀ ਸੀ....ਜੋ ਫਿਸਲ ਜਾਂਦਾ....ਬੱਸ ਨਿਕਲ ਹੀ ਜਾਂਦਾ...।

**ਪਿਛਲੇ ਦਿਨਾਂ ਵਿਚ ਪੰਜਾਬੀ ਸਾਹਿਤ ਦੇ ਵੱਡੇ ਲੇਖਕ, ਨਾਵਲਕਾਰ ਜਸਵੰਤ ਸਿੰਘ ਕੰਵਲ, ਬਹੁਪੱਖੀ ਲੇਖਕਾ ਡਾ. ਦਲੀਪ ਕੌਰ ਟਿਵਾਣਾ, ਉਘੇ ਚਿੰਤਕ ਡਾ. ਸੁਰਜੀਤ ਸਿੰਘ ਹਾਂਸ, ਨਾਵਲਕਾਰ ਇੰਦਰ ਸਿੰਘ ਖਾਮੋਸ਼, ਸ਼ਾਇਰਾ ਮਨਜੀਤ ਪਾਲ ਕੌਰ, ਅਤੇ ਡਾ. ਸੁਰਜੀਤ ਸਿੰਘ ਢਿੱਲੋਂ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਆਖ ਗਏ ਹਨ। ਇਨ੍ਹਾਂ ਦਿਵੰਗਤ ਲੇਖਕਾਂ ਨੂੰ ਅਦਾਰਾ 'ਪ੍ਰਤਿਮਾਨ' ਆਪਣੀ ਅਕੀਦਤ ਦੇ ਫੁੱਲ ਭੇਂਟ ਕਰਦਾ ਹੈ।**

## ਕਵਿਤਾ ਅਕਵਿਤਾ / ਸੁਰਿੰਦਰ ਮਕਸੂਦਪੁਰੀ



ਕਵਿਤਾ ਮਹਿਜ਼
ਕਿਸੇ ਵਾਰਤਕ ਟੁਕੜੇ ਦੀ ਤੋੜ-ਮਰੋੜ
ਜਾਂ ਵਾਕ ਬਣਤਰ ਦੀ ਬੇਤਰਤੀਬੀ
ਚੀਰ-ਫ਼ਾੜ ਹੀ ਨਹੀਂ ਹੁੰਦੀ
ਕਵਿਤਾ ਮਹਿਜ਼
ਭਾਰੀ ਭਰਕਮ ਬਿੰਬਾਂ,
ਪ੍ਰਤੀਕਾਂ, ਸੰਕੇਤਾਂ
ਅਲੰਕਾਰਾਂ ਦੇ ਬੋਝ ਹੇਠ ਦੱਬੀ
ਗੂੜ੍ਹ-ਗਿਆਨੀ/ਵਿਦਵਾਨ
ਕਵੀਆਂ ਦੀ ਪਾਈ
ਬੇਸਮਝ ਗੁੰਝਲਦਾਰ
ਬੁਝਾਰਤ ਹੀ ਨਹੀਂ ਹੁੰਦੀ।
ਕਵਿਤਾ ਮਹਿਜ਼
ਮਹਿਬੂਬ ਸੰਗ ਸੰਵਾਦ ਰਚਾਉਣ
ਜਾਂ ਉਹਦੇ 'ਪਿਆਰ ਵਿਚ
ਮੋਏ ਬੰਦਿਆਂ ਦੀ ਦਾਸਤਾਨ'
ਦੀ ਦਹਿਲੀਜ਼ ਤੱਕ ਹੀ
ਸੀਮਤ ਨਹੀਂ ਹੁੰਦੀ ਕਵਿਤਾ ਮਹਿਜ਼
ਰੁੱਸੇ ਉਦਾਸ ਪਲਾਂ ਵਿਚ
ਸਾਹਿਤਕ ਮਨੋਰੰਜਨ
ਦਾ ਸਾਧਨ ਹੀ ਨਹੀਂ ਹੁੰਦੀ
ਸਮੁੱਚੀ ਜੀਵਨ-ਜਾਚ
ਦੀ ਬੁਲੰਦ ਮੰਜ਼ਿਲ ਵੱਲ ਜਾਂਦੇ
ਰੌਸ਼ਨ ਰਾਹ-ਰਸਤਿਆਂ
ਸੰਦਲੀ ਪੈੜਾਂ ਦੇ ਸਫ਼ਰ ਦਾ
ਸਿਰਨਾਵਾਂ ਵੀ ਬਣਦੀ।

ਕਵਿਤਾ ਮਹਿਜ਼
ਕੋਰੇ ਕੈਨਵਸ ਦੇ ਮੁੱਖੜੇ 'ਤੇ
ਜਾਂ ਚਿੱਟੇ ਕਾਗਜ਼ ਦੇ ਟੁੱਕੜੇ 'ਤੇ
ਜਗਿਆ ਸੂਮਨ ਦੇ ਕੋਮਲ
ਹਾਵਾਂ / ਭਾਵਾਂ / ਅਹਿਸਾਸਾਂ /
ਵਲਵਲਿਆਂ ਦੇ
ਨਵੇਂ ਨਵੇਲੇ ਨਕਸ਼-ਨੁਹਾਰ
ਹੀ ਨਹੀਂ ਚਿਤਰਦੀ
ਚੇਤਨਾ, ਚਿੰਤਨ, ਦਲੀਲਾਂ
ਦੇ ਦਾਰਸ਼ਨਿਕ ਰੰਗ ਵੀ ਰਚਦੀ।

ਕਵਿਤਾ ਤਾਂ ਵਹਿੰਦੇ ਪਾਣੀਆਂ ਦਾ
ਸ਼ਾਂਤ ਸੁਰੀਲਾ ਵਹਾਅ ਹੁੰਦੀ
ਕਵਿਤਾ ਤਾਂ ਬਲਦੇ ਦੀਵਿਆਂ
ਜਗਮਗਾਉਂਦੇ ਜੁਗਨੂੰਆਂ
ਮਘਦੇ ਚੁੱਲ੍ਹਿਆਂ ਦਾ ਚਾਅ ਹੁੰਦੀ
ਕਵਿਤਾ ਤਾਂ ਲੋਕ-ਭਾਸ਼ਾ ਬੋਲਦੀ
ਲੋਕਾਂ ਦੀ ਰਹਿਨੁਮਾ ਰੂਹੇ-ਰਵਾਂ ਹੁੰਦੀ

ਕਵਿਤਾ ਤਾਂ ਦੱਬੇ-ਕੁਚਲੇ ਮਜ਼ਲੂਮਾਂ
ਗ਼ਰੀਬ-ਗੁਰਬਿਆਂ ਦੀ
ਵਿਲਕਦੀ ਹਾਅ ਹੁੰਦੀ
ਕਵਿਤਾ ਤਾਂ ਵਰਣਮਾਲਾ
ਦੇ ਸੁੱਚੇ ਸ਼ਬਦਾਂ ਦੀ
ਵਿਸਮਾਦਕ ਰੰਗੀ ਰੱਬੀ ਰਜ਼ਾ ਹੁੰਦੀ
ਕਵਿਤਾ ਤਾਂ ਸਮੇਂ ਦੇ
ਕੱਚ-ਸੱਚ ਨੂੰ ਖੋਜਦੀ
ਕਵੀ ਦੀ ਸੱਚੀ ਪਨਾਹ ਹੁੰਦੀ।
ਕਵਿਤਾ ਤਾਂ ਦਰਿਆਵਾਂ ਸਮੁੰਦਰਾਂ,
ਨਦੀਆਂ-ਨਹਿਰਾਂ, ਝੀਲਾਂ-ਝਰਨਿਆਂ
ਬਿਰਖ਼ਾਂ-ਬਾਗ਼ਾਂ, ਬਹਾਰਾਂ-ਗੁਲਜ਼ਾਰਾਂ
ਪੌਣਪਾਣੀ ਪੰਛੀ ਆਵਾਜ਼ਾਂ ਪਰਵਾਜ਼ਾਂ
ਬ੍ਰਹਿਮੰਡ ਦਾ ਸੁਹਜ ਸੰਗੀਤ ਹੁੰਦੀ
ਕਵਿਤਾ ਤਾਂ ਕਾਦਰ ਦੀ ਕੁਦਰਤ ਦਾ
ਰੂਹਾਨੀ-ਨੂਰਾਨੀ ਗੀਤ ਹੁੰਦੀ।

ਇਹਦੀ ਮਿੱਠੜੀ ਬੋਲੀ-ਸ਼ੈਲੀ ਮੋਹਣੀ
ਵਿਰਸੇ ਦੀ ਤਹਿਰੀਰ ਹੁੰਦੀ
ਇਹਦੀ ਸੂਰਤ, ਸੀਰਤ ਸੋਹਣੀ
ਸਾਹਿਤ ਸੁਗੰਧ ਸਮੀਰ ਹੁੰਦੀ
ਕਵਿਤਾ ਤਾਂ 'ਮਕਸੂਦਪੁਰੀ'
ਸੁਹਜ-ਸੁਆਦ ਸਿਰਜਦੀ
ਚੇਤੰਨ ਚੌਗਿਰਦੇ ਦੀ
ਹੂ-ਬਹੂ ਤਸਵੀਰ ਹੁੰਦੀ।

## ਪੱਖੀ / ਬਲਜਿੰਦਰ ਕੌਰ ਭਾਟੀਆ

ਹੱਥ ਵਿੱਚ ਸੀ,
ਉਹ ਘੁੰਮਦੀ ਰਹਿੰਦੀ।
ਕਿਸਮਤ ਦੀਆਂ ਲੀਕਾਂ ਨੂੰ,
ਉਹ ਛੂਹੰਦੀ ਰਹਿੰਦੀ।
ਜੇ ਨਾਮ ਉਸ ਦਾ ਲਵਾਂ ,
ਤੂੰ ਰਹਿ ਜਾਏਂਗੀ ਹੱਕੀ- ਬੱਕੀ।
ਦਾਦੀ ਮੇਰੀ ਨੇ ,
ਇੱਕ ਗੱਲ ਸੀ ਦੱਸੀ।
ਨਾਲੇ ਹੱਥ ਮੇਰੇ,
ਫੜਾ ਦਿੱਤੀ ਸੀ ਪੱਖੀ।
ਸੀ ਆਖਿਆ ਨਾਲੇ,
ਮੇਰੀ ਦਾਦੀ ਨੇ ਸੀ ਦਿੱਤੀ।
ਸਿਆਲਕੋਟ ਦੀ ਰਹਿਣ ਵਾਲੀ,
ਨਾਂ ਸੀ ਉਸਦਾ ਗੁਰਦਿੱਤੀ।
ਪਰਲੇ ਮੁਲਕੋਂ ਆਈ ਸੀ,
ਚੱਲ ਕੇ ਇਹ ਪੱਖੀ ।
ਪੱਖੀ ਘੁੰਗਰੂਆਂ ਵਾਲੀ,
ਖਬਰੇ ਕਿੰਨੇ ਸੀ ਸੀਤੀ।
ਪੱਖੀ ਹੁਣ ਮੇਰੀ ਹੋ ਕੇ,
ਜਾਪੇ ਗੁੜ ਨਾਲੋਂ ਮਿੱਠੀ।
ਹੁਣ ਘੁੰਗਰੂ ਇਸਦੇ ਵਜਦੇ ਨਹੀਂ,
ਸਾਉਂਦੀ ਰਹਿੰਦੀ ਚੁੱਪ-ਚਪੀਤੀ।
ਅੱਜ ਪੱਖੀ ਨੂੰ ਮੈਂ ਸੀਨੇ ਲਾਵਾਂ,
ਇਸ ਦਾ ਹਾਲ ਇਸ ਨੂੰ ਸੁਣਾਵਾਂ।
ਪੱਖੀ ਦੀ ਥਾਂ ਹੁਣ ਪੱਖੇ ਆ ਗਏ,
ਏ ਸੀ ਆਂ ਨੇ ਥਾਂ ਤੇਰੀ ਮੱਲੀ।
ਹੁਣ ਪੱਖੀ ਸੁਨਾਵੇ ਪੱਖੇ ਨੂੰ,
ਆਪਣੀ ਹੱਡ-ਬੀਤੀ।
ਯਾਦ ਕਰਾਂ ਪੁਰਾਣੀ ਗੱਲ,
ਲੱਗੇ ਮੈਨੂੰ ਮਿੱਠੀ।
ਮੈਂ ਪਰਿਵਾਰ ਸਾਂਝਾ ਸੀ ਝੱਲਿਆ,
ਇਹ ਨਜ਼ਾਰਾ ਤੂੰ ਕਦੇ ਨਾ
ਤੱਕਿਆ।
ਪੱਖਾ ਆਖੇ ਜਾਪੇਂ ਜਿਵੇਂ,
ਤੂੰ ਹੀ ਹੈਂ ਮੇਰੀ ਬੇਬੇ।
ਇਹ ਆਖ ਕੇ ਉਸਨੇ,
ਆਪਣੀ ਮਾਂ ਨੂੰ ਮੱਥੇ ਟੇਕੇ।
ਦਾਦੀ ਤੇਰਾ ਮੈਂ, ਇਹਸਾਨ ਮੰਨਾ।
ਗਈ ਤੂੰ ਇਹ,
ਸੁਭਾਗੀ ਪੱਖੀ ਮੈਨੂੰ ਦੇਕੇ।

## ਭੂਮਿਕਾ ਲਿਖਦਾ ਸੂਰਜ
### ਗੀਤ ਡੋਗਰਾ



ਅੱਜ ਅਚਾਨਕ ਹੋਣ
ਲੱਗੀ ਬਰਸਾਤ
ਲਫ਼ਜ਼ਾਂ ਦੀ
ਪੌਣਾਂ ਨੇ ਲਿਖ ਘੱਲੀ ਕਿਤਾਬ
ਮੁਹੱਬਤਾਂ ਵਾਲੀ
ਦੇਖਿਆ ਕਾਹਲੀ
ਕਾਹਲੀ ਵਿਚ ਉਸਨੂੰ
ਭੂਮਿਕਾ ਲਿਖਦਾ ਸੂਰਜ ਨਹੀਂ
ਥੱਕਿਆ

ਬਸ ਕਰ ਰਿਹਾ ਸੀ ਕਲੋਲਾਂ
ਅਸਮਾਨ ਨਾਲ ਤਾਹੀਂ
ਤਾਰਿਆਂ ਨੇ ਬਦਲਿਆ ਪਾਸਾ
ਤੇ ਸਿਆਹੀ ਬਣ ਕੇ ਫੈਲ ਗਈਆਂ
ਤੇਰੀਆਂ ਤੇ ਮੇਰੀਆਂ ਕੁਝ ਤਸਵੀਰਾਂ
ਤੇ ਲੈ ਲਈ ਉਨ੍ਹਾਂ ਬੰਸਰੀ
ਮੈਂ ਭਰਦੀ ਰਹੀ ਉਸ ਵਿਚ ਫੂਕ
ਸੁਪਨਿਆਂ ਵਾਲੀ
ਮੇਰੀ ਮਹਿਕ ਤਾਂ ਦੇਖਣਾ
ਕਦੇ ਨਾ ਭੁੱਲਣ ਵਾਲੀ

ਚੰਦ ਕਦੋਂ ਤਕ
ਖਾਮੋਸ਼ੀ ਪਹਿਨੀ ਬੈਠਾ ਰਿਹਾ
ਉਹ ਚੁਪਚਾਪ ਬਾਲ ਰਿਹਾ ਸੀ
ਉਨ੍ਹਾਂ ਵਰਕਿਆਂ ਤੇ ਕੰਦੀਲਾਂ ਨੂੰ
ਜਿਨ੍ਹਾਂ ਵਿਚ ਮੈਂ ਸੁਲਘ ਸੁਲਘ ਜਾਂਦੀ
ਉਸੇ ਸੂਰਜ ਦੇ ਵਾਂਗ
ਜੋ ਭੂਮਿਕਾ ਲਿਖ
ਰਿਹਾ ਹੋਵੇ ਅਜੇ।

## ਹਰ ਰੋਜ਼ ਹੀ
### ਸ਼ਮਿੰਦਰ



ਸਭ ਕੁਝ ਤਾਂ ਬਦਲਦਾ
ਰਹਿੰਦਾ ਹੈ ਦੇਖ...
ਕਦੇ ਪੁਰਾ ਵਗਦਾ ਹੈ ਕਦੇ ਪੱਛੋਂ
ਕਦੇ ਗਰਮੀ ਹੋ
ਜਾਂਦੀ ਹੈ ਕਦੇ ਸਰਦੀ
ਫੁੱਲ ਕਦੇ ਖਿੜ ਜਾਂਦੇ ਨੇ
ਕਦੇ ਮੁਰਝਾ ਜਾਂਦੇ ਨੇ
ਕਦੇ ਬਾਰਿਸ਼ਾਂ ਹੁੰਦੀਆਂ ਨੇ
ਕਦੇ ਅੱਗ ਵਰਦੀ ਹੈ
ਕਦੇ ਪਤਝੜ ਤੇ ਕਦੇ
ਬਹਾਰ ਆਉਂਦੀ ਹੈ
ਕਦੇ ਚੰਨ ਅੱਧਾ ਹੁੰਦੈ ਕਦੇ ਪੂਰਾ
ਮਾਂ ਦੇ ਵਾਲਾਂ ਨੂੰ ਮਹਿੰਦੀ
ਕਦੇ ਚੜ੍ਹ ਵੀ ਜਾਂਦੀ ਹੈ
ਕਦੇ ਫਿੱਕੀ ਵੀ ਰਹਿ ਜਾਂਦੀ ਹੈ
ਮੈਂ ਚਾਹ ਰੋਜ਼ ਬਣਾਉਂਦਾ ਹਾਂ
ਕਦੇ ਹੀ ਸਵਾਦ ਬਣਦੀ ਹੈ,
ਅਕਸਰ ਬੇ-ਸਵਾਦੀ ਹੀ
ਪੀ ਲੈਂਦਾ ਹਾਂ
ਮੇਰੀ ਪੱਗ ਦਾ ਲੜ ਵੀ
ਅਕਸਰ ਵਧ-ਘਟ ਜਾਂਦਾ ਹੈ
ਪਰ....
ਤੂੰ ਮੈਨੂੰ ਰੋਜ਼ ਹੀ
ਸੋਹਣੀ ਲੱਗਦੀ ਹੈਂ
ਤੇਰਾ ਹਾਸਾ ਮੇਰੀ
ਥਕਾਨ ਸਦਾ ਹੀ ਲਾਹ ਦਿੰਦਾ ਹੈ
ਮੇਰਾ ਦਿਲ ਸਦਾ ਹੀ
ਕਾਹਲਾ ਰਹਿੰਦੈ ਤੈਨੂੰ ਮਿਲਣ ਨੂੰ
ਤੇਰੀ ਪੈੜ ਚਾਲ ਸੁਣ ਕੇ
ਮੇਰੀ ਧੜਕਣ ਹਰ ਵਾਰ ਹੀ
ਤੇਜ਼ ਹੁੰਦੀ ਹੈ।

## ਕਵਿਤਾ
### ਅਨੂਜੀਤ ਇਕਬਾਲ




ਬੇਮਤਲਬ ਸਾਧਨਾਵਾਂ ’ਚ
ਕੈਦ ਹੁੰਦਾ ਸੰਸਾਰ
ਤੈਨੂੰ ਲੱਭਦਾ ਦੂਰ ਤੀਰਥਾਂ ’ਚ
ਅਤੇ ਮੈਂ ਲਿਖਦੀ ਹਾਂ
ਤੇਰੀ ਪਸਰੀ ਹਥੇਲੀ ਤੇ
ਓਹ ਸਾਰੇ ਪ੍ਰੇਮ ਗੀਤ
ਜਿਹੜੇ ਮੇਰਾ ਹਿਰਦਾ ਗਾਉਂਦਾ ਹੈ

ਵਿਅਰਥ ਕਰਮਕਾਂਡਾਂ ਦੇ
ਵੱਸ ਹੋਇਆ ਸੰਸਾਰ ਤੈਨੂੰ ਭਾਲਦਾ
ਬੇਮਤਲਬ ਕਿਰਿਆਵਾਂ ’ਚ
ਤੇ ਮੈਂ ਮਗਨ ਹੁੰਦੀ ਹਾਂ
ਓਸ ਚਰਮ ਬਿੰਦੂ ਤੇ ਜਿਥੇ ਬਹਿ ਕੇ
ਪ੍ਰੇਮ ਈਸ਼ਵਰ ਹੋ ਜਾਂਦਾ ਹੈ

ਅਰਥਹੀਣ ਅਡੰਬਰਾਂ ’ਚ
ਲੁਕਿਆ ਹੋਇਆ ਸੰਸਾਰ
ਤੈਨੂੰ ਵੇਖਦਾ ਨਿਰਜੀਵ ਪੱਥਰਾਂ ’ਚ
ਤੇ ਮੈਂ ਰੁੱਝੀ ਹੁੰਦੀ ਹਾਂ
ਹਿਰਦੇ ਦੇ ਓਸ ਘਾਟ ਤੇ
ਜਿਥੇ ਬਰਫ ਪਿਘਲ ਕੇ
ਗੰਗਾ ਦਾ ਜਨਮ ਹੋ ਜਾਂਦਾ ਹੈ

ਝੂਠੇ ਪੂਜਾ ਪਾਠ ’ਚ
ਸੰਮੋਹਿਤ ਹੋਇਆ ਸੰਸਾਰ
ਤੈਨੂੰ ਬੁਲਾਉਂਦਾ
ਪਾਗਲਪਣ ਦੇ ਰੌਲੇ ’ਚ
ਤੇ ਮੈਂ ਰਾਗ ਮਲ੍ਹਾਰ ਗਾਉਂਦੀ ਹਾਂ
ਅੰਤਰ ਦੇ ਓਸ ਸਭਾਮੰਡਲ ਵਿੱਚ
ਜਿਥੇ ਬੱਦਲ ਗਰਜ ਕੇ
ਜੀਵਨ ਸਵੈ-ਪ੍ਰਕਾਸ਼ਿਤ ਹੋ ਜਾਂਦਾ ਹੈ

## ਮੈਂ ਕੌਣ ਹੁੰਦਾ ਹਾਂ / ਪ੍ਰੇਮ ਸਾਹਿਲ



ਮੈਂ ਕੌਣ ਹੁੰਦਾ ਹਾਂ
ਕਿਸੇ ਨੂੰ ਕਹਿਣ ਵਾਲਾ
ਕਿ ਪੜ੍ਹ
ਫੁੱਲ ਨੂੰ ਕਹਾਂ ਕਿ ਖਿੜ
ਤੇ ਨਦੀ ਨੂੰ ਕਹਾਂ ਕਿ ਵਗ

ਮੈਂ ਤਾਂ ਖੁਦ ਨੂੰ ਹੀ
ਆਖ ਸਕਦਾ ਹਾਂ ਕਿ ਤੁਰ
ਖਿੜ ਜਾਂ ਗਿੜ

ਖੂਹ ਦੀ ਮਾਹਲ ਵਰਗੀ
ਮਾਹਲ ਮੇਰੀ
ਨਦੀ ਦੇ ਵਹਿਣ ਵਰਗੀ ਚਾਲ ਮੇਰੀ

ਮੈਂ ਕੌਣ ਹੁੰਦਾ ਹਾਂ
ਸੂਰਜ ਨੂੰ ਕਹਿਣ ਵਾਲਾ
ਕਿ ਚੜ੍ਹ ਜਾਂ ਡੁੱਬ

ਮੈਂ ਤਾਂ ਖੁਦ ਚੜ੍ਹ ਸਕਦਾ ਹਾਂ
ਡੁੱਬਣ ਲਈ
ਕੁਝ ਕਰ ਸਕਦਾ ਹਾਂ ਹੁੱਬਣ ਲਈ
ਕਲਮ ਦੀ ਗਾਧੀ ਦੇ ਨਾਲ
ਸ਼ਬਦਾਂ ਨੂੰ ਗੇੜਦਾ ਹਾਂ ਮੈਂ
ਟਿੰਡਾਂ ਵਾਂਗ
ਡੁੱਲ੍ਹਣ ਤੇ ਮੁੜ ਭਰਨ ਲਈ
ਲੋਕਾਈ ਦੀ ਤ੍ਰੇਹ ਹਰਨ ਲਈ

ਭੁੱਖ ਨੂੰ ਬੀਜਦਾ ਹੀ ਕੌਣ ਹੈ
ਆਪੇ ਉੱਗ ਪੈਂਦੀ ਹੈ
ਇਹ ਕੰਡਿਆਲੀ ਥੋਹਰ ਤਾਂ

ਪਰ ਇਸ ਨੂੰ ਸ਼ਾਂਤ ਕਰਨ ਵਾਲੇ
ਨੂੰ
ਸ਼ਾਂਤ ਕਰ, ਕਹਿਣ ਵਾਲਾ
ਮੈਂ ਕੌਣ ਹੁੰਦਾ ਹਾਂ


ਮੁਆਫ ਕਰਨਾ, ਸ਼ਾਇਰੀ ਕਰਨ
ਤੇ ਕਿਸੇ ਨੂੰ ਕੁਝ ਕਰਨ ਲਈ
ਕਹਿਣ ਵਿਚ ਬੜਾ ਫਰਕ ਹੁੰਦਾ ਹੈ
ਇਸ ਫਰਕ ਨੂੰ ਮੇਟਣ ਵਾਲਾ
ਮੈਂ ਕੌਣ ਹੁੰਦਾ ਹਾਂ

ਮੈਂ ਤਾਂ ਮਿਟ ਸਕਦਾ ਹਾਂ
ਜੋ ਮੇਟ ਸਕਾਂ ਸੰਸੇ ਆਪਣੇ
ਕਿਸੇ ਦੇ ਭਰਮ ਦੂਰ ਕਰਨ ਵਾਲਾ
ਭਲਾ ਮੈਂ ਕੌਣ ਹੁੰਦਾ ਹਾਂ।

## ਮੈਂ ਨਦੀ ਹਾਂ / ਸੰਦੀਪ ਕੌਰ ਸੋਖਲ

ਮੈਂ ਤਾਂ ਸਿਰਫ
ਇਕ ਨਦੀ ਹਾਂ ਜੋ ਚਿਰਾਂ ਤੋਂ
ਵਗਦੀ ਆ ਰਹੀ ਹਾਂ
ਪਾਰ ਕਰਦੀ ਆ ਰਹੀ ਹਾਂ
ਉਭੜ ਖ਼ਾਬੜ ਰਾਹਾਂ ਨੂੰ
ਬਸ ਸਾਗਰ ਵਿਚ
ਮਿਲ ਜਾਣ ਲਈ
ਭਾਵੇਂ ਮੈਂ ਗੁਆ ਬੈਠਦੀ ਹਾਂ
ਆਪਣਾ ਵਜੂਦ
ਮਿਲਕੇ ਸਾਗਰ ਦੇ ਪਾਣੀ ਵਿਚ
ਪਰ ਫਿਰ ਵੀ ਕਾਇਮ ਰਹਿੰਦਾ ਹੈ
ਅਕਸ ਮੇਰਾ
ਲਹਿਰਾਂ ਦੇ ਰੂਪ ਵਿਚ
ਮੈਂ ਸਾਗਰ ਵਿਚ
ਚੰਚਲਤਾ ਭਰਦੀ ਹਾਂ
ਫਿਰ ਵੀ ਮੈਂ ਸਿਰਫ
ਇਕ ਨਦੀ ਹੀ ਹਾਂ
ਸਾਗਰ ਵਿਚ ਮਿਲ ਜਾਣ ਵਾਲੀ
ਇਕ ਨਦੀ
ਜੋ ਖੁਦ ਦਾ ਵਜੂਦ ਮਿਟਾਕੇ ਵੀ
ਕਾਇਮ ਰੱਖਦੀ ਹੈ
ਅਕਸ ਆਪਣਾ।

## ਹਯਾਤੀ ਦੀ ਪੂੰਜੀ / ਸੁਰਜੀਤ ਸਿੰਘ ਭੁੱਲਰ



ਜਦ ਵੀ ਉਹਦਾ ਨਾਂ ਹੋਂਠਾਂ ਤੇ ਆਇਆ
ਧੋਤੇ ਗਏ ਭਾਵਨਾਵਾਂ ਦੇ
ਪਵਿੱਤਰ ਝਰਨੇ ਦੇ ਮਿੱਠੜੇ ਜਲ ਨਾਲ
ਮਨ ਦੇ ਜਜ਼ਬਾਤ। ਰੂਹ ਨੱਚ ਉੱਠੀ
ਹਰ ਪਾਸੇ ਪਿਆਰ,ਮੁਹੱਬਤ ਦਾ
ਸਮਾਂ ਬੱਝ ਗਿਆ,ਸੱਜ ਗਿਆ
ਨੈਣਾਂ 'ਚ ਖੁਸ਼ੀ ਦਾ
ਸਾਗਰ ਘੁਲ ਗਿਆ
ਚੱਪੇ-ਚੱਪੇ 'ਤੇ ਫੁੱਲ ਖਿੱਲ ਗਏ।
ਖੁਸ਼ਬੂ ਨਾਲ ਮਨ ਦੀ ਝੋਲੀ ਭਰ ਗਈ
ਉਂਗਲਾਂ ਦੇ ਪੋਟੇ,
ਉਹਦਾ ਨਾਂ ਲਿਖਣ ਲਈ
ਮਚਲਣ ਲੱਗੇ
ਮੇਘ ਗੁਲਾਬੀ ਭਾਅ ਮਾਰਦੇ
ਕੋਰੇ ਕਾਗ਼ਜ਼ ਥਮ੍ਹਾਉਣ ਲੱਗੇ
ਕਿ ਲਿਖ ਆਪਣੇ
ਦਿਲ ਦੀ ਧੜਕਣ ਦੀ ਗਤੀ।
ਧੜਕਣ 'ਚ ਉਹਦਾ ਨਾਂ
ਗੂੰਜਣ ਲੱਗਾ। ਮੇਰੇ ਸਾਹਮਣੇ
ਕਿਰਨਾਂ ਦੀ ਸਵਾਰੀ 'ਤੇ
ਆਉਂਦਾ ਆਕਾਰ ਦਿਸਿਆ
ਪ੍ਰਕਿਰਤੀ ਨੇ ਜਲ ਤਰੰਗ ਛੇੜ ਦਿੱਤਾ
ਬ੍ਰਹਿਮੰਡ 'ਚ ਸੰਗੀਤਕ
ਧੁਨ ਪਸਰ ਗਈ
ਮੇਰਾ ਅੰਤਰੀਵ ਅੰਗਮੀ
ਚਾਨਣ ਨਾਲ ਭਰ ਗਿਆ।
ਉਹਦਾ ਹੋਂਠਾਂ 'ਤੇ ਆਇਆ ਨਾਂ
ਕਦ ਸ਼ਬਦ ਬਣ ਘੁਲ ਜਾਵੇ,
ਕਵਿਤਾ ਵਿੱਚ ਸਮਾ ਜਾਵੇ,
ਮੇਰੀ ਹਯਾਤੀ ਦੀ ਪੂੰਜੀ ਬਣ ਕੇ?

## ਹਿੰਦੀ ਕਵਿਤਾਵਾਂ

**ਅਨੁਵਾਦ: ਅਮਰਜੀਤ ਕੌਂਕੇ**

### ਦਸਤਕ ਜ਼ਰੂਰੀ ਹੈ / ਮਹੇਸ਼ ਆਲੋਕ



ਦਸਤਕ ਜ਼ਰੂਰੀ ਹੈ
ਉਸ ਦਰਵਾਜੇ ਤੇ ਜਿਸ ਤੇ
ਦਰਖਤ ਦੇ ਚਿਤਰ ਬਣੇ ਨੇ
ਤੇ ਚਿੜੀਆਂ ਦੇ ਆਹਲਣੇ

ਸੂਰਜ ਦੇ ਉਸ ਘਰ ਵਿਚ
ਜਿਸ ਵਿਚ ਧਰਤੀ ਦੀ ਪਿੱਠ ਤੇ ਪੱਥਰ
ਬੰਨ੍ਹ ਕੇ ਲਟਕਾ ਦਿੱਤੋ ਗਿਆ ਹੈ
ਅਕਾਸ਼ ਵਿਚ

ਤਿਤਲੀ ਦੇ ਖੰਭਾਂ ਦੀ
ਉਸ ਛਾਂ ਵਿਚ
ਜਿੱਥੇ ਪੱਤੀਆਂ
ਕੀੜਿਆਂ ਤੋਂ ਬਚਣ ਦੀ
ਕੋਸ਼ਿਸ਼ ਕਰ ਰਹੀਆਂ ਹਨ

ਪਾਣੀ ਦੀ ਉਸ ਬੂੰਦ ਵਿਚ
ਉਸਦੀ ਇੱਛਾ ਵਿਚ
ਜੋ ਰੇਤ ਦੇ ਗਲੇ ਤਕ
ਆਉਂਦੇ ਆਉਂਦੇ
ਸੁੱਕ ਰਹੀ ਹੈ

ਤੋਪ ਦੇ ਚੱਲਣ ਨਾਲ
ਹਵਾ ਦੇ ਸਾਹਵਾਂ ਨੂੰ
ਸਥਿਰ ਕਰਨ ਲਈ
ਖਿਲਾਅ ਦੇ ਹਜ਼ਾਰਾਂ
ਦਰਵਾਜਿਆਂ ਨੂੰ
ਕਿਸੇ ਸਿਰਫਿਰੇ ਤੋਂ ਬਚਾਉਣ ਲਈ
ਦਸਤਕ ਜ਼ਰੂਰੀ ਹੈ।

### ਉਧਾਰ / ਸੰਗੀਤਾ ਕੁਜਾਰਾ ਟਾਕ

ਪੌਣਾਂ ਵਿਚ ਜਿਹੜੀ ਨਮੀ ਹੈ
ਮੇਰੇ ਅਥਰੂਆਂ ਦੀ ਹੈ

ਖੁਸ਼ਕ ਰੇਤ ਵਿਚ ਧਸਦੇ ਪੈਰ
ਇਹ ਰੇਗਿਸਤਾਨ
ਮੇਰੇ ਸੰਘਰਸ਼ ਦੀ
ਗਾਥਾ ਹੈ

ਸੁੱਕੇ ਪੱਤਿਆਂ ਦੀ
ਖੜਖੜਾਹਟ
ਉਂਜ ਹੀ ਨਹੀਂ
ਮੇਰੀ ਨਿਛਾਵਰ ਜਵਾਨੀ ਦੀ
ਕਸਮਸਾਹਟ ਹੈ

ਅਕਾਸ਼ ਛੂੰਹਦੇ
ਚਿਨਾਰ ਦੇ ਦਰੱਖਤਾਂ ਨੇ
ਮੇਰੇ ਸੁਪਨਿਆਂ ਵਿਚੋਂ
ਚੁਰਾਇਆ ਹੈ
ਆਪਣਾ ਕੱਦ

ਉੱਡਦੇ ਪੰਛੀ ਨੇ ਜੋ
ਮੇਰੇ ਹੀ ਹੌਂਸਲਿਆਂ ਨਾਲ ਹੈ
ਇਨ੍ਹਾਂ ਦੀ ਉਡਾਣ
ਸੁਣੋ
ਸਭ ਨੇ ਲਿਆ ਹੈ
ਕੁਝ ਨਾ ਕੁਝ
ਉਧਾਰ ਮੈਥੋਂ
ਇਕ ਔਰਤ ਤੋਂ।



### ਮਾਂ / ਵਿਵੇਕ ਚਤੁਰਵੇਦੀ



ਬਹੁਤ ਵਰ੍ਹੇ ਪਹਿਲਾਂ
ਅਸੀਂ ਬੱਚੇ ਵਿਹੜੇ ਵਿਚ
ਮਾਂ ਨੂੰ ਘੇਰ ਕੇ ਬੈਠ ਜਾਂਦੇ
ਮਾਂ ਸੰਧੂਰੀ ਅੰਬ ਦੀਆਂ
ਫਾੜੀਆਂ ਕੱਟਦੀ
ਅਸੀਂ ਦੇਖਦੇ ਰਹਿੰਦੇ
ਕੋਈ ਫਾੜੀ ਛੋਟੀ ਤਾਂ ਨਹੀਂ
ਪਰ ਪਤਾ ਨਹੀਂ ਕਿਵੇਂ
ਬਿਲਕੁਲ ਇੱਕੋ ਜਿਹੀਆਂ ਕੱਟ ਕੇ
ਸਾਨੂੰ ਵੰਡ ਦਿੰਦੀ

ਆਪ ਗੁਠਲੀ ਲੈਂਦੀ ਜਿਸ ਵਿਚ
ਥੋੜਾ ਜਿਹਾ ਹੀ ਅੰਬ ਹੁੰਦਾ
ਛੋਟਾ ਰੋਂਦਾ ਮੇਰੀ ਫਾੜੀ ਛੋਟੀ ਹੈ
ਮਾਂ ਉਸਨੂੰ ਗੁਠਲੀ ਵੀ ਦੇ ਦਿੰਦੀ
ਛੋਟਾ ਖੁਸ਼ ਹੋ ਜਾਂਦਾ

ਉਸ ਸੰਧੂਰੀ ਅੰਬ ਦੀ ਫਾੜੀ
ਅੱਜ ਦੀ ਰਾਤ ਚੰਦ ਬਣ ਗਈ ਹੈ
ਪਰ ਹੁਣ ਮਾਂ ਨਹੀਂ
ਉਹ ਚੰਦ ਵਿਚ ਬਹੁਤ ਦੂਰ
ਕਾਲੀ ਲਕੀਰ ਵਾਂਗ ਦਿਖਾਈ ਦਿੰਦੀ

ਮਾਂ ਚੰਦ ਦੇ ਵੇਹੜੇ ਵਿਚ ਬੈਠੀ ਹੈ
ਹੁਣ ਉਹ ਦੁਨੀਆਂ ਭਰ ਦੇ
ਬੱਚਿਆਂ ਲਈ
ਅੰਬ ਦੀਆਂ ਫਾੜੀਅ
ਕੱਟ ਰਹੀ ਹੈ....

## ਹਿੰਦੀ ਕਵਿਤਾਵਾਂ — ਅਨੁ. ਅਮਰਜੀਤ ਕੌਂਕੇ

### ਵਿਆਹੀ ਹੋਈ ਬੇਟੀ / ਮਨੋਜ ਚੌਹਾਨ



ਵਰ੍ਹਿਆਂ ਪਹਿਲਾਂ
ਨੇੜੇ ਦੇ ਪਿੰਡ ਵਿਚ
ਵਿਆਹੀ ਹੋਈ ਬੇਟੀ
ਰਹਿੰਦੀ ਹੈ ਫ਼ਿਕਰਮੰਦ
ਅੱਜ ਵੀ ਬੁੱਢੀ ਮਾਂ ਦੇ ਲਈ

ਜਦੋਂ ਕਿ ਉਹ ਆਪ ਵੀ
ਬਣ ਚੁੱਕੀ ਹੈ ਦਾਦੀ ਤੇ ਨਾਨੀ
ਅਕਸਰ ਲੰਘਦੀ ਪੇਕਿਆਂ ਦੇ
ਨਾਲ ਲਗਦੀ ਸੜਕ ਤੋਂ
ਖਿੱਚੀ ਤੁਰੀ ਆਉਂਦੀ ਹੈ
ਪਿੰਡ ਵਿੱਚ ਬੈਠੀ
ਬੁੱਢੀ ਮਾਂ ਦੇ ਕੋਲ

ਉਹ ਕੱਢ ਲੈਂਦੀ ਹੈ ਕੁਝ ਪਲ
ਮਾਂ ਦੀ ਸੇਵਾ ਦੀ ਲਈ
ਆਪਣੇ ਭਰੇ ਪੂਰੇ ਪਰਿਵਾਰ ਦੀਆਂ
ਜ਼ਿੰਮੇਵਾਰੀਆਂ ਦੇ ਵਿਚ ਵੀ

ਪਾਣੀ ਗਰਮ ਕਰ ਕੇ
ਨਹਾਉਂਦੀ ਹੈ ਮਾਂ ਨੂੰ
ਧੋਂਦੀ ਹੈ ਉਸ ਦੇ ਕੱਪੜੇ ਲੱਤੇ
ਸੰਵਾਰਦੀ ਹੈ ਸਲੀਕੇ ਨਾਲ
ਸਿਰ ਤੇ ਉਲਝੀ ਹੋਈ ਚਾਂਦੀ ਨੂੰ
ਸ਼ਾਇਦ ਉਵੇਂ ਹੀ ਜਿਵੇਂ
ਕਰਦੀ ਹੋਵੇਗੀ ਮਾਂ ਜਦੋਂ
ਉਹ ਛੋਟੀ ਸੀ

ਬੁੱਢੀ ਮਾਂ ਦੇਖਦੀ ਰਹਿੰਦੀ ਹੈ
ਇਕ ਟਕ ਭੁੱਲੀਆਂ ਹੋਈਆਂ ਯਾਦਾਂ
ਬੇਟੀ ਦੇ ਬਚਪਨ ਦੀਆਂ
ਮਾਰਦੀ ਹੈ ਛਾਲ ਅਵਚੇਤਨ ਵਿਚੋਂ
ਫੇਰਦੀ ਹੈ ਹੱਥ ਬੇਟੀ ਦੇ ਸਿਰ ਤੇ
ਮਮਤਾ ਛਲਕ ਪੈਂਦੀ ਹੈ
ਸੁੱਕੀਆਂ ਅੱਖਾਂ ਵਿਚੋਂ
ਨਾ ਚਾਹੁੰਦੇ ਹੋਏ ਵੀ
ਤਰਲਤਾ ਵਿਚ ਭਿੱਜੀ ਬੇਟੀ
ਦਿਖਾਉਣਾ ਚਾਹੁੰਦੀ ਹੈ
ਮਜਬੂਤ ਆਪਣੇ ਆਪ ਨੂੰ
ਦਿੰਦੀ ਹੈ ਹੌਂਸਲਾ ਮਾਂ ਨੂੰ

ਉਮਰ ਦੀ ਇਸ ਅਵਸਥਾ ਵਿਚ
ਹੁਣ ਬੇਟੀ ਹੋ ਜਾਣਾ
ਚਾਹੁੰਦੀ ਹੈ ਮਾਂ।

### ਕਵਿਤਾ / ਡਾ. ਅਨੀਤਾ ਜੈਨ ਵਿਪੁਲ



ਖ਼ੁਸ਼ੀਆਂ ਦੇ ਪਤੰਗ ਨੂੰ
ਹੌਸਲੇ ਦੇ ਮਾਂਝੇ ਨਾਲ
ਖੁੱਲ੍ਹੇ ਗਗਨ ਵਿਚ ਉਡਾਈਏ

ਖ਼ੁਸ਼ੀ ਭਾਵੇਂ ਸਾਦੀ ਹੋਵੇ
ਜਾਂ ਹੋਵੇ ਵੱਡੀ ਸਜੀ ਧਜੀ
ਛੋਟੀ ਤੋਂ ਛੋਟੀ ਨੂੰ ਵੀ
ਆਜ਼ਾਦ ਹੋ ਕੇ ਜਿਉਈਏ

ਤੇਰੇ ਪਿਆਰ ਦੇ ਮਾਂਝੇ ਨਾਲ
ਮੇਰੇ ਮਨ ਦੀ ਪਤੰਗ ਉਡਾਈਏ
ਇਉਂ ਹਿਚਕੋਲੇ ਖਾਈਏ
ਕਿ ਉੱਡ ਉੱਡ ਜਾਈਏ

ਹਸਰਤਾਂ ਇੱਕ ਦੂਜੇ ਨਾਲ ਬੰਨ੍ਹੀਆਂ
ਆਨੰਦ ਦਾ ਉਤਸਵ
ਜੀਵਨ ਦੇ ਅਕਾਸ਼ ਵਿਚ
ਅਸੀਂ ਮਿਲ ਕੇ ਮਨਾਈਏ।

### ਬਾਕੀ / ਅਭਿਲਾਸ਼ਾ ਪਾਰੀਕ



ਖੁੱਲ੍ਹੇ ਅਸਮਾਨ ਵਿਚ
ਸੂਰਜ ਦੀ ਪਹਿਲੀ ਕਿਰਨ ਦੀ
ਉਡੀਕ ਵਿਚ ਪਤਾ ਨਹੀਂ
ਕਿਥੋਂ ਕਿਥੇ ਤੱਕ
ਸਫ਼ਰ ਦੀ ਤਲਾਸ਼ ਵਿਚ
ਨਿਕਲੇ ਇਹ ਮੁਸਾਫ਼ਿਰ

ਕਦੇ ਅੱਖਾਂ ਦੇ ਸਾਹਮਣੇ
ਕਦੇ ਉੱਪਰ ਜਾਂ ਸਮਾਨੰਤਰ ਸਫ਼ਰ
ਚਾਰ ਚਾਰ ਜੋੜਿਆਂ ਵਿਚ ਵੰਡੇ
ਉਡਾਨ ਭਰਦੇ ਤੋਤਿਆਂ ਦਾ
ਹਰੀਅਲ ਸਮੂਹ ਜਿਨ੍ਹਾਂ ਦੀ
ਉਡਾਣ ਦਾ ਵੇਗ
ਅਨੰਤ ਊਰਜਾ ਨੂੰ ਸੰਭਾਲੀ
ਨਿਕਲ ਪਿਆ ਹੈ
ਪਤਾ ਨੀ ਕਿਨ੍ਹਾਂ
ਮੰਜ਼ਿਲਾਂ ਦੇ ਵੱਲ

ਪਿਛੇ ਖਾਲੀ ਛੱਡ ਕੇ
ਸਾਰੇ ਪ੍ਰਸ਼ਨਾਂ ਦੇ ਉੱਤਰ
ਕਿ ਬਸ ਚਲਦੇ ਰਹੋ
ਉੱਡਦੇ ਰਹੋ
ਮੰਜ਼ਿਲ ਕਦਮਾਂ ਵਿਚ ਹੋਵੇਗੀ।

## ਕਲਪਨਾ ਦੇ ਖੰਭ
## ਸਵਿਤਾ ਦਾਸ ਸਾਵੀ ਆਸਾਮ

ਚਾਹਤ ਤਾਂ ਬਹੁਤ ਸੀ
ਉੱਡਣ ਦੀ
ਪਰ ਦੇਖਿਆ ਤਾਂ ਖੰਭ ਹੀ ਨਹੀਂ
ਕੋਸਦੀ ਕਿਸਨੂੰ
ਮੈਂ ਚਿੜੀ ਤਾਂ ਨਹੀਂ
ਜੋਸ਼ ਜਗਾ ਕੇ
ਬਾਹਾਂ ਪਸਾਰੀ
ਉੱਡਣ ਲੱਗੀ
ਅਨੰਤ ਅਕਾਸ਼ ਨੂੰ
ਬਾਹਾਂ ਵਿਚ ਭਰਨ ਲੱਗੀ

ਕਿੰਨੀ ਛੋਟੀ ਦਿਸਦੀ ਹੈ
ਦੂਰ ਤੋਂ ਦੇਖਿਆਂ
ਦੁੱਖ ਦਰਦ ਨੂੰ ਸਮੇਟੀ
ਥੱਲੇ ਦੀ ਧਰਤੀ
ਇਹ ਉਡਾਨ ਤਾਂ
ਹੌਸਲਿਆਂ ਦੀ ਹੈ
ਥਕਾਨ ਕਿਤੇ ਨਹੀਂ

ਹਾਂ ਫੇਰ ਜਦ ਪਰਤਾਂਗੀ
ਇਸੇ ਜਮੀਨ ਤੇ



ਦੇਖਣਾ ਮੇਰੇ ਸੱਚਮੁੱਚ
ਦੋ ਖੰਭ ਹਨ
ਜੇ ਵੇਦਨਾਵਾਂ ਫੇਰ
ਬੰਨ੍ਹਣਾ ਚਾਹੁਣਗੀਆਂ
ਤਾਂ ਮੈਂ ਫੇਰ ਫੈਲਾਵਾਂਗੀ
ਆਪਣੀ ਕਲਪਨਾ ਦੇ ਖੰਭ
ਉੱਡਣ ਦੇ ਲਈ।

## ਅੱਜ ਕੱਲ੍ਹ / ਰੇਨੂੰ ਵਰਮਾ

ਅੱਜ ਕੱਲ੍ਹ ਦਿਨ ਨਿਕਲਦਾ ਹੈ
ਇੱਕ ਸਿੱਲ੍ਹਾਪਨ ਲਈ
ਜਿਵੇਂ ਭਿੱਜਿਆ ਹੋਵੇ ਰਾਤ ਭਰ
ਅਥਰੂਆਂ ਦੀ ਨਦੀ ਵਿਚ
ਤੇ ਫਿਰ ਪੂਰਾ ਦਿਨ ਇਸੇ
ਸਿਲ੍ਹੇਪਨ ਵਿਚ ਲੰਘ ਜਾਂਦਾ
ਥੋੜੀ ਜਿਹੀ ਗਰਮਾਹਟ
ਮਿਲਦੀ ਹੈ ਤਾਂ ਬਸ
ਉਸ ਚਾਹ ਦੇ ਗਿਲਾਸ ਤੋਂ
ਜਿਸਨੂੰ ਠੰਡ ਦੇ ਦਿਨਾਂ ਵਿਚ



ਦੋਹਾਂ ਹੱਥਾਂ ਨਾਲ ਫੜ ਕੇ
ਤੇਰੀਆਂ ਯਾਦਾਂ ਦੀ ਗਰਮਾਹਟ
ਮਹਿਸੂਸ ਕਰਦੀ ਹਾਂ
ਇਹ ਗਰਮਾਹਟ
ਹਥੇਲੀਆਂ ਚੋਂ ਹੁੰਦੀ ਹੋਈ
ਪੂਰੇ ਜਿਸਮ ਨੂੰ ਇਕ ਨਿੱਘ
ਤੇ ਇਕ ਊਰਜਾ ਦਿੰਦੀ ਹੈ
ਮੇਰੇ ਸੂਰਜ !
ਤੂੰ ਆ ਜਾ ਹੁਣ ਤਾਂ
ਕਿ ਸਿੱਲ੍ਹ ਚੋਂ ਆਉਣ ਲੱਗੀ ਹੈ
ਉੱਲੀ ਹੁਣ ਮਨ ਦੇ ਕੋਲ
ਅਰਮਾਨਾਂ ਨੂੰ ਦਿਖਾਉਣੀ ਹੈ
ਸਨੇਹ ਦੀ ਧੁੱਪ ਤਾਕਿ
ਉੱਗ ਸਕੇ ਉਹ ਬੂਟਾ
ਪਿਆਰ ਦਾ।

## ਔਰਤ ਮਰਦ / ਕਮਲੇਸ਼ਵਰ ਸਾਹੂ



ਮਰਦ ਨੇ ਆਪਣੇ ਲਈ
ਇਕ ਖੂਬਸੂਰਤ ਦੁਨੀਆਂ ਰਚੀ
ਸੁਖ ਦੇ ਸਾਰੇ ਸਾਧਨ ਇਕੱਠੇ ਕੀਤੇ

ਉਸਦੀ ਦੁਨੀਆਂ ਵਿਚ
ਸ਼ਾਨੋ ਸ਼ੌਕਤ, ਵਿਲਾਸਤਾ ਅਤੇ
ਸੰਪੂਰਨਤਾ ਦੀ ਜੁਗਲਬੰਦੀ ਸੀ
ਫੇਰ ਵੀ ਮਰਦ ਨੂੰ
ਪਲ ਪਲ ਲੱਗਦਾ
ਉਸਦੀ ਦੁਨੀਆ ਵਿਚ
ਕੁਝ ਨਾ ਕੁਝ ਕਮੀ ਹੈ

ਜਿਸ ਦਿਨ ਪੁਰਸ਼ ਦੀ ਦੁਨੀਆ ਵਿਚ
ਔਰਤ ਦਾ ਪ੍ਰਵੇਸ਼ ਹੋਇਆ
ਉਸੇ ਦਿਨ ਪਤਾ ਲੱਗਿਆ ਉਸਨੂੰ
ਕਿ ਉਸਦੀ ਦੁਨੀਆ ਵਿਚ
ਇਕ ਔਰਤ ਦੀ ਕਮੀ ਸੀ

ਪੁਰਸ਼ ਨੇ ਮੰਨਿਆ ਪਹਿਲੀ ਵਾਰ
ਕਿੰਨਾ ਵੀ ਖੂਬਸੂਰਤ ਹੋਵੇ
ਕਿੰਨਾ ਹੀ ਸੰਪੂਰਣ
ਔਰਤ ਦੇ ਬਿਨਾ ਕਦੇ
ਪੂਰਾ ਨਹੀਂ ਹੁੰਦਾ
ਮਰਦ ਦਾ ਸੰਸਾਰ।

## ਗੁਆਚ ਗਈ ਕਵਿਤਾ
## ਅਨੁਰਾਧਾ ਸਿੰਘ



ਦਿਨ ਬਹੁਤ ਵਧੀਆ
ਗੁਜ਼ਾਰਿਆ ਹੈ ਮੈਂ
ਸੁੱਕੇ ਭਾਂਡੇ ਤੇ ਕੱਪੜੇ
ਅਲਮਾਰੀਆਂ ਵਿਚ ਨੇ
ਕਿਤਾਬਾਂ ਤੇ ਭੋਰਾ ਵੀ ਧੂੜ ਨਹੀਂ ਹੈ
ਤੇ ਉਨ੍ਹਾਂ ਨੂੰ ਪੜ੍ਹਨ ਦੀ ਵੇਹਲ ਵੀ
ਨਹੀਂ
ਏਨੇ ਵਧੀਆ ਦਿਨ ਵਿਚ ਵੀ
ਮੈਥੋਂ ਗੁਆਚ ਗਈ ਹੈ ਇਕ ਕਵਿਤਾ
ਮੇਰੇ ਵਰਗੇ ਲੋਕ
ਗੂੰਗੇ ਡਰੇ ਹੋਏ ਤੇ ਝੂਠੇ
ਜੋ ਨਹੀਂ ਜਾਣਦੇ ਬੋਲਣਾ ਤੇ ਸੋਚਣਾ
ਕਿਸੇ ਵੀ ਭਾਸ਼ਾ ਵਿਚ
ਜਿਨ੍ਹਾਂ ਕੋਲ ਸਭ ਤੋਂ ਘੱਟ ਸ਼ਬਦ ਨੇ
ਬਸ ਗਿਣੀਆਂ ਚੁਣੀਆਂ ਗੱਲਾਂ
ਕਹਿਣ ਲਈ
ਉਨ੍ਹਾਂ ਤੋਂ ਵੀ ਘੱਟ ਨੇ
ਸੁਨਣ ਵਾਲੇ ਲੋਕ
ਅੱਧੀ ਰਾਤ ਉਲਟਦੀਆਂ ਗੱਡੀਆਂ ਨੂੰ
ਕਿਸੇ ਸਾਜਿਸ਼ ਦਾ ਹਿੱਸਾ ਮੰਨਦੇ
ਸ਼ਾਂਤਾਕ੍ਰੂਜ਼ ਤੋਂ ਹਰ ਤਿੰਨ ਮਿੰਟ ਤੇ
ਟੁੱਟਣ ਵਾਲੇ ਤਾਰੇ ਨੂੰ ਦੇਖ ਕੇ
ਭਾਵੁਕ ਹੋ ਜਾਂਦੇ ਨੇ
ਸ਼ੁਕਰਗੁਜ਼ਾਰ ਨਹੀਂ ਹਨ
ਕਿਸੇ ਦੇਵੀ ਦੇਵਤਾ ਦੇ
ਅਸੀਂ ਬਹੁਤ ਸਵਾਰਥੀ ਤੇ
ਆਤਮ ਕੇਂਦਰਿਤ ਲੋਕ
ਪ੍ਰਾਰਥਨਾਵਾਂ ਵਿਚ ਵੀ
ਗੁਆਚ ਗਈ
ਕਵਿਤਾ ਮੰਗਦੇ ਹਾਂ।

## ਬਿਮਾਰ ਪੀੜ੍ਹੀ ਨੂੰ
## ਡਾ. ਹਰਮਹਿੰਦਰ ਸਿੰਘ ਬੇਦੀ



ਸਿੱਲ੍ਹੇ ਕਮਰੇ ਵਿਚ
ਇਕ ਕਵੀ ਬਿਮਾਰ ਪਿਆ ਹੈ
ਧੁੱਪ ਕਦੋਂ ਉੱਗਦੀ ਹੈ
ਸਤਰੰਗਾ ਮੌਸਮ ਕੀ ਗਾਉਂਦਾ ਹੈ
ਉਸਨੂੰ ਪਤਾ ਹੈ
ਇਸ ਲਈ ਚੁਪਚਾਪ
ਬੰਦ ਕਮਰੇ ਵਿਚ
ਪਿਆ ਰਹਿੰਦਾ ਹੈ ਉਹ ਬਿਮਾਰ
ਜਦੋਂ ਕਦੇ ਉਹ ਘੁਟਣ ਤੋਂ ਘਬਰਾ ਕੇ
ਆਪਣੇ ਹੱਥ ਫੈਲਾਉਂਦਾ ਹੈ
ਕਮਰੇ ਦੀ ਖਿੜਕੀ ਨਾਲ
ਲਗ ਜਾਂਦਾ ਹੈ
ਫਿਰ ਟਿਕਟਿਕੀ ਬੰਨ੍ਹੀ
ਚੀਕਦਾ ਹੈ - ਮੇਰੇ ਪੈਰਾਂ ਵਿਚ
ਸਫ਼ਰ ਭਰਿਆ ਹੈ
ਮੈਂ ਅਜੇ ਥੱਕਿਆ ਨਹੀਂ ਹਾਂ
ਅਜੇ ਤਾਂ ਧੁੱਪ
ਮੇਰੀ ਖਿੜਕੀ ਤੇ ਬੈਠੀ ਹੈ
ਮੈਨੂੰ ਕਮਰੇ ਵਿਚੋਂ ਬਾਹਰ
ਤਾਂ ਆਉਣ ਦਿਉ
ਮੈਂ ਉਤਰ ਰਹੇ ਹਨ੍ਹੇਰੇ ਨੂੰ
ਇਕ ਘੁੱਟ ਵਿਚ ਡੀਕ ਜਾਵਾਂਗਾ
ਬਿਮਾਰ ਕਵੀ ਦੀਆਂ ਅਵਾਜ਼ਾਂ
ਲੋਹੇ ਦੀਆਂ ਠੰਡੀਆਂ ਸਲਾਖਾਂ ਨਾਲ
ਟਕਰਾਉਂਦੀ ਹੈ
ਅਤੇ ਕਵੀ ਹਨ੍ਹੇਰੇ ਵਿਚ
ਨਜ਼ਰ ਗੁਆ ਦਿੰਦਾ ਹੈ
ਕਮਰਾ ਹਨ੍ਹੇਰੇ ਨਾਲ ਭਰ ਜਾਂਦਾ ਹੈ
ਤੇ ਕਾਵਿ ਚੁਪਚਾਪ ਸੌਂ ਜਾਂਦਾ ਹੈ
ਹਨ੍ਹੇਰੇ ਬੰਦ ਕਮਰੇ ਵਿਚ
ਇਕ ਕਵੀ ਬਿਮਾਰ ਪਿਆ ਹੈ......

## ਰਾਤ / ਰਵੀ ਪੁਰੋਹਿਤ



ਹਾਂ ਮੈਂ ਰਾਤ ਹਾਂ
ਰਾਤ ਪਤਾ ਨਹੀਂ ਕਿੰਨੇ
ਸੁਪਨੇ ਬੁਣ ਗਈ
ਇਕ ਹੀ ਰਾਤ ਵਿਚ
ਸੂਰਜ ਭੁੱਲ ਗਿਆ ਉੱਗਣਾ
ਤੇ ਸੁੱਤਾ ਰਿਹਾ
ਰਾਤ ਦੀ ਬੁੱਕਲ ਵਿਚ
ਗੱਲ ਬਾਹਾਂ ਪਾਈ ਪੂਰੀ ਰਾਤ
ਮਹਿਕਦਾ ਰਿਹਾ ਰਾਤ ਰਾਣੀ ਵਾਂਗ
ਸੰਗਦਾ ਸਹਿਮਦਾ ਛੂਹੰਦਾ ਰਿਹਾ
ਰਾਤ ਦੇ ਫੁੱਲ
ਤੇ ਬਹਿਕਦਾ ਝੂਲਦਾ ਰਿਹਾ
ਅਣਜਾਣ ਪਗਡੰਡੀਆਂ ਤੇ
ਰਾਤ ਦੀ ਧੁਨ ਵਿਚ
ਪਰ ਸਮਾਂ ਕਿਵੇਂ ਠਹਿਰਦਾ
ਬਾਹਰ ਦੂਰ ਕਿਤੇ
ਕੋਈ ਮਾਸੂਮ ਜਿਹੀ ਚਿੜੀ ਚਹਿਕੀ
ਤੇ ਸੂਰਜ ਜਿਵੇਂ ਭੁੱਲ ਗਿਆ
ਰਾਤ ਦੀ ਹਰ ਗੱਲ
ਰਾਤ ਦਾ ਝੂਮਦਾ ਰਾਗ
ਕੁਲਬੁਲਾਉਂਦਾ ਅੱਖਾਂ ਮਲਦਾ ਰਿਹਾ
ਅਬੋਧ ਬੱਚੇ ਦੇ ਵਾਂਗ
ਲਾਉਂਦਾ ਰਿਹਾ ਇਕ ਹੀ ਰਟ
ਪਰਤ ਆ ਨਿਸ਼ਾ
ਅਜੇ ਸੁਸਤ ਲੈਣ ਦੇ ਮੈਨੂੰ
ਜੀਣ ਦੇ ਜੀ ਭਰ ਕਿ ਉਧਰ ਰਾਤ
ਵਿਲਕਦੀ ਰਹੀ ਦੇਹਲੀ ਤੇ
ਨਵੀਂ ਵਿਆਹੀ ਦੇ
ਵਿਦਿਆ ਹੋਣ ਵੇਲੇ ਦੀ ਵਿਲਕਣੀ
ਹੁਣ ਸੂਰਜ ਨੂੰ
ਸ਼ਾਸਤਰ ਕੌਣ ਸਮਝਾਏ......

# ਗੁਰੂ ਨਾਨਕ ਦੇਵ ਜੀ ਰਚਿਤ 'ਆਸਾ ਦੀ ਵਾਰ' : ਇਕ ਅਧਿਐਨ / ਡਾ. ਗੁਰਮੋਹਿੰਦਰ ਸਿੰਘ

ਗੁਰੂ ਨਾਨਕ ਦੇਵ ਜੀ ਦੀ ਰਚਨਾ 'ਆਸਾ ਦੀ ਵਾਰ' ਸਮੁੱਚੇ ਪੰਜਾਬੀ ਅਧਿਆਤਮਕ ਵਾਰ ਸਾਹਿਤ ਵਿਚ 'ਵਾਰ ਆਸਾ' ਪਹਿਲੀ ਵਾਰ ਹੈ। ਜਿਸ ਨੂੰ ਰਾਗ ਆਸਾ ਵਿਚ ਗਾਉਣ ਦਾ ਨਿਰਦੇਸ਼ ਹੈ। ਗੁਰੂ ਨਾਨਕ ਦੇਵ ਜੀ ਉੱਚ ਕੋਟੀ ਦੇ ਵਾਰ ਕਾਰ, ਬਾਣੀਕਾਰ, ਕਲਾਕਾਰ ਅਤੇ ਸਾਹਿਤ ਸ਼ਾਸਤ੍ਰੀ ਦੇ ਰੂਪ ਵਿਚ ਸਾਡੇ ਸਾਹਮਣੇ ਆਏ ਹਨ। ਗੁਰੂ ਨਾਨਕ ਦੇਵ ਜੀ ਨੂੰ ਪ੍ਰਥਮ ਬਾਣੀਕਾਰ ਦੇ ਰੂਪ ਵਿਚ ਹੀ ਨਹੀਂ ਬਲਿਕ ਪਹਿਲੇ ਵਾਰਕਾਰ ਦੇ ਰੂਪ ਵਿਚ ਵੀ ਵੇਖਿਆ ਜਾ ਸਕਦਾ ਹੈ। ਗੁਰੂ ਨਾਨਕ ਨੇ ਗੁਰਬਾਣੀ ਸਾਹਿਤ ਦੀ ਰਚਨਾ ਵਿਧਾਨ ਦੀਆਂ ਬੁਨਿਆਦੀ ਰੂੜੀਆਂ ਵਿਸ਼ੇ-ਵਸਤੂ ਅਤੇ ਇਥੋਂ ਤੱਕ ਕਿ ਕਿਸ ਰਾਗ ਦੇ ਵਿਚ ਬਾਣੀ ਦੀ ਰਚਨਾ ਕੀਤੀ ਹੈ, ਉਸ ਦਾ ਵੀ ਵਰਨਣ ਕੀਤਾ ਹੈ। ਆਸਾ ਦੀ ਵਾਰ ਗੁਰੂ ਨਾਨਕ ਦੇਵ ਜੀ ਦੀ ਇਕ ਪ੍ਰਮੁੱਖ ਰਚਨਾ ਹੈ। ਜਿਵੇਂ ਭਾਈ ਗੁਰਦਾਸ ਜੀ ਦੀ ਰਚਨਾ ਨੂੰ ਗੁਰਬਾਣੀ ਦੀ ਕੁੰਜੀ ਆਖਿਆ ਗਿਆ ਹੈ। ਠੀਕ ਉਸੇ ਤਰ੍ਹਾਂ ਆਸਾ ਦੀ ਵਾਰ ਨੂੰ ਜਪੁਜੀ ਸਾਹਿਬ ਦਾ ਵਿਆਖਿਆਤਮਕ ਰੂਪ ਕਹਿ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਵਿਸ਼ੇ ਦੀ ਦ੍ਰਿਸ਼ਟੀ ਤੋਂ ਜੇ ਆਸਾ ਦੀ ਵਾਰ ਨੂੰ ਵੇਖਿਆ ਜਾਵੇ ਤਾਂ ਇਸ ਵਿਚ ਪ੍ਰਤੱਖ ਰੂਪ ਵਿਚ ਗੁਰਮੁਖ ਨੂੰ ਰੂਪਾਂਤਰਿਤ ਕਰਕੇ ਉਸ ਵਿਚ ਪਰਿਵਰਤਨ ਲਿਆ ਕੇ ਪੂਰਨਤਾ ਤਕ ਪਹੁੰਚਾ ਦਿੰਦੇ ਹਨ। ਇਹ ਸਾਰਾ ਰੂਪਾਂਤਰਣ ਕਿਸੇ ਚਮਤਕਾਰ ਦੇ ਰੂਪ ਵਿਚ ਨਹੀਂ ਹੁੰਦਾ ਬਲਕਿ ਅਤਿਅੰਤ ਸਹਿਜ, ਸੁਭਾਅ ਅਤੇ ਮਨੋਵਿਗਿਆਨਕ ਤੌਰ 'ਤੇ ਹੁੰਦਾ ਹੈ। ਸਾਰੀ ਦੀ ਸਾਰੀ ਵਾਰ ਦਾ ਕੇਂਦਰ-ਬਿੰਦੂ ਮਾਨਵਤਾ ਹੈ।

ਗੁਰੂ ਨਾਨਕ ਕ੍ਰਾਂਤੀਕਾਰੀ ਸਨ, ਬਾਬਰ ਤਕ ਦੀ ਕਰੂਰਤਾ ਦਾ ਵਰਨਣ ਉਨ੍ਹਾਂ ਨੇ ਆਪਣੀ ਬਾਣੀ ਵਿਚ ਕੀਤਾ ਹੈ। ਸਮਾਜ ਸੁਧਾਰ, ਵਿਅਕਤੀ ਦੇ ਚਰਿੱਤਰ ਦਾ ਰੂਪਾਂਤਰਣ, ਮਾਨਵਤਾ ਦਾ ਦਰਦ ਉਨ੍ਹਾਂ ਦੀਆਂ ਰਚਨਾਵਾਂ ਵਿਚ ਭਰਿਆ ਹੋਇਆ ਹੈ। ਇਸ ਵਾਰ ਵਿਚ ਜੇ ਅਸੀਂ ਧਿਆਨ ਨਾਲ ਵੇਖੀਏ ਤਾਂ 'ਆਸਾ ਦੀ ਵਾਰ' ਤੋਂ ਪਹਿਲਾਂ ਮੂਲ ਮੰਤਰ ਅੰਕਿਤ ਹੈ ਜੋ ਕਿ ੴ ਤੋਂ ਲੈ ਕੇ ਗੁਰਪ੍ਰਸਾਦਿ ਤੱਕ ਹੈ। ਇਹ ਗੁਰੂ ਨਾਨਕ ਦੀ ਸਮੁੱਚੀ ਵਿਚਾਰਧਾਰਾ ਦਾ ਨਿਚੋੜ ਹੈ। ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਦਿਆਂ 33 ਵਾਰੀ ਮੂਲ ਮੰਤਰ ਆਇਆ ਹੈ। ਕੁਲ 31 ਰਾਗ ਹਨ ਇਨ੍ਹਾਂ ਵਿਚੋਂ 27 ਰਾਗਾਂ ਦੇ ਆਰੰਭ ਵਿਚ ਪੂਰਾ ਮੂਲ ਮੰਤਰ ਆਉਂਦਾ ਹੈ ਜੋ ਇਸ ਗੱਲ ਦਾ ਪ੍ਰਮਾਣ ਹੈ ਕਿ ਸਮੁੱਚੀ ਬਾਣੀ ਦਾ ਵਿਚਾਰਧਾਰਕ ਧੁਰਾ ਇਹ ਮੂਲ ਮੰਤਰ ਹੀ ਹੈ। ਇਹ ਮੂਲ ਮੰਤਰ ਹੀ ਸਾਰੇ ਮੰਤਰਾਂ ਦੀ ਜੜ੍ਹ ਹੈ। ਸਾਰੀ ਦੀ ਸਾਰੀ ਬਾਣੀ ਇਸ ਮੂਲ ਮੰਤਰ ਦੀ ਵਿਆਖਿਆ ਹੀ ਕਰਦੀ ਪ੍ਰਤੀਤ ਹੁੰਦੀ ਹੈ।

ਗੁਰੂ ਨਾਨਕ ਦੀ 'ਆਸਾ ਦੀ ਵਾਰ' ਪਹਿਲੀ ਅਧਿਆਤਮਕ ਵਾਰ ਹੈ ਜੋ ਕਿ ਅੰਮ੍ਰਿਤ ਵੇਲੇ ਆਸਾ ਰਾਗ ਵਿਚ ਗਾਈ ਜਾਂਦੀ ਹੈ। ਵਾਰ ਦੇ ਸਿਰਲੇਖ ਵਿਚ ਛੇਵੀਂ ਪਾਤਸ਼ਾਹੀ ਨੇ 'ਟੁੰਡੇ ਅਸਰਾਜੇ ਕੀ ਧੁਨੀ' ਗਾਵਣੀ ਦਰਜ ਕਰਵਾਈ। ਭਾਵ ਇਹ ਹੈ ਕਿ ਇਸ ਵਾਰ ਨੂੰ ਆਸਾ ਰਾਗ ਵਿਚ ਗਾਉਂਦਿਆਂ ਟੁੰਡੇ ਅਸਰਾਜੇ ਕੀ ਵਾਰ ਵਾਲੀ ਬੰਦਿਸ਼ ਵਿਚ ਗਾਉਣ ਦੀ ਗੱਲ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਦੇ ਵਿਸ਼ੇ-ਵਸਤੂ ਵਿਚ ਨਵੀਨਤਾ ਅਤੇ ਮੌਲਿਕਤਾ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਜ਼ਿੰਦਗੀ ਦੇ ਸੱਚ ਨੂੰ ਬਿਆਨ ਕੀਤਾ ਗਿਆ ਹੈ ਅਤੇ ਉਸ ਪਰਮ ਸ਼ਕਤੀ ਦੀ ਉਸਤਤ ਤੇ ਮਨੁੱਖ ਨੂੰ ਗੁਰਮੁਖ ਬਣਾ ਕੇ ਉਸ ਨੂੰ ਪੂਰਨਤਾ ਦੇ ਵੱਲ ਲੈ ਜਾਣਾ ਹੈ। ਆਪਣੀ ਬਿੰਬਾਵਲੀ, ਕਲਾ ਅਤੇ ਭਾਸ਼ਾਈ ਪੱਧਰ 'ਤੇ ਉੱਚ ਹੋਣ ਕਾਰਨ ਇਹ ਵਾਰ ਆਪਣੀ ਸਿਖ਼ਰਾਂ ਨੂੰ ਛੂੰਹਦੀ ਹੈ।

ਵਾਰ ਲਈ ਕੁਝ ਨੇਮ ਨਿਰਧਾਰਿਤ ਕੀਤੇ ਗਏ ਹਨ ਜਿਸ ਵਿਚ ਪਉੜੀ ਛੰਦਾਂ ਦੀ ਵਰਤੋਂ ਲਾਜ਼ਮੀ ਹੈ। ਪਉੜੀ ਛੰਦ ਤੋਂ ਬਿਨਾਂ ਅਧਿਆਤਮਕ ਵਾਰ ਦੀ ਰਚਨਾ ਨਹੀਂ ਹੋ ਸਕਦੀ। ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰਾਂ ਦੀ ਰਚਨਾ ਕੀਤੀ ਹੈ ਅਤੇ ਤਿੰਨੇ ਹੀ ਵਾਰਾਂ ਪਉੜੀ ਛੰਦ ਵਿਚ ਹਨ। 'ਆਸਾ ਦੀ ਵਾਰ' ਦੀਆਂ 24 ਪਉੜੀਆਂ ਹਨ, ਇਨ੍ਹਾਂ ਵਿਚੋਂ ਤਿੰਨ ਪਉੜੀਆਂ (ਵੀਹਵੀਂ, ਬਾਈਵੀਂ ਤੇ ਤੇਈਵੀਂ) ਨੂੰ ਛੱਡ ਕੇ ਬਾਕੀ ਇੱਕੀ ਪਉੜੀਆਂ ਬਣਤਰ ਦੇ ਪੱਖੋਂ ਇਕੋ ਜਿਹੀਆਂ ਹਨ। ਆਸਾ ਦੀ ਵਾਰ ਦੀ ਹਰੇਕ ਪਉੜੀ ਵਿਚ ਪੰਜ-ਪੰਜ ਤੁਕਾਂ ਹਨ ਪਰ ਅੰਤਲੀ ਤੁਕ ਪਹਿਲੀਆਂ ਤੁਕਾਂ ਦੇ ਮੁਕਾਬਲੇ ਵਿਚ ਅੱਧੀ ਹੈ। ਵੀਹਵੀਂ ਤੇ ਤੇਈਵੀਂ ਪਉੜੀ ਦੀਆਂ ਪੰਜ-ਪੰਜ ਤੁਕਾਂ ਪੂਰੀਆਂ ਹਨ। ਬਾਈਵੀਂ ਪਉੜੀ ਦੀਆਂ ਛੇ ਤੁਕਾਂ ਹਨ। 'ਆਸਾ ਦੀ ਵਾਰ' ਦੀਆਂ ਪਉੜੀਆਂ ਦੀ ਸ਼ੈਲੀ ਇਕੋ ਹੀ ਹੈ।

'ਆਸਾ ਦੀ ਵਾਰ' ਵਿਚ 59 ਸਲੋਕ ਹਨ। ਇਨ੍ਹਾਂ ਵਿਚੋਂ 44 ਸਲੋਕ ਗੁਰੂ ਨਾਨਕ ਦੇਵ ਜੀ ਦੇ ਹਨ ਅਤੇ 15 ਸਲੋਕਾਂ ਦੀ ਰਚਨਾ ਗੁਰੂ ਅੰਗਦ ਦੇਵ ਜੀ ਨੇ ਕੀਤੀ ਹੈ। ਇਹ ਸਾਰੇ ਦੇ ਸਾਰੇ ਸਲੋਕ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵੇਲੇ ਵਾਰ ਦੀਆਂ ਪਉੜੀਆਂ ਨਾਲ ਜੋੜੇ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ 1604 ਵਿਚ ਹੋਈ। ਵਾਰ ਦੇ ਆਰੰਭਲੇ ਸਿਰਲੇਖ ਵਿਚ ਇਸ ਦਾ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਮੁੱਢਲੇ ਰੂਪ ਵਿਚ ਇਸ ਵਾਰ ਕੇਵਲ 24 ਪਉੜੀਆਂ ਹੀ ਸਨ। ਗੁਰੂ ਅਰਜਨ ਦੇਵ ਜੀ ਨੇ ਇਸ ਦੇ ਸਿਰਲੇਖ ਵਿਚ ਹੀ ਲਿਖਵਾ ਦਿੱਤਾ ਹੈ-'ਵਾਰ ਸਲੋਕਾਂ ਨਾਲ ਸਲੋਕ ਭੀ ਮਹਲੇ ਪਹਿਲੇ ਕੇ ਲਿਖੇ'।

ਸਲੋਕ ਵਿਚ ਅਤਿ ਪ੍ਰਾਚੀਨ ਕਾਵਿ-ਰੂਪ ਹੈ। ਗੁਰੂ ਨਾਨਕ ਬਾਣੀ ਵਿਚ ਸਲੋਕਾਂ ਨੂੰ ਕਾਵਿ-ਪੰਗਤੀਆਂ ਦਾ ਸਮੂਹ ਮੰਨਿਆ ਗਿਆ ਹੈ। ਅਜਿਹਾ ਸਮੂਹ ਜਿਸ ਵਿਚ ਇਕ ਹੀ

ਭਾਵ ਦੀ ਪ੍ਰਧਾਨਤਾ ਹੋਵੇ। ਨਾਨਕ ਬਾਣੀ ਵਿਚ ਜਦੋਂ ਤਕ ਵਿਸ਼ੇ ਅਤੇ ਵਿਚਾਰ ਨੂੰ ਪ੍ਰਗਟ ਕਰਨ ਵਾਲਾ ਵਿਚਾਰ-ਪ੍ਰਵਾਹ ਚੱਲਦਾ ਰਹਿੰਦਾ ਹੈ ਉਦੋਂ ਤਕ ਸਲੋਕ ਦੀ ਰਚਨਾ ਨਿਰੰਤਰ ਜਾਰੀ ਰਹਿੰਦੀ ਹੈ। ਸਾਰੀ ਦੀ ਸਾਰੀ ਬਾਣੀ ਵਿਚ ਵਿਚਾਰ ਦੀ ਪ੍ਰਧਾਨਤਾ ਹੈ।

ਭਾਸ਼ਾਈ ਪੱਧਰ 'ਤੇ ਪੰਜਾਬੀ ਭਾਸ਼ਾ ਦੀ ਵਰਤੋਂ ਦੇ ਨਾਲ-ਨਾਲ ਪੰਜਾਬੀ ਦੀਆਂ ਉਪ-ਭਾਸ਼ਾਵਾਂ, ਖੜੀ ਬੋਲੀ, ਹਿੰਦੀ, ਬ੍ਰਿਜ ਭਾਸ਼ਾ, ਫ਼ਾਰਸੀ ਅਤੇ ਅਰਬੀ ਦੀ ਸ਼ਬਦਾਵਲੀ ਵੀ ਮਿਲਦੀ ਹੈ। ਪੰਜਾਬੀਅਤ ਦਾ ਰੰਗ ਸਾਹੀ ਵਾਰ ਵਿਚ ਝਲਕਦਾ ਹੈ। ਬਾਣੀ ਨੂੰ ਪ੍ਰਭਾਵਸ਼ਾਲੀ ਰੂਪ ਦੇਣ ਲਈ ਅਲੰਕਾਰਾਂ ਦੀ ਵਰਤੋਂ ਕੀਤੀ ਗਈ ਹੈ। ਜੋ ਗਹਿਣਾ ਬਣ ਕੇ ਵਾਰ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਣ ਵਿਚ ਸਹਾਇਕ ਹੁੰਦੇ ਹਨ। ਅਲੰਕਾਰਾਂ ਵਿਚ ਰੂਪਕ, ਅਨੁਪ੍ਰਾਸ, ਦ੍ਰਿਸ਼ਟਾਂਤ ਆਦਿ ਦੀ ਵਰਤੋਂ ਵਧੇਰੇ ਕੀਤੀ ਗਈ ਹੈ :

*ਮਨ ਕਾ ਸੂਤਕ ਲੋਭ ਹੈ ਜਿਹਵਾ ਸੂਤਕ ਕੂੜ ॥
ਅਖੀ ਸੂਤਕ ਵੇਖਣਾ ਪਰਤ੍ਰਿਆ ਪਰ ਧਨ ਰੂਪ ॥
*ਗਾਹਵੈ ਪਉਣ ਪਾਣੀ ਬੈਸੰਤਰ ਚੰਦੁ ਸੂਰਜ ਅਵਤਾਰ ॥

ਗੁਰੂ ਨਾਨਕ ਦੇਵ ਜੀ ਦੀਆਂ ਤਿੰਨੇ ਵਾਰਾਂ ਅਧਿਆਤਮਕ ਰਚਨਾਵਾਂ ਹਨ। ਗੁਰੂ ਨਾਨਕ ਦੇਵ ਜੀ ਅਨੁਸਾਰ ਪ੍ਰਮਾਤਮਾ ਇਕ ਹੈ। ਉਹ ਸਰਬ-ਸ਼ਕਤੀਮਾਨ ਹੈ। ਉਸ ਤੋਂ ਵੱਡੀ ਸ਼ਕਤੀ ਹਰ ਕੋਈ ਨਹੀਂ ਹੈ।

ਆਪੀ ਨੈ ਆਪ ਸਾਜਿਓ ਆਪੀ ਨੈ ਰਚਿਓ ਨਾਉ ॥
ਦੁਯੀ ਕੁਦਰਤ ਸਾਜੀਆਂ ਕਰਿ ਆਸਣੁ ਡਿਠੋ ਚਾਉ ॥

ਸਪੱਸ਼ਟ ਹੈ ਕਿ ਪ੍ਰਮਾਤਮਾ ਆਪ ਸ੍ਵੈ-ਪ੍ਰਕਾਸ਼ਮਾਨ ਹੈ। ਉਸ ਨੇ ਹੀ ਕੁਦਰਤ ਦੀ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਕੀਤੀ ਹੈ। ਉਸ ਨੂੰ ਕਿਸੇ ਨੇ ਜਨਮ ਨਹੀਂ ਦਿੱਤਾ ਬਲਕਿ ਉਸ ਨੇ ਸਾਰੇ ਬ੍ਰਹਿਮੰਡ ਦੀ ਸਿਰਜਣਾ ਕੀਤੀ ਹੈ।

'ਆਸਾ ਦੀ ਵਾਰ' ਦੇ ਮੁੱਢਲੇ ਸਲੋਕਾਂ ਵਿਚ ਗੁਰੂ ਨਾਨਕ ਤੇ ਗੁਰੂ ਅੰਗਦ ਦੇਵ ਜੀ ਨੇ ਸਤਿਗੁਰੂ ਦੀ ਮਹਿਮਾ ਗਾਈ ਹੈ :

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ ॥
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥
(ਮਹਲਾ ੧)

* ਸਤਿਗੁਰ ਵਡਾ ਕਰਿ ਸਲਾਹੀਐ
ਜਿਸ ਵਿਚ ਵਡੀਆ ਵਡਿਆਈਆ
ਸਹਿ ਮੇਲੇ ਤਾ ਨਦਰੀ ਆਈਆ
ਜਾ ਤਿਸ ਭਾਣਾ ਤਾ ਮਨਿ ਵਸਾਈਆ ॥

'ਆਸਾ ਦੀ ਵਾਰ' ਵਿਚ ਉਸ ਸਮੇਂ ਦੇ ਰਾਜਨੀਤਕ ਹਾਲਾਤਾਂ, ਛੂਤ ਛਾਤ, ਜਾਤ-ਪਾਤ, ਸਮਾਜ ਵਿਚ ਇਸਤਰੀ ਦਾ ਸਥਾਨ, ਧਾਰਮਿਕ ਪ੍ਰਸਥਿਤੀਆਂ ਆਦਿ ਦਾ ਵਰਨਣ ਕੀਤਾ ਹੈ। ਮੈਂ ਪਹਿਲਾਂ ਹੀ ਕਿਹਾ ਹੈ ਕਿ ਗੁਰੂ ਨਾਨਕ ਕ੍ਰਾਂਤੀਕਾਰੀ ਕਵੀ ਹਨ। ਸਮੇਂ ਦੇ ਹਾਲਾਤਾਂ ਉੱਪਰ ਉਨ੍ਹਾਂ ਨੇ 'ਬਾਬਰ ਵਾਣੀ' ਵਿਚ ਵੀ ਬਾਬਰ ਦੇ ਜ਼ੁਲਮ, ਤਸ਼ੱਦਦ ਦੇ ਖ਼ਿਲਾਫ਼ ਆਵਾਜ਼ ਉਠਾਈ ਸੀ ਤੇ ਉਸ ਸਮੇਂ ਦੇ ਸਮਾਜਿਕ ਅਤੇ ਰਾਜਸੀ ਹਾਲਾਤਾਂ ਦਾ ਵਰਨਣ ਕੀਤਾ ਸੀ। 'ਆਸਾ ਦੀ ਵਾਰ' ਵਿਚ ਵੀ ਅਜਿਹੇ ਵਿਸ਼ਿਆਂ ਨੂੰ, ਅਜਿਹੇ ਹਾਲਾਤਾਂ ਨੂੰ, ਔਰਤ ਦੀ ਸਥਿਤੀ, ਇਨ੍ਹਾਂ ਸਭ ਦਾ ਵਰਨਣ ਕੀਤਾ ਹੈ। ਆਪਣੇ ਇਸ ਅਧਿਆਤਮਕ ਚਿੰਤਨ ਅਤੇ ਦਾਰਸ਼ਨਿਕ ਵਿਚਾਰਾਂ ਤੋਂ ਛੁੱਟ ਸਮੇਂ ਦੀ ਤਸਵੀਰ ਨੂੰ ਵੀ ਪ੍ਰਸਤੁਤ ਕੀਤਾ ਹੈ। ਔਰਤ ਦੇ ਹੱਕ ਵਿਚ ਆਵਾਜ਼ ਉਠਾਉਂਦਿਆਂ ਉਹ ਆਖਦੇ ਹਨ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡਿ ਮੁਆ ਭੰਡਿ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨੁ ॥

ਇਉਂ ਔਰਤ ਦੀ ਸਥਿਤੀ, ਸਮੇਂ ਦੇ ਰਾਜਸੀ, ਸਮਾਜਿਕ ਅਤੇ ਧਾਰਮਿਕ ਹਾਲਾਤਾਂ ਦਾ, ਨਿਘਰਦਾ ਮਿਆਰ ਅਤੇ ਲੋਕਾਂ ਨੂੰ ਸੱਚ ਅਤੇ ਕਿਰਤ ਕਰ ਕੇ ਵੰਡ ਛਕਣ ਦੀ ਸਿੱਖਿਆ ਦਾ ਸੰਦੇਸ਼ ਦਿੰਦੇ ਹਨ।

**ਸਫਾ 48 ਦਾ ਬਾਕੀ**

ਕਿਤੇ ਵੀ ਕੋਈ ਉਕਾਈ ਦੀ ਸੰਭਾਵਨਾ ਨਹੀਂ ਅਤੇ ਨਾਵਲ ਵਿਚਲੀਆਂ ਘਟਨਾਵਾਂ ਤੇ ਸੰਵਾਦਾਂ ਵਿੱਚ ਲੇਖਕ ਨੇ ਬੱਚਿਆਂ ਨੂੰ ਹੌਸਲਾ,ਦਲੇਰੀ,ਦ੍ਰਿੜਤਾ,ਨਿੱਡਰਤਾ ਤੇ ਉਤਸ਼ਾਹ ਦੇ ਅਹਿਸਾਸ ਬੜੇ ਹੀ ਮਨੋਵਿਗਿਆਨਕ ਸੂਝ ਬੂਝ ਨਾਲ ਕਰਦਿਆਂ ਪੜਨ ਵਾਲੇ ਵਿਦਿਆਰਥੀਆਂ ਲਈ ਇਹ ਇਕ ਇਤਿਹਾਸਕ ਦਸਤਾਵੇਜ਼ ਹੈ । ਜਦੋਂ ਉਹ ਪੜਦੇ ਹਨ ਕਿ ਮਨ ਵਿੱਚੋਂ ਅੰਧ ਵਿਸ਼ਵਾਸ ਖਾਰਜ ਕਰ ਦੇਣਗੇ ਤਾਂ ਤੁਹਾਡੀ ਸੋਚ ਆਪਣੇ ਆਪ ਹੀ ਤਰਕਸ਼ੀਲ ਬਣ ਜਾਵੇਗੀ ਲੇਖਕ ਵੱਲੋਂ ਬੱਚਿਆਂ ਦਾ ਇਹ ਏਲੀਅਨਜ਼ ਨਾਲ ਮੁਲਾਕਾਤਾਂ ਦਾ ਖੂਬਸੂਰਤ ਕਾਲਪਨਿਕ ਵਰਨਣ ਰਾਹੀਂ ਅੰਤਰਰਾਸ਼ਟਰੀ ਉਸਾਰੂ ਸੋਚ ਦਾ ਪ੍ਰਤੀਕ ਹੈ ਅਤੇ ਵਿਸ਼ਵ ਸੰਦੇਸ਼ ਦਾ ਸੂਚਕ ਹੈ । ਬਾਲ ਸਾਹਿਤ ਦਾ ਸਿਰਮੌਰ ਲੇਖਕ ਪਵਨ ਹਰਚੰਦਪੁਰੀ ਦਾ ਇਹ ਨਾਵਲ 'ਏਲੀਅਨਜ਼ ਦੀ ਧਰਤੀ ਤੇ' ਨਿਰਸੰਦੇਹ ਇੱਕ ਸਾਹਕਾਰ ਰਚਨਾ ਹੈ ਅਤੇ ਭਾਰਤੀ ਸਾਹਿਤ ਅਕਾਦਮੀ ਵੱਲੋਂ ਇਸ ਨਾਵਲ ਲਈ ਲੇਖਕ ਨੂੰ ਬਾਲ ਸਾਹਿਤ ਪੁਰਸਕਾਰ ਦੇਣਾ ਇਕ ਸਹੀ ਫ਼ੈਸਲਾ ਹੈ ਜਿਸ ਲਈ ਸਾਹਿਤਕ ਹਲਕਿਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ ਹੈ । ਆਸ ਕੀਤੀ ਜਾਂਦੀ ਹੈ ਕਿ ਲੇਖਕ ਭਵਿੱਖ ਵਿੱਚ ਇਸੇ ਤਰਾਂ ਸਾਹਿਤਕ ਖੇਤਰ ਨੂੰ ਅਮੀਰ ਕਰਨ ਲਈ ਯਤਨਸ਼ੀਲ ਰਹੇਗਾ ।

## 'ਅੰਗੂਠੇ ਦਾ ਨਿਸ਼ਾਨ' ਨਾਵਲ ਦਾ ਵਿਸ਼ਾਗਤ ਅਧਿਐਨ / ਡਾ. ਜਸਪ੍ਰੀਤ ਕੌਰ

ਪੂੰਜੀਵਾਦ ਅਤੇ ਸੂਚਨਾ ਤਕਨਾਲੋਜੀ ਦੇ ਅਜੋਕੇ ਯੁੱਗ ਵਿੱਚ ਪੂੰਜੀ ਕੇਂਦਰ ਵਿੱਚ ਹੈ। ਸਮਾਜ ਦੇ ਬਾਕੀ ਮਸਲੇ ਇਸਦੇ ਇਰਦ-ਗਿਰਦ ਘੁੰਮਦੇ ਹਨ। ਸਰਮਾਇਆ ਜਟਾਉਣ ਦੇ ਅਲੱਗ-ਅਲੱਗ ਰਾਹ ਤਲਾਸ਼ਦਾ ਮਨੁੱਖ ਵੀ ਮਸ਼ੀਨ ਬਣ ਗਿਆ ਹੈ, ਜਿਸ ਕਰਕੇ ਉਸ ਵਿੱਚੋਂ ਸਾਂਝ ਅਪਣੱਤ ਭਾਵ ਸਦੀਵੀ ਮੋਹ ਛਿਣ ਭੰਗਰਾ ਹੋ ਗਿਆ ਹੈ ਤੇ ਰਿਸ਼ਤਿਆਂ ਵਿੱਚ ਖਲਾਅ ਆ ਗਿਆ ਹੈ। ਅਜਿਹੇ ਮਹੌਲ ਵਿੱਚ ਮਨੁੱਖ ਨੂੰ ਦਰਪੇਸ਼ ਸਮੱਸਿਆਵਾਂ ਵਿੱਚੋਂ ਪੈਸੇ ਦੀ ਘਾਟ ਨੇ ਪਰਵਾਸ ਵੱਲ ਰੁੱਖ ਕਰਨ ਨੂੰ ਇੱਕ ਧਿਆਨ ਖਿੱਚੂ ਸਮੱਸਿਆ ਬਣਾਇਆ ਹੈ ਜਿਸ ਰਾਹੀਂ ਵਿਸ਼ਵ ਵਰਤਾਰੇ ਵਿੱਚ ਪਦਾਰਥਵਾਦੀ ਯੁੱਗ ਅਧੀਨ ਸਵਾਰਥੀ ਬਣਿਆ ਮਨੁੱਖ ਜ਼ਿੰਦਗੀ ਦੇ ਹਰ ਵਰਤਾਰੇ ਨੂੰ ਬਾਜ਼ਾਰੂ ਸਮਝ ਵਪਾਰਕ ਆਧਾਰ ਤੇ ਰੱਖ ਕੇ ਚਲਦਾ ਨਜ਼ਰ ਆ ਰਿਹਾ ਹੈ। ਵਧੇਰੇ ਪੈਸਾ ਇਕੱਤਰ ਕਰਨ ਦੀ ਲਾਲਸਾ ਨੇ ਖ਼ੂਨ ਦੇ ਰਿਸ਼ਤਿਆਂ ਦੀ ਨੈਤਿਕ ਸਾਂਝ ਨੂੰ ਖਤਮ ਕਰ ਦਿੱਤਾ ਹੈ ਤੇ ਖੁਦਗਰਜ਼ੀ ਕਾਰਨ ਰਿਸ਼ਤਿਆਂ ਵਿੱਚ ਨਿਰੰਤਰ ਨਾਕਾਰਤਮਕ ਕਾਰਗੁਜਾਰੀਆਂ ਵਧ ਰਹੀਆਂ ਹਨ। "ਦੇਸ਼ ਦੀ ਸੰਘਣੀ ਆਬਾਦੀ, ਆਰਥਿਕ ਮੰਦਹਾਲੀ, ਬੇਰੁਜ਼ਗਾਰੀ ਤੇ ਨੀਵਾਂ ਜੀਵਨ ਪੱਧਰ ਪਰਵਾਸ ਦੇ ਪ੍ਰਮੁੱਖ ਪ੍ਰੇਰਕ ਹਨ। ਅਜੋਕੇ ਸਮੇਂ ਵਿੱਚ ਪੂੰਜੀਵਾਦੀ ਪ੍ਰਭਾਵਾਂ ਕਾਰਨ ਪੰਜਾਬੀ ਮਨੁੱਖ ਦੀਆਂ ਇੱਛਾਵਾਂ ਵਿੱਚ ਅਸੀਮ ਵਾਧਾ ਵੀ ਮੁੱਖ ਪ੍ਰੇਰਕ ਹੈ। ਉਚੇਰੀਆਂ ਸੁਖ ਸਹੂਲਤਾਂ ਵਾਲੇ ਸਮਾਜ ਅਤੇ ਜੀਵਨ ਦੀ ਤਾਂਘ ਅਤੇ ਉਸਦੀ ਪ੍ਰਾਪਤੀ ਲਈ ਦੌੜਨਾ ਅੱਜ ਦੇ ਪੰਜਾਬੀ ਮਨੁੱਖ ਦਾ ਸੁਭਾਵਿਕ ਵਿਵਹਾਰ ਬਣ ਗਿਆ ਹੈ।"1 'ਅੰਗੂਠੇ ਦਾ ਨਿਸ਼ਾਨ' ਨਾਵਲ ਵਿੱਚ ਬਲਵਿੰਦਰ ਕੌਰ ਬਰਾੜ ਪੰਜਾਬ ਅਤੇ ਪੰਜਾਬੀਅਤ ਦੇ ਬਦਲਾਉ ਦੀਆਂ ਪ੍ਰਸਥਿਤੀਆਂ ਦੇ ਨਵੇਂ ਦਿਸਹੱਦੇ ਅਲਾਪਦੀ, ਪ੍ਰਵਾਸੀ ਪੰਜਾਬੀਆਂ ਦੇ ਬਹੁਪੱਖੀ ਮਸਲਿਆਂ ਨੂੰ ਆਪਣੇ ਮਰਕਜ਼ ਦਾ ਆਧਾਰ ਬਣਾਉਂਦੀ ਹੈ। ਪੰਜਾਬ ਅਤੇ ਕੈਨੇਡਾ ਦੋਵੇਂ ਥਾਵਾਂ 'ਤੇ ਵਿਚਰੀ ਹੋਣ ਸਦਕਾ ਸਮਾਜਕ ਵਾਸਤਵਿਕਤਾ ਅਤੇ ਮਨੁੱਖੀ ਜਜ਼ਬਾਤਾਂ ਦੇ ਚਿਤਰਣ ਦਾ ਯਥਾਰਥਵਾਦੀ ਪ੍ਰਗਟਾਵਾ ਕਰਦੀ ਪੰਜਾਬ ਤੇ ਪਰਵਾਸੀ ਪੰਜਾਬ ਦੀਆਂ ਸਮੱਸਿਆਵਾਂ ਨੂੰ ਦ੍ਰਿਸ਼ਟੀਗੋਚਰ ਕਰਦੀ ਸਕਾਰਾਤਮਕ ਰਵੱਈਆ ਰੱਖਦੀ ਹੈ। ਸੰਯੁਕਤ ਪਰਿਵਾਰਾਂ ਦੇ ਸੁੱਖ ਦੱਸਦੀ ਗਰਜਾਂ ਦੇ ਸਿਖਰੀ ਅਪੜਨ ਨਾਲ ਸਾਂਝ ਟੁੱਟਣ ਦਾ ਕਾਰਨ ਰਿਸ਼ਤਿਆਂ ਦਾ ਪੈਸੇ ਦੀ ਸਾਖ਼ 'ਤੇ ਖੜੇ ਹੋਣ ਨਾਲ ਖ਼ੁਰ ਰਹੀ ਅਪਣੱਤ ਦੇ ਵੇਰਵੇ ਦਿੰਦੀ ਪੂੰਜੀਵਾਦੀ ਨਿਜਾਮ ਅਧੀਨ ਮਨੁੱਖ 'ਚੋ ਖਾਰਜ ਹੋ ਰਹੀ ਮਨੁੱਖਤਾ ਦਾ ਵਰਣਨ ਕਰਦੀ ਦੱਸਦੀ ਹੈ ਕਿ ਕਿਵੇਂ ਭੈਣ ਆਪਣੇ ਭਰਾ ਨਾਲ ਪਤੀ ਦੇ ਕਾਗਜ ਭਰ ਕੇ ਕੈਨੇਡਾ ਮੰਗਵਾਉਂਦੀ ਆਪਣਿਆਂ ਮਾਪਿਆਂ ਨੂੰ ਆਰਥਿਕ ਤੌਰ ਤੇ ਸਥਿਰ ਕਰਦੀ ਹੈ।

'ਅੰਗੂਠੇ ਦਾ ਨਿਸ਼ਾਨ' ਇਕ ਅਜਿਹੀ ਪੜੀ ਲਿਖੀ ਪੇਂਡੂ ਕੁੜੀ ਦੀ ਕਹਾਣੀ ਹੈ ਜੋ ਆਪਣੇ ਚਾਵਾਂ, ਸੱਧਰਾਂ, ਸੁਪਨਿਆਂ ਨੂੰ ਸਜਾਉਂਦੀ, ਸਹੇਜਦੀ ਅਪਣੱਤ ਵੰਡਦੀ, ਹਰ ਹਾਲਾਤ ਅਨੁਸਾਰ ਢਲਦੀ ਇਸ ਨਾਵਲ ਦੇ ਨਾਂ ਨੂੰ ਸਾਖਿਆਤ ਕਰਦੀ ਹੈ ਕਿ ਦਿਲਾਂ ਤੇ ਉਕਰਿਆ ਪਿਆਰ ਤੇ ਕਦਰਾਂ ਕੀਮਤਾਂ ਕਦੇ ਨਹੀਂ ਮਿਟਦੀਆਂ ਤਾਅ ਉਮਰ ਸੰਸਕਾਰਾਂ ਦੀ ਸ਼ਾਖ ਹਰੀ ਰਹਿੰਦੀ ਹੈ। "ਉਹ ਸਾਰੇ ਰਾਹ ਸੋਚਦੀ ਰਹੀ ਮਨ ਵੀ ਕਿੰਨੀ ਅਜੀਬ ਸ਼ੈ ਹੈ।ਅੰਦਰ ਇਕ ਭੀੜ ਪਾਲ ਲੈਂਦਾ ਹੈ ਉਸ ਭੀੜ ਵਿੱਚ ਕਿੰਨੇ ਲੋਕ ਆ ਜੁੜਦੇ ਤੇ ਵਿਛੜਦੇ ਰਹਿੰਦੇ ਨੇ ਪਰ ਕੋਈ ਮਨ ਵਿੱਚ ਉੱਗੇ ਸਾਂਝਾ ਦੇ ਰੁੱਖ ਹੇਠ ਦੁਬਕ ਕੇ ਬੈਠ ਹੀ ਜਾਂਦਾ ਹੈ। ਅਰਜਨ ਵਰਗਾ ਆਪਣੇ ਸਦੀਵੀਂ ਨਕਸ਼ ਹਮੇਸ਼ਾ ਲਈ ਉਲੀਕ ਜਾਂਦਾ ਹੈ। ਅੰਦਰ ਖੁਣੇ ਅਜਿਹੇ ਨਕਸ਼ ਸੀਨੇ ਦੀ ਸਲੇਟ ਤੋਂ ਕਦੇ ਨਹੀਂ ਮਿਟਦੇ।"2

ਮਨੁੱਖੀ ਕਾਰ-ਵਿਹਾਰ, ਸਥਿਤੀਆਂ-ਪ੍ਰਸਥਿਤੀਆਂ ਤੋਂ ਪ੍ਰਾਪਤ ਅਨੁਭਵ ਸਾਹਿਤ ਰਾਹੀਂ ਪ੍ਰਤੱਖ ਹੋਂਦ ਗ੍ਰਹਿਣ ਕਰਦਾ ਹੈ, ਜਿਸ ਵਿੱਚ ਮਨੁੱਖੀ ਅਵਚੇਤਨ 'ਤੇ ਉਕਰਿਆ ਕੋਈ ਨਿਸ਼ਾਨ ਉਸਨੂੰ ਅਕਸਰ ਝੰਜੋੜਦਾ। ਚਿੰਤਨਸ਼ੀਲ ਤੇ ਸੰਵੇਦਨਸ਼ੀਲਤਾ ਦਾ ਪ੍ਰਗਟਾਵਾ ਕਰਦਾ ਹੈ। ਇਸ ਨਾਵਲ ਵਿੱਚ ਕੁੜੀਆਂ ਦੇ ਜਵਾਨੀ ਦੇ ਅਹਿਸਾਸ ਤੇ ਸੁਪਨਿਆਂ ਦਾ ਉਦੋਂ ਖਾਤਮਾ ਹੁੰਦਾ ਹੈ ਜਦੋਂ ਉਹ ਜ਼ਿੰਦਗੀ ਦੀਆਂ ਹਕੀਕਤਾਂ ਨਾਲ ਦੋ ਚਾਰ ਹੁੰਦੀਆਂ ਆਪਣੇ ਪਤੀ ਨੂੰ ਆਪਣੇ ਅੰਦਰ ਦਾ ਹਾਣੀ ਨਾ ਹੋ ਸਕਣ ਬਾਰੇ ਇਕੱਲਤਾ ਮਹਿਸੂਸ ਕਰਦੀਆਂ ਹਨ ਜਿਵੇਂ ਇਸ ਨਾਵਲ ਦੀ ਨਾਇਕਾ ਪੰਮੀ ਆਪਣੇ ਰਿਸ਼ਤੇ ਵਿੱਚ ਇਕੱਲਤਾ ਹੰਢਾਉਂਦੀ ਵਲੂੰਧਰੀ ਜਾਂਦੀ ਹੈ। "ਇਕੱਠੀਆਂ ਹੋਈਆਂ ਅੱਲੜ੍ਹ ਕੁੜੀਆਂ ਜਦੋਂ ਏਸ ਹੋਣ ਵਾਲੇ ਰਿਸ਼ਤੇ ਬਾਰੇ ਸੋਚਦੀਆਂ ਜਾਂ ਗੱਲਾਂ ਕਰਦੀਆਂ ਨੇ ਕਿਵੇਂ ਹਕੀਕਤ ਤੋਂ ਪੈਰ ਚੁੱਕੇ ਹੁੰਦੇ ਨੇ। ਉਨ੍ਹਾਂ ਨਾਜ਼ੁਕ ਪਲਾਂ ਵਿੱਚ ਪਾਲਣ ਵਾਲਾ ਖਿਆਲ ਬਸ ਤਕੀਏ ਹੇਠ ਰੱਖੀਆਂ ਕਲੀਆਂ ਦੀ ਭਿੰਨੀ-ਭਿੰਨੀ ਸੁਗੰਧੀ ਵਰਗਾ ਈ ਤਾਂ ਹੁੰਦੈ। ਪਰ ਲੋੜਾਂ ਥੋੜਾਂ ਤੇ ਗਰਜਾਂ ਨਾਲ ਖਹਿੰਦੀ ਜ਼ਿੰਦਗੀ ਆਪਣਾ ਤਾਣਾ ਪੇਟਾ ਬੜੇ ਕੁਰੱਖਤ ਹੱਥਾਂ ਨਾਲ ਤਣਦੀ ਹੈ। ਖੌਲਦੇ ਸਮੁੰਦਰ ਵਰਗੀਆਂ ਰੀਝਾਂ ਵਿਆਹ ਜਹੀ ਰਸਮ ਨਾਲ ਟਕਰਾ ਕੇ ਇਕ ਦਮ ਆਠਰ ਜਾਂਦੀਆਂ ਨੇ। ਸਭ ਅਰਮਾਨਾਂ ਦਾ ਪਿੰਡਾ ਝਰੀਟਿਆ ਜਾਂਦੈ। ਫੇਰ ਸੋਚਾਂ ਵਿੱਚ ਉਮਰ ਭਰ ਉਨਾਂ ਤੋਂ ਲਹੂ ਸਿੰਮਦਾ ਲਗਦੈ।"3 ਇਸ ਨਾਵਲ ਵਿੱਚ ਔਰਤ ਦੇ ਮਨ ਦੀ ਥਾਅ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਿਵੇਂ ਔਰਤ ਸਬਰ, ਸੰਤੋਖ ਦੀ ਮੂਰਤੀ ਨਜ਼ਰ ਆਉਂਦੀ, ਸੰਘਰਸ਼, ਸਮਰਪਣ, ਤਿਆਗ ਕਰਦੀ ਪਰਿਵਾਰਕ ਮੇਲ ਲਈ ਰਿਸ਼ਤਿਆਂ ਨੂੰ ਚਿਰ

ਸਥਾਈ ਬਣਾਉਣ ਵਾਲੀ ਪਰਿਵਾਰਕ ਸੰਰਚਨਾ ਦਾ ਕੇਂਦਰੀ ਥੰਮ ਬਣਦੀ ਆਪਣੀ ਹੋਂਦ ਨੂੰ ਸਭ ਦੀ ਹੋਂਦ ਵਿੱਚ ਸ਼ਾਮਿਲ ਕਰ ਦਿੰਦੀ ਹੈ। "ਕੁੜੀਆਂ ਤਾਂ ਸਮਾਈ ਕਰਨ ਵਾਲੀਆਂ ਹੁੰਦੀਆਂ ਨੇ, ਵੱਢਿਆਂ 'ਚ ਸਮਾਉਣ ਵਾਲੀਆਂ।"4 ਸਾਰਿਆਂ ਨੂੰ ਖੁਸ਼ ਰੱਖਣ ਲਈ ਆਦਰਸ਼ਵਾਦੀ ਔਰਤ ਆਪਣੀ ਪਛਾਣ ਰਿਸ਼ਤਿਆਂ ਦੇ ਨਿਭਾਅ ਧੀ, ਭੈਣ, ਪਤਨੀ, ਮਾਂ ਦੇ ਰੂਪ 'ਚ ਗੌਰਵਮਈ ਬਣਾਉਂਦੀ ਹੈ। ਇਹੀ ਆਦਰਸ਼ਵਾਦੀ ਸਾਰਥਕਤਾ ਉਸਨੂੰ ਪਰਦੇਸੀ ਹਕੀਕਤਾਂ ਨਾਲ ਟਕਰਾਉਣ ਵੇਲੇ ਤਾਰ ਤਾਰ ਹੁੰਦੀ ਨੂੰ ਸਮੇਟਦੀ ਹੈ। ਇੱਥੇ ਲੇਖਿਕਾ ਔਰਤ ਦੇ ਅੰਦਰੂਨੀ ਮਨ ਤੇ ਬਾਹਰੀ ਜ਼ਿੰਮੇਵਾਰੀਆਂ ਵਿੱਚ ਸੰਤੁਲਨ ਬਣਾਉਣ 'ਚ ਕਾਮਯਾਬ ਹੋਈ ਹੈ। ਭਾਰਤੀ ਪੰਜਾਬ ਵਿੱਚ ਧੀਆਂ ਨਾਲ ਵਾਪਰਦੇ ਦੁਖਾਂਤ ਨੂੰ ਬਿਆਨ ਕਰਦੀ ਔਰਤ ਦੀ ਹੋਣੀ ਨੂੰ ਤ੍ਰਾਸਦਿਕ ਸ਼ਬਦਾਂ ਵਿੱਚ ਬਿਆਨਦੀ ਪੱਛਮੀ ਦੇਸ਼ਾਂ ਤੇ ਭਾਰਤੀ ਪੰਜਾਬ ਵਿੱਚ ਔਰਤਾਂ ਦੇ ਅਸਤਿਤਵ ਦੀਆਂ ਪ੍ਰੇਸ਼ਾਨੀਆਂ ਨੂੰ ਦ੍ਰਿਸ਼ਟਮਾਨ ਕਰਦੀ ਔਰਤ ਦੀ ਹੋਣੀ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ।

"ਬਾਹਰਲੇ ਮੁਲਕ ਰੁਲਦੀਆਂ ਧੀਆਂ ਦੀ ਕਰੂਰ ਤਸਵੀਰ ਦੀਆਂ ਕਈ ਘਟਨਾਵਾਂ ਨਾਲ ਡਰਾਇਆ ਸੀ, ਪਰ ਮਾਸਟਰ ਸੁਰਜੀਤ ਦਲੀਲ ਆਪਣੇ ਆਪ ਹੀ ਘੜ ਲੈਂਦਾ ਕਿ ਏਧਰ ਕਿਹੜਾ ਘੁੱਗ ਵਸਦੀਆਂ ਨੇ। ਏਥੇ ਤਾਂ ਅਗਲੇ ਅੰਦਰ ਈ ਖਪਾ ਕੇ ਪੇਕਿਆਂ ਦੇ ਆਉਣ ਤੋਂ ਪਹਿਲਾਂ ਸ਼ਿਵਾ ਬਾਲ ਧਰਦੇ ਨੇ। ਜੇ ਕਿਸਮਤ ਮਾੜੀ ਹੋਵੇ ਤਾਂ ਹੋਣੀ ਕਿਤੇ ਵੀ ਵਾਪਰ ਸਕਦੀ ਐ। ਦੂਜਾ ਬਾਹਰਲੇ ਮੁਲਕ ਕੁੜੀ ਦੀ ਧਿਰ ਬਣਕੇ ਤਾਂ ਇਨਸਾਫ ਪੁਗਾ ਹੀ ਦਿੰਦੇ ਨੇ। ਏਥੇ ਤਾਂ ਸਾਰੀ ਉਮਰ ਕਚਹਿਰੀਆਂ ਦੇ ਚੱਕਰਾਂ ਵਿੱਚ ਨਿਬੜ ਜਾਂਦੀ ਐ।"5

ਇਹ ਨਾਵਲ ਪਿੰਡ ਤੋਂ ਸ਼ੁਰੂ ਹੋ ਕੇ ਕਨੇਡਾ ਤੱਕ ਪਹੁੰਚਦਾ ਇਥੋਂ ਦੇ ਸਾਰੇ ਪਾਸਾਰਾਂ ਨੂੰ ਹੰਘਾਲਦਾ ਦੂਰਦ੍ਰਿਸ਼ਟੀ ਦਾ ਧਾਰਨੀ ਹੋ ਨਿਬੜਦਾ ਹੈ, ਜਿਸ ਵਿੱਚ ਕਹੇ ਨਾਲੋਂ ਅਣਕਿਹਾ ਸੁਨੇਹਾ ਵਧੇਰੇ ਹੈ। ਪੰਜਾਬ ਦੀ ਮੜਕ ਖਤਮ ਹੋਣ ਬਾਰੇ ਦੱਸਦੀ ਨਾਵਲਕਾਰਾਂ ਇਥੋਂ ਦੇ ਗੱਭਰੂਆਂ ਦਾ ਪੜ੍ਹਾਈ ਵਲੋਂ ਕਿਨਾਰਾ ਕਰਨਾ ਤੇ ਬੱਚਿਆਂ ਦਾ ਮਾਂ-ਬਾਪ ਹੱਥੋਂ ਨਿਕਲਣ ਦਾ ਕਾਰਨ ਨਸ਼ੇ ਤੇ ਕੰਮ ਦੇ ਮੌਕਿਆਂ ਦੀ ਘਾਟ, ਪ੍ਰਦੂਸ਼ਿਤ ਹੋ ਰਹੇ ਪੰਜਾਬ ਵਿੱਚ ਮਨੁੱਖੀ ਮਨੋ ਸੰਕਟ ਦੀਆਂ ਅਨੇਕਾਂ ਗੁੰਝਲਾਂ, ਨਿੱਕੀ ਕਿਸਾਨੀ ਸਿਰ ਚੜੇ ਕਰਜੇ ਕਾਰਨ ਵਧ ਰਹੇ ਮਾਨਸਿਕ ਤਣਾਅ ਜਿਹੇ ਬੁਨਿਆਦੀ ਮਸਲਿਆਂ ਤੇ ਝਾਤ ਪਾਉਂਦੀ ਹੈ। ਇਹਨਾਂ ਦੇ ਕਾਰਨ ਬਾਰੇ ਲੇਖਿਕਾ ਦੱਸਦੀ ਹੈ ਕਿ ਇੱਥੇ ਰੁਜਗਾਰ ਦੇ ਮੌਕਿਆਂ ਦੀ ਘਾਟ ਹੈ, ਜਿਸ ਸਦਕਾ ਇਹ ਸਮੱਸਿਆਵਾਂ ਵਧ ਰਹੀਆਂ ਹਨ। "ਪਰਵਾਸ ਲਈ ਕਦੇ ਭੂਗੋਲਿਕ, ਕਦੇ ਰਾਜਨੀਤਿਕ, ਕਦੇ ਆਰਥਿਕ ਅਤੇ ਕਦੇ ਧਾਰਮਿਕ ਕਾਰਨ ਜਿੰਮੇਵਾਰ ਰਹੇ ਹਨ। ਬਹੁਤਿਆਂ ਹਾਲਾਤਾਂ ਵਿੱਚ ਇਸ ਵਿੱਚ ਬਹੁਤ ਵੱਡੀ ਮਜ਼ਬੂਰੀ ਜਾਂ ਜ਼ਬਰਦਸਤੀ ਵੀ ਸ਼ਾਮਿਲ ਰਹੀ ਹੈ ਪਰ ਵਰਤਮਾਨ ਸਮੇਂ ਵਿੱਚ ਭਾਰਤ ਤੋਂ ਦੂਸਰੇ ਦੇਸਾਂ ਵੱਲ ਹੋਣ ਵਾਲਾ ਪਰਵਾਸ ਮੁੱਖ ਤੇ ਚੰਗੇਰੇ ਭਵਿੱਖ ਦੀ ਤਲਾਸ਼ ਵਿੱਚ ਕੀਤਾ ਜਾਂਦਾ ਹੈ।"6 ਨਾਵਲ ਵਿੱਚ ਲੋਕਾਂ ਦੇ ਸੁਪਨੇ ਸਬਜ਼ਬਾਗ ਉਹਨਾਂ ਦੀਆਂ ਉਮੰਗ ਉਹਨਾਂ ਦੇ ਘਰਾਂ ਤੇ ਬਣੀਆਂ ਹਵਾਈ ਜਹਾਜ ਵਾਲੀਆਂ ਟੈਂਕੀਆਂ ਪਰਵਾਸ ਧਾਰਨ ਦਾ ਸ੍ਵੈ-ਵਿਖਿਆਨ ਹੈ। ਡਾਲਰਾਂ ਦੀ ਦੌੜ ਨੇ ਪੰਜਾਬ ਅੱਧਾ ਖਾਲੀ ਕਰ ਦਿੱਤਾ, ਜਿਸ ਸਦਕਾ ਹੰਢਣਸਾਰ ਸਾਂਝਾ ਦਾ ਖਾਤਮਾ ਹੋ ਗਿਆ ਤੇ ਪੰਜਾਬ ਦੀ ਆਰਥਿਕਤਾ 'ਤੇ ਇੱਕ ਸਵਾਲੀਆ ਨਿਸ਼ਾਨ ਲੱਗ ਗਿਆ ਹੈ।

"ਫਗਵਾੜੇ ਨੇੜੇ ਜਾਂਦੇ ਅਜਿਹੇ ਹੀ ਇਕ ਰਾਹ ਤੇ ਵਸਿਆ ਨੰਗਲ ਪਿੰਡ ਘੁੱਗ ਵਸਦਾ ਸੀ ਜਿਥੇ ਹੁਣ ਉੱਚੀਆਂ ਇਮਾਰਤਾਂ ਵਿੱਚ ਸੁੰਨ ਸਰਾਂ ਹੋਈ ਪਈ ਹੈ। ਸ਼ਾਇਦ ਹੀ ਕੋਈ ਘਰ ਬਚਿਆ ਹੋਵੇ ਜਿਸਦਾ ਕੋਈ ਜੀ ਬਾਹਰਲੇ ਮੁਲਕ ਨਾ ਗਿਆ ਹੋਵੇ। ਹਰ ਤੀਜੇ ਘਰ ਦਾ ਪੂਰਾ ਪਰਿਵਾਰ ਬਾਹਰਲੇ ਮੁਲਕ ਨੂੰ ਵਹੀਰਾਂ ਘੱਤ ਕੇ ਜਾ ਚੁੱਕਿਆ ਹੈ। ਜਿਹੜੇ ਮਗਰ ਰਹਿ ਵੀ ਗਏ ਉਹ ਅੱਡੀਆਂ ਚੁੱਕ-ਚੁੱਕ ਫਾਹਾ ਲੈਣ ਤੱਕ ਜਾਂਦੇ ਕਿ ਕੋਈ ਹੀਲਾ ਵਸੀਲਾ ਬਣੇ ਤਾਂ ਉਹ ਵੀ ਇਸ ਪਿੰਡ ਨੂੰ ਛੱਡ ਕੇ ਬਾਹਰ ਭੱਜਣ ਜਿਵੇਂ ਲੋਕਾਂ ਦੀਆਂ ਆਪਣੀਆਂ ਕੰਧਾਂ, ਆਪਣੀ ਮਿੱਟੀ, ਆਪਣੀ ਜੂਹ ਤੇ ਆਪਣੇ ਰੁੱਖਾਂ ਨਾਲੋਂ ਅੰਦਰੋਂ ਲਗਾਵ ਹੀ ਖੁਰ ਗਿਆ ਹੋਵੇ। ਜਿਵੇਂ ਅੰਦਰੋਂ ਕੁਝ ਵਢਿਆ ਗਿਆ ਹੋਵੇ। ਮੰਡੀ ਦੀ ਲਪੇਟ 'ਚ ਅੰਦਰਲੀ ਲੇਸ ਮਰ ਮੁਕ ਗਈ ਲੱਗਦੀ ਹੈ।"7

ਹਥਲੇ ਨਾਵਲ ਵਿੱਚ ਪਰਵਾਸੀ ਪੰਜਾਬ ਵਿੱਚ ਪੰਜਾਬੀ ਪਰਿਵਾਰਾਂ ਦੀ ਟੁੱਟ-ਭੱਜ, ਔਰਤ ਦੀ ਸਥਿਤੀ ਨਾਲ ਜੁੜੇ ਮਸਲੇ, ਨੌਜਵਾਨ ਪੀੜ੍ਹੀ ਦਾ ਆਪਹੁਦਰਾਪਨ, ਬੱਚਿਆਂ ਅਤੇ ਮਾਪਿਆਂ ਵਿੱਚ ਪੈਦਾ ਹੋ ਰਿਹਾ ਤਣਾਅ ਜਿਹੀਆਂ ਪ੍ਰਸਥਿਤੀਆਂ ਦ੍ਰਿਸ਼ਟੀਗੋਚਰ ਹੋਈਆਂ ਹਨ। ਜਿਸ ਵਿੱਚ ਪੰਮੀ ਸਾਰੇ ਨਾਵਲ ਵਿੱਚ ਪਿਸਦੀ ਨਜ਼ਰ ਆਉਂਦੀ ਹੈ ਜੋ ਪਹਿਲਾਂ ਆਪਣੇ ਅਰਮਾਨਾਂ ਦਾ ਗਲਾ ਘੋਟ ਕੇ ਮਾਪਿਆਂ ਦੀ ਮੰਨਦੀ ਹੈ ਫੇਰ ਪਤੀ ਦੀ ਤੇ ਫੇਰ ਆਪਣੀ ਧੀ ਵੱਡੀ ਹੋਣ ਤੇ ਉਸਦੇ ਪੱਛਮੀ ਲੋਕਾਂ ਵਾਲੇ ਵਤੀਰੇ ਦੀ ਤੇ ਇਹੀ ਪਰਵਾਸੀਆਂ ਦੀ ਹੋਣੀ ਹੈ।

"ਪਰਵਾਸੀ ਪੰਜਾਬੀ ਨਾਵਲ ਦਾ ਮੁੱਖ ਸਰੋਕਾਰ ਪੰਜਾਬੀ ਬੰਦੇ ਦੁਆਰਾ ਪਰਵਾਸ ਦੌਰਾਨ ਹੰਢਾਏ ਸੰਕਟਾਂ ਨੂੰ ਪੇਸ਼ ਕਰਨਾ ਰਿਹਾ ਇਹ ਸੰਕਟ ਅਸਤਿਤਵਕ ਵੀ ਹਨ, ਆਰਥਿਕ ਵੀ ਅਤੇ ਸੱਭਿਆਚਾਰਕ ਵੀ। ਇਨ੍ਹਾਂ ਸੰਕਟਕਾਲੀਨ ਸਥਿਤੀਆਂ ਵਿੱਚ ਪੰਜਾਬੀ ਬੰਦਾ ਇਕੱਲਾ ਨਹੀਂ ਸਗੋਂ ਉਸ ਨਾਲ ਮਾਂ, ਬੇਟੀ, ਪਤਨੀ ਅਤੇ ਪ੍ਰੇਮਿਕਾ ਦੇ ਰੂਪ ਵਿੱਚ ਔਰਤ ਹੁੰਦੀ ਹੈ।"8

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਡਾ. ਬਲਵਿੰਦਰ ਕੌਰ ਬਰਾੜ ਇਸ ਨਾਵਲ ਰਾਹੀਂ ਅੱਜ ਦੀ ਪੰਜਾਬੀ ਪੀੜ੍ਹੀ ਨੂੰ ਜਾਗਰੂਕ ਕਰਦੀ ਨਜ਼ਰ ਆ ਰਹੀ ਹੈ ਕਿ ਜੇ ਜੀਵਨ

## ਜੀ ਕਰਦਾ ਏ / ਡਾ. ਅਨੂੰ ਸ਼ਰਮਾ ਕੌਲ

ਜੀ ਕਰਦਾ ਏ
ਜ਼ਿੰਦਗੀ ਨੂੰ ਗਾ ਲਵਾਂ
ਮੈਂ ਵੀ ਆਪਾ ਚੀਨ੍ਹ ਕੇ,
ਦੋ ਘੜੀ ਪਲ ਜੀਣ ਦੇ
ਨਾਮ ਆਪਣੇ ਲਾ ਲਵਾਂ।
ਜੀ ਕਰਦਾ ਏ.....

ਉਮਰਾਂ ਦੀ
ਕੋਰੀ ਸਲੀਬ ਤੇ
ਟੰਗਿਆ ਹੋਇਆ
ਹਰ ਆਦਮੀ
ਧੁੱਪ ਛਾਂ ਦੇ
ਕਈ ਰੰਗਾਂ ਵਿੱਚ
ਰੰਗਿਆ ਹੋਇਆ
ਹਰ ਆਦਮੀ
ਜ਼ਿੰਦਗੀ ਜੇ ਬਣ ਜਾਵੇ
ਇੱਕ ਰੁੱਖੜਾ
ਮੈਂ ਵੀ ਇਸਦੀ ਛਾਂ ਦੇ
ਹੇਠਾਂ ਪਲ ਦੋ ਪਲ
ਸੁਸਤਾ ਲਵਾਂ
ਜੀ ਕਰਦਾ ਏ.....
ਵੀਰਾਨੀਆਂ ਦੀ
ਹਰ ਇਕ
ਮੰਜਲ ਲੈ ਟੁਰੀ
ਵੱਲ ਮੌਤ ਦੇ
ਆਪੇ ਨੂੰ ਮੈਂ
ਚੀਨ੍ਹ ਕੇ ਪਰ
ਚਲਣਾ ਹੀ ਹੈ
ਵੱਲ ਜੋਤ ਦੇ
ਜ਼ਿੰਦਗੀ ਜੇ ਬਣ ਜਾਵੇ
ਰੱਬੀ ਹੁਸਨ
ਇਸ ਹੁਸਨ ਦੀ ਮੈਂ ਵੀ
ਝਲਕੀ ਪਾਂ ਲਵਾਂ
ਜੀ ਕਰਦਾ ਏ

ਚਾਰੇ ਪਾਸੇ
ਕੌੜਾ ਜ਼ਹਿਰ ਹੈ
ਸੱਚਾਈ ਦੇ ਅਪਮਾਨ ਦਾ
ਥਹੁ ਪਤਾ ਦਿਸਦਾ ਨਹੀਂ
ਇਨਸਾਨ ਤੇ ਈਮਾਨ ਦਾ
ਜ਼ਿੰਦਗੀ ਜੇ ਬਣ ਜਾਵੇ
ਇਕ ਬੀਜ ਤਾਂ
ਰੁੱਖ ਮੈਂ ਈਮਾਨ ਦਾ
ਇੱਕ ਲਾ ਲਵਾਂ
ਜੀ ਕਰਦਾ ਏ........

ਕੀਕਣ ਆਖਾਂ ਅੰਦਰ
ਵਸੇ ਹਨੇਰਿਆਂ ਨੂੰ
ਅਲਵਿਦਾ ਚਾਨਣਾਂ
ਠੁਕਰਾ ਦਿੱਤਾ ਤਾਂ
ਕੀ ਹਨੇਰਿਆਂ ਤੋਂ ਗਿਲਾ
ਜ਼ਿੰਦਗੀ ਜੇ
ਬਣ ਜਾਵਾਂ
ਇੱਕ ਓਢਣੀ
ਮੈਂ ਧੁਪਾ ਕੇ
ਤੇ ਸੁਕਾ ਕੇ ਇਕ ਵਾਰ
ਫਿਰ ਹੰਢਾ ਲਵਾਂ
ਜੀ ਕਰਦਾ ਏ।



ਜਿਉਣ ਦੀਆਂ ਔਕੜਾਂ ਇਧਰ ਨੇ ਤਾਂ ਉਧਰ ਵੀ ਹੈਗੀਆ। ਪੰਜਾਬ ਦੇ ਅਰਥਚਾਰੇ ਵਿੱਚ ਆ ਰਹੀ ਗਿਰਾਵਟ ਤੇ ਵਿਅੰਗ ਕਰਦੀ ਉਧਰ ਕਨੇਡਾ ਵਿੱਚ ਕੰਮ ਲਈ ਮੌਕਿਆਂ ਦੀ ਮਿਕਦਾਦ ਵੱਲ ਇਸ਼ਾਰਾ ਕਰਦੀ ਰਿਸ਼ਤਾ ਨਾਤਾ ਪ੍ਰਬੰਧ ਦੇ ਮੰਡੀਕਰਨ, ਪੀੜ੍ਹੀ-ਪਾੜ੍ਹਾ, ਭੂ-ਹੇਰਵਾ ਤੇ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਦ੍ਰਿਸਟੀਗੋਚਰ ਕਰਦੀ ਹੈ।

**ਹਵਾਲੇ ਅਤੇ ਟਿੱਪਣੀਆਂ**


1. ਪੰਜਾਬੀ ਡਾਇਸਪੋਰਾ - 22ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ (1-3 ਫਰਵਰੀ, 2006), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007 ਪੰਨਾ 15
2. ਅੰਗੂਠੇ ਦਾ ਨਿਸ਼ਾਨ, ਬਲਵਿੰਦਰ ਕੌਰ ਬਰਾੜ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2016, ਪੰਨਾ 94
3. ਉਹੀ, ਪੰਨਾ 17
4. ਉਹੀ, ਪੰਨਾ 18
5. ਉਹੀ, ਪੰਨਾ 25
6. ਪਰਵਾਸੀ ਨਾਵਲ - ਤੁਲਨਾਤਮਕ ਪਰਿਪੇਖ, ਡਾ. ਅਮਨਦੀਪ ਸਿੰਘ, ਪੰਜ ਆਬ ਪ੍ਰਕਾਸ਼ਨ, ਜਲੰਧਰ 2013, ਪੰਨਾ 78
7. ਅੰਗੂਠੇ ਦਾ ਨਿਸ਼ਾਨ, ਬਲਵਿੰਦਰ ਕੌਰ ਬਰਾੜ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2016, ਪੰਨਾ-23
8. ਪੰਜਾਬੀ ਡਾਇਸਪੋਰਾ- 22ਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ (1-3 ਫਰਵਰੀ, 2006) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 2007, ਪੰਨਾ 59



**(ਅਸਿਸਟੈਂਟ ਪ੍ਰੋਫੈਸਰ)**
**ਪੰਜਾਬੀ ਵਿਭਾਗ, ਮੁਲਤਾਨੀ ਮੱਲ ਮੋਦੀ ਕਾਲਜ,**
**ਪਟਿਆਲਾ।**

## ਸਿਮਰਤੀਆਂ ਦੀ ਲਾਲਟੈਨ ਵਿੱਚ ਮਨੁੱਖੀ ਰਿਸ਼ਤਿਆਂ ਦਾ ਯਥਾਰਥ / ਪ੍ਰੋ. ਜਸਬੀਰ ਕੌਰ

ਆਧੁਨਿਕ ਪੰਜਾਬੀ ਕਵਿਤਾ ਵਿੱਚ ਅਮਰਜੀਤ ਕੌਂਕੇ ਦਾ ਨਾਂ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ ਹੈ। ਇਸ ਕਵੀ ਦੀ ਸਿਰਜਣ ਪ੍ਰਕਿਰਿਆ ਵੱਖਰੀ ਹੈ, ਕਵਿਤਾ ਵਿੱਚ ਲਏ ਪ੍ਰਤੀਕ ਤੇ ਬਿੰਬ ਜ਼ਿੰਦਗੀ ਦੇ ਯਥਾਰਥ ਵਿੱਚੋਂ ਸਿਰਜੇ ਗਏ ਹਨ।ਮਨੁੱਖੀ ਰਿਸ਼ਤਿਆਂ ਵਿੱਚ ਸੱਚਾਈ ਤੇ ਜ਼ਿੰਦਗੀ ਦੀਆਂ ਤੰਗੀਆਂ ਤੁਰਸ਼ੀਆਂ 'ਸਿਮਰਤੀਆਂ ਦੀ ਲਾਲਟੈਨ' ਵਿੱਚ ਇੱਕ ਨਿਵੇਕਲੇ ਅੰਦਾਜ਼ ਵਿਚ ਉੱਭਰ ਕੇ ਸਾਹਮਣੇ ਆਉਂਦੀਆਂ ਹਨ।

'ਇਕੱਲਿਆਂ ਤੁਰਨਾ' ਕਵਿਤਾ ਵਿੱਚ ਕਵੀ ਕਈ ਜ਼ਿੰਦਗੀ ਦੇ ਵੱਖਰੇ ਅੰਦਾਜ਼ ਨੂੰ ਪੇਸ਼ ਕਰਦਾ ਹੈ ਹਨੇਰੀ ਰਾਤ 'ਚ ਹੋਰ ਵੀ ਬਹੁਤ ਹੋਣਗੇ ਚਿਰਾਗ਼, ਹਨੇਰੇ ਗੋਸਿਆਂ ਨੂੰ ਰੁਸ਼ਨਾਉਂਦੇ ਪਰ ਮੇਰੇ ਹਿੱਸੇ ਦਾ ਹਨੇਰਾ

ਮੈਨੂੰ ਉਡੀਕਦਾ (1)

ਕਵੀ ਰੋਸ਼ਨੀ ਤੇ ਹਨੇਰੇ ਦੇ ਪ੍ਰਤੀਕ ਬਿੰਬ ਲੈ ਕੇ ਬਿਆਨ ਕਰਦਾ ਹੈ ਕਿ ਭਾਵੇਂ ਕਈ ਲੋਕਾਂ ਦੀ ਜ਼ਿੰਦਗੀ ਵਿੱਚ ਸਾਰੀਆਂ ਖੁਸ਼ੀਆਂ ਹੋਣ ਪਰੰਤੂ ਕੋਈ ਇਨਸਾਨ ਅਜਿਹਾ ਵੀ ਹੁੰਦਾ ਹੈ ਜਿਸ ਦੇ ਹਿੱਸੇ ਦਾ ਹਨੇਰਾ ਉਸ ਨੂੰ ਉਡੀਕਦਾ ਰਹਿੰਦਾ ਹੈ। ਇਹ ਜ਼ਿੰਦਗੀ ਦਾ ਯਥਾਰਥ ਵੀ ਹੈ ਭਾਵੇ ਜਮਾਨਾ ਲੱਖ ਖੁਸ਼ੀਆਂ ਵਿੱਚ ਖੇਡਦਾ ਰਹੇ ਪ੍ਰੰਤੂ ਸਾਨੂੰ ਆਪਣੇ ਹਿੱਸੇ ਦੇ ਹਨੇਰੇ ਖੁਦ ਖਤਮ ਕਰਨੇ ਪੈਂਦੇ ਹਨ। ਕਵੀ ਆਪਣੇ ਹਿੱਸੇ ਹਨੇਰੇ ਖਤਮ ਕਰਨ ਦੀ ਹਿੰਮਤ ਵੀ ਰੱਖਦਾ ਹੈ। ਮੈਂ ਆਪਣੀ ਰੌਸ਼ਨੀ

ਹੋਰਨਾਂ ਦੇ ਨਾਂ ਕਿਉਂ ਕਰਾਂ ਮੈਂ ਇਕੱਲਿਆਂ ਤੁਰਨਾ ਮੈ ਇਕੱਲਿਆ ਜਾਗਣਾ (2)

'ਜ਼ਿੰਦਗੀ ਦੇ ਯਥਾਰਥ' ਨਾਲ ਸਬੰਧੀ ਇੱਕ ਹੋਰ ਕਵਿਤਾ ਵਿੱਚ ਕਵੀ ਲਿਖਦਾ ਹੈ

ਕੋਲ ਬੈਠੇ ਮਜ਼ਦੂਰ ਭਈਏ ਦੇ<br>
ਪਸੀਨੇ ਦੀ ਬਦਬੂ ਤੋਂ<br>
ਉਸ ਨੂੰ ਘਿਣ ਆਉਂਦੀ ਹੈ<br>
ਉਹ ਸੋਚ ਰਿਹਾ ਹੈ<br>
ਕਿ ਉਸ ਦੀ ਮਹਿਬੂਬ<br>
ਕਿੰਨਾ ਮਹਿੰਗਾ ਸੈੱਟ ਲਾਉਂਦੀ ਹੈ<br>
ਜਿਸ ਦੀ ਖ਼ੁਸ਼ਬੋ<br>
ਮੁਰਦਿਆਂ ਵਿੱਚ ਵੀ ਜਾਨ ਪਾਉਂਦੀ ਹੈ (3)

ਇੱਕੋ ਸੰਸਾਰ ਵਿੱਚ ਜਿਉਂਦਿਆਂ ਜ਼ਿੰਦਗੀ ਹਰ ਕੋਈ ਵੱਖਰਾ ਵੱਖਰਾ ਮੁਕਾਮ ਸਿਰਜ ਕੇ ਰੱਖਦੀ ਹੈ। ਇੱਕੋ ਸਮੇਂ ਸਭ ਲਈ ਜ਼ਿੰਦਗੀ ਦੇ ਅਰਥ ਵੱਖਰੇ ਹੁੰਦੇ ਹਨ।

ਹੁਣ ਤੈਨੂੰ ਲੱਗਦਾ ਸੀ<br>
ਕਿ ਤੇਰੇ ਲਈ ਹਰ ਆਦਮੀ<br>
ਆਦਮੀ ਨਹੀਂ ਮਹਿਜ਼ ਇੱਕ ਪੌੜੀ ਹੈ<br>
ਜਿਸ ਦੇ ਪੈਰ ਧਰੀ<br>
ਤੂੰ ਕਿਸੇ ਵੀ ਅੰਬਰ ਨੂੰ<br>
ਛੋਹ ਸਕਦੀ ਹੈ (4)

ਕਵੀ ਦੇ ਇਹ ਕਵਿਤਾ ਆਧੁਨਿਕ ਰਿਸ਼ਤਿਆਂ ਦੇ ਯਥਾਰਥ ਨੂੰ ਰੂਬਰੂ ਪੇਸ਼ ਕਰਦੀ ਹੈ। ਰਿਸ਼ਤਿਆਂ ਦਾ ਘਾਣ ਇਸ ਤੋਂ ਭਿਅੰਕਰ ਨਹੀਂ ਹੋ ਸਕਦਾ। ਜਦੋਂ ਇੱਕ ਇਨਸਾਨ ਦੂਜੇ ਇਨਸ਼ਾਨ ਨੂੰ ਆਪਣੇ ਸੁਆਰਥ ਲਈ ਵਰਤਦਾ ਹੈ।

ਇੱਕ ਹੋਰ ਕਵਿਤਾ ਵਿੱਚ ਕਵੀ ਰਿਸ਼ਤਿਆਂ ਦੇ ਯਥਾਰਥ ਨੂੰ ਇੱਕੀਵੀਂ ਸਦੀ ਦੇ ਸੰਦਰਭ ਵਿੱਚ ਪੇਸ਼ ਕਰਦਾ ਹੈ।

ਉਨ੍ਹਾਂ ਲੋਕਾਂ ਵੱਲ ਵੱਖ ਕਰਕੇ<br>
ਨਹੀਂ ਜਿਉਂਇਆਂ ਮੈਂ ਜਿਨ੍ਹਾਂ ਨੇ ਮੇਰੇ ਰਾਹਵਾਂ ਵਿੱਚ ਕੱਚ ਖਿਲਾਰ ਦਿੱਤਾ ਤੇ ਮੇਰੇ ਲਹੂ ਨੂੰ<br>
ਸੁਲਘਦੇ ਖੰਜਰਾਂ ਦੀ<br>
ਤਾਸੀਰ ਦੱਸੀ। (5)

ਜਿੱਥੇ ਕਵੀ ਆਧੁਨਿਕ ਯੁੱਗ ਵਿੱਚ ਸੁਆਰਥ ਭਰੇ ਰਿਸ਼ਤਿਆਂ ਦੀ ਬਿਆਨ ਕਰਦਾ ਹੈ। ਉੱਥੇ ਉਹ ਉਨ੍ਹਾਂ ਰਿਸ਼ਤਿਆਂ ਦਾ ਜ਼ਿਕਰ ਵੀ ਕਰਦਾ ਜੋ ਆਪਣਾ ਨਾ ਹੋਣ ਬਾਵਜੂਦ ਉਸਨੂੰ ਕੋਈ ਨਵਾਂ ਹੌਸਲਾ ਦਿੰਦੇ ਰਹੇ। ਜੋ ਉਸ ਦੀ ਰਾਹਵਾਂ ਵਿੱਚ ਨਵੀਂ

ਰੌਸ਼ਨੀ ਦੀ ਕਿਰਨ ਨੂੰ ਖਿਲਰਦੇ ਰਹੇ। 'ਅਨੋਖਾ ਹੁਨਰ' ਕਵਿਤਾ ਵਿੱਚ ਕਈ ਅਨੋਖੇ ਹੁਨਰ ਦੀ ਗੱਲ ਜ਼ਿੰਦਗੀ ਦੇ ਤਜਰਬੇ ਨੂੰ ਲੈ ਕੇ ਕਰਦਾ ਹੈ।

ਕਿ ਮੈਂ ਬਚਪਨ ਤੋਂ
ਇਹ ਜ਼ਹਿਰ ਪੀ ਪੀ ਕੇ
ਵੱਡਾ ਹੋਇਆ ਹਾਂ
ਤੇ ਮੈਨੂੰ
ਸੱਪਾਂ ਦੀਆਂ ਸਿਰੀਆਂ ਭੁੰਨਣ ਦਾ
ਅਨੋਖਾ ਹੁਨਰ ਆਉਂਦਾ ਹੈ। (6)

ਜ਼ਿੰਦਗੀ ਹਰ ਦੁੱਖ੍ਸੁੱਖ ਨੂੰ ਸਹਿਣਾ ਸਿਖਾ ਦਿੰਦੀ ਹੈ। ਕਵੀ ਵੀ ਆਪਣੀਆਂ ਕਵਿਤਾਵਾਂ ਵਿੱਚ ਆਏ ਜੇ ਦੁੱਖਾਂ ਸੁੱਖਾਂ ਅਤੇ ਦਾਸਤਾਨ ਬਿਆਨ ਕਰਦਾ ਹੈ। ਯਾਦ ਆਉਂਦਾ ਹੈ ਘਰ ਇੱਕ

ਜਿੱਥੇ ਸ਼ਾਮ ਨੂੰ
ਜ਼ਿੰਦਗੀ ਦੀ ਠੁੱਕ ਠੁੱਕ ਮੇਰੇ ਬਾਲ ਮਨ ਚ
ਛੇੜਦੀ ਸੀ ਅੱਚਵੀ
ਦਾਦਾ ਮੇਰੇ ਅਜੇ ਵੀ
ਵਿਹੜੇ ਵਿਚਕਾਰ ਸਟੂਲ ਡਾਹ ਕੇ
ਰੋਟੀ ਖਾਣ ਹੱਥ ਧੋਂਦਾ ਹੈ
ਤੇ ਦਾਦੀ ਮੇਰੇ ਚੁੱਲ੍ਹੇ ਵਿੱਚ
ਛਿਟੀਆਂ ਦੀ ਅੱਗ ਤੇਜ਼ ਕਰਦੀ ਹੈ (7)

ਕਵੀ ਇਨ੍ਹਾਂ ਰਿਸ਼ਤਿਆਂ ਦਾ ਨਿੱਘ ਮਾਣਦਾ ਹੈ। ਪੁਰਾਣੇ ਰਿਸ਼ਤਿਆਂ ਦੇ ਨਿੱਘ ਨੂੰ ਯਾਦ ਕਰਦਾ ਹੈ। ਆਧੁਨਿਕ ਸਮੇਂ ਵਿੱਚ ਇਨ੍ਹਾਂ ਰਿਸ਼ਤਿਆਂ ਦੀ ਹੋਂਦ ਖ਼ਤਮ ਹੁੰਦੀ ਜਾ ਰਹੀ ਹੈ। ਬੱਚਿਆਂ ਕੋਲ ਵੱਡਿਆਂ ਲਈ ਟਾਈਮ ਨਹੀਂ ਹੈ ਤੇ ਵੱਡਿਆਂ ਕੋਲ ਬੱਚਿਆਂ ਲਈ ਟਾਈਮ ਨਹੀਂ ਹੈ। ਜ਼ਿੰਦਗੀ ਵਿਹੜੇ ਦੀਆਂ ਠੰਡੀਆਂ ਛਾਵਾਂ ਤੋਂ ਉੱਠ ਕੇ ਅਸੀਂ ਘਰ ਦੇ ਕਮਰਿਆਂ ਵਿੱਚ ਸੀਮਤ ਹੋ ਗਈ ਹਾਂ। ਕਈ ਵਾਰ ਤਾਂ ਘਰ ਦੇ ਮੈਂਬਰ ਇਕ ਦੂਜੇ ਨੂੰ ਹੀ ਤਿੰਨ ਤਿੰਨ ਘੰਟੇ ਬਾਅਦ ਮਿਲਦੇ ਹਨ। ਕਿੱਥੇ ਦਾਦਾ ਹਰ ਸਮੇਂ ਵਿਹੜੇ ਵਿੱਚ ਮੰਜੇ ਤੇ ਬੈਠਾ ਮਿਲਦਾ ਸੀ। ਹੁਣ ਘਰ ਦੇ ਵਿਹੜੇ ਸੁੰਨੇ ਹੋ ਗਏ ਅਜੇ ਰਿਸ਼ਤਿਆਂ ਦੀ ਦਾਸਤਾਨ ਹੈ। 'ਸਿਮਰਤੀਆਂ ਦੀ ਲਾਲਟੈਨ' ਅਜੇ ਰਿਸ਼ਤਿਆਂ ਦੀ ਦਾਸਤਾਨ ਹੈ। ਜਿਸ ਵਿੱਚ ਸਾਨੂੰ ਆਪਣੇ ਅਤੀਤ ਦੀਆਂ ਝਲਕਾਂ ਮਿਲਦੀਆਂ ।ਉਨ੍ਹਾਂ ਰਿਸ਼ਤਿਆਂ ਦਾ ਚੇਤਾ ਆਉਂਦਾ ਹੈ ਜੋ ਸਾਡੀ ਜ਼ਿੰਦਗੀ ਵਿੱਚ ਅਹਿਮ ਸਨ। ਜਿਨ੍ਹਾਂ ਕਰਕੇ ਸਾਡੇ ਜ਼ਿੰਦਗੀ ਵਿਚ ਖੁਸ਼ੀਆਂ ਸਨ।ਕਵੀਵੱਲੋ 'ਅੰਤਰ ਯੁੱਧ' ਕਵਿਤਾ ਰਿਸ਼ਤਿਆਂ ਦੇ ਯਥਾਰਥ ਦਾ ਨਿਵੇਕਲਾ ਰੂਪ ਸਾਡੇ ਸਾਹਮਣੇ ਲਿਆਉਂਦਾ ਹੈ। ਜਦੋਂ ਵੀ ਉਸ ਨੂੰ ਆਪਣੀਆਂ ਦੀਵਾਰਾਂ ਦਾ ਅਹਿਸਾਸ ਹੁੰਦਾ ਉਹ ਸਭ ਕੁਝ ਉਲੰਘ ਕੇ ਮੇਰੇ ਕੋਲ ਆਉਂਦੀ ਸੀ (8) ਇਸ ਵਿੱਚ ਕਵੀ ਦੁਨੀਆ ਦੀ ਦੀਵਾਰਾਂ ਤੋੜਨ ਵਾਲੇ ਰਿਸ਼ਤਿਆਂ ਦੇ ਯਥਾਰਥ ਨੂੰ ਸਾਡੇ ਸਨਮੁੱਖ ਪੇਸ਼ ਕਰਦਾ ਹੈ। ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ 'ਸਿਮਰਤੀਆਂ ਦੀ ਲਾਲਟੈਨ' ਕਾਵਿ ਸੰਗ੍ਰਹਿ ਵਿਚ ਕਵੀ ਨੇ ਰਿਸ਼ਤਿਆਂ ਦੇ ਨਵੇਂ ਰੰਗਾਂ ਦੇ ਯਥਾਰਥ ਨੂੰ ਸਿਰਜਿਆ ਹੈ। ਕਈ ਲੋਕ ਆਪਣੇ ਅਤੀਤ ਨਾਲ ਜੋੜ ਕੇ ਰਿਸ਼ਤਿਆਂ ਨੂੰ ਸਦਾ ਨਵਾਂ ਰੂਪ ਦਿੰਦੇ ਹਨ। ਕਈ ਅੱਗੇ ਵੱਧਦੇ ਹੋਏ ਪੁਰਾਣੇ ਰਿਸ਼ਤਿਆਂ ਦੀ ਅਹਿਮੀਅਤ ਨੂੰ ਭੁੱਲ ਜਾਂਦੇ ਹਨ, ਕਿ ਇਸ ਕਾਵਿ ਸੰਗ੍ਰਹਿ ਵਿੱਚ ਜ਼ਿੰਦਗੀ ਦੇ ਰਿਸ਼ਤਿਆਂ ਦੇ ਯਥਾਰਥ ਨੂੰ ਨਵੇਕਲੇ ਰੂਪ ਵਿੱਚ ਪ੍ਰਗਟ ਕਰਨ ਵਿੱਚ ਸਫ਼ਲ ਰਿਹਾ।

**ਹਵਾਲੇ ਤੇ ਟਿੱਪਣੀਆਂ**


1) ਅਮਰਜੀਤ ਕੌਂਕੇ, 'ਸਿਮਰਤੀਆਂ ਦੀ ਲਾਲਟੈਨ' ਪੰਨਾ17
2) ਉਹੀ
3) ਉਹੀ, ਪੰਨਾ 114
4) ਉਹੀ, ਪੰਨਾ 62
5) ਉਹੀ, ਪੰਨਾ 31
6) ਉਹੀ, ਪੰਨਾ 36
7) ਉਹੀ, ਪੰਨਾ 22
8) ਉਹੀ, ਪੰਨਾ 85

# ਮਨੋਵਿਸ਼ਲੇਸ਼ਣੀ ਵਿਧੀ ਤੇ ਇੱਕ ਨਜ਼ਰ / ਰਾਜਵੀਰ ਕੌਰ

ਸੰਸਾਰ ਪੱਧਰ ਦੀਆਂ ਵਿਭਿੰਨ ਖੋਜਾਂ ਮਨੁੱਖ ਦੀ ਜਗਿਆਸੂ ਮਨੋਬਿਰਤੀ ਦੀਆਂ ਹੀ ਲਿਖਾਇਕ ਹਨ। ਮਨੁੱਖੀ ਜਗਿਆਸਾ ਅਤੇ ਜ਼ਰੂਰਤਾਂ ਨੇ ਹੀ ਵਿਗਿਆਨਾਂ ਨੂੰ ਜਨਮ ਦਿੱਤਾ। ਮਨੋਵਿਗਿਆਨ ਦੀ ਉਤਪਤੀ ਦਾ ਕਾਰਨ ਵੀ ਜਗਿਆਸਾ ਅਤੇ ਜ਼ਰੂਰਤ ਹੀ ਸੀ। ਮਨੋਵਿਗਿਆਨ ਆਪਣੇ ਆਪ ਵਿੱਚ ਕੋਈ ਬਹੁਤਾ ਪੁਰਾਣਾ ਸ਼ਾਸਤਰ ਨਹੀਂ। ਇਹ ਵੀ 19ਵੀਂ ਸਦੀ ਤੀਕ ਦਰਸ਼ਨ ਸ਼ਾਸਤਰ ਦਾ ਇੱਕ ਅੰਗ ਮੰਨਿਆ ਜਾਂਦਾ ਰਿਹਾ ਹੈ। 20ਵੀਂ ਸਦੀ ਵਿੱਚ ਇਸਨੇ ਆਪਣੀ ਨਿਵੇਕਲੀ ਹੋਂਦ ਬਣਾਈ। ਮਨੋਵਿਗਿਆਨ ਦਾ ਵਿਕਾਸ ਐਨੀ ਤੇਜੀ ਨਾਲ ਹੋਇਆ ਕਿ ਕਲਾ-ਸਮਿਖਿਆ ਅਤੇ ਸਾਹਿਤ ਹੀ ਨਹੀਂ ਸਗੋਂ ਹਰ ਇੱਕ ਆਧੁਨਿਕ ਵਿਗਿਆਨ ਅਤੇ ਸ਼ਾਸਤਰ ਨੂੰ ਐਨਾ ਪ੍ਰਭਾਵਿਤ ਕੀਤਾ ਕਿ ਸ਼ਾਇਦ ਹੀ ਕੋਈ ਇਸ ਦਾ ਮੁਕਾਬਲਾ ਕਰ ਸਕੇ।

ਮਨੋਵਿਗਿਆਨ ਦੇ ਅਨੇਕ ਅੰਗ-ਰੂਪ ਵਿੱਚ ਮੰਨੇ ਜਾਣ ਵਾਲੇ ਵਿਭਾਗਾਂ ਵਿੱਚੋਂ ਕੁੱਝ ਸਮੇਂ ਤੀਕ ਮਨੋਵਿਸ਼ਲੇਸ਼ਣ ਇੱਕ ਪ੍ਰਮੁੱਖ ਅੰਗ ਮੰਨਿਆ ਜਾਂਦਾ ਸੀ ਪਰ ਇਸ ਦੇ ਇੱਕ ਵਾਦ ਦਾ ਰੂਪ ਧਾਰਨ ਕਰਦਿਆਂ ਅਜਿਹੀ ਜਗ੍ਹਾ ਬਣਾਈ ਕਿ ਇਹ ਹੁਣ ਸੁਤੰਤਰ ਸ਼ਾਸਤਰ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਂਦਾ ਹੈ। ਮਨੋਵਿਗਿਆਨ ਮੂਲ ਰੂਪ ਵਿੱਚ ਸਰੀਰ ਤੋਂ ਵੱਖ ਮਨ ਦੇ ਵਿਆਪਰਾਂ ਦਾ ਅਧਿਐਨ ਕਰਦਾ ਹੈ ਅਤੇ ਇਹ ਸਿੱਧ ਕਰਦਾ ਹੈ ਕਿ ਮਨ ਅਤੇ ਸਰੀਰ ਪਰਸਪਰ-ਨਿਰਪੇਖ ਹਨ। ਭਾਵੇਂ ਉਹਨਾਂ ਵਿੱਚ ਸਦੀਵੀ ਕਿਰਿਆ-ਪ੍ਰਤੀਕਿਰਿਆ ਚਲੀ ਆਉਂਦੀ ਹੈ ਪਰ ਮਨੋਵਿਸ਼ਲੇਸ਼ਣ ਮਾਨਸਿਕ ਗੁੰਝਲਾਂ ਦਾ ਅਧਿਐਨ ਕਰਦਾ ਹੈ। ਉਹ ਮਨੁੱਖੀ ਸੁਭਾ ਦਾ ਵਿਸ਼ਲੇਸ਼ਣ ਕਰਦਾ ਹੈ ਅਤੇ ਦੱਸਦਾ ਹੈ ਕਿ ਮਨੁੱਖੀ ਅਸ਼ਾਂਤੀ ਦੇ ਮੂਲ ਕਾਰਨ ਕੀ ਹਨ? ਮਨੋਵਿਸ਼ਲੇਸ਼ਣ ਨੂੰ ਵਿਕਾਸ ਵੱਲ ਲੈ ਜਾਣ ਵਾਲੇ ਤਿੰਨ ਮਨੋਵਿਗਿਆਨੀ ਪ੍ਰਮੁੱਖ ਹਨ:- ਫ਼ਰਾਇਡ, ਐਡਲਰ ਅਤੇ ਯੁੰਗ। ਇਹਨਾਂ ਮਨੋਵਿਗਿਆਨੀਆਂ ਦੁਆਰਾ ਦਿੱਤੇ ਸਿਧਾਂਤ ਜਿੰਨ੍ਹਾਂ ਤੋਂ ਕਿ ਮਨੋਵਿਸ਼ਲੇਸ਼ਣ ਦਾ ਜਨਮ ਅਤੇ ਵਿਕਾਸ ਹੋਇਆ ਹੈ:-

1. ਫ਼ਰਾਇਡ-ਮਨੋਵਿਸ਼ਲੇਸ਼ਣ
2. ਐਡਲਰ- ਵਿਅਕਤੀ ਮਨੋਵਿਗਿਆਨ (Psycho-analysis)
3. ਯੁੰਗ- ਵਿਸ਼ਲੇਸ਼ਕ ਮਨੋਵਿਗਿਆਨ (Analytical psydualogy)

ਮਨੋਵਿਸ਼ਲੇਸ਼ਣ ਸ਼ਬਦ ਦੋ ਤਰ੍ਹਾਂ ਦੇ ਅਰਥਾਂ ਨੂੰ ਪ੍ਰਗਟਾਉਂਦਾ ਹੈ। ਇੱਕ ਅਰਥ ਅਨੁਸਾਰ ਇਸ ਨਾਲ ਮਨੁੱਖੀ ਮਨ ਦੀ ਛਾਣਬੀਣ ਕੀਤੀ ਜਾਂਦੀ ਹੈ। ਦੂਜੇ ਅਰਥ ਅਨੁਸਾਰ ਇਹ ਸ਼ਬਦ ਅਜਿਹੇ ਸਿਧਾਂਤਾਂ ਵੱਲ ਸੰਕੇਤ ਕਰਦਾ ਹੈ ਜਿਹੜੇ ਉਕਤ ਛਾਣਬੀਣ ਦੌਰਾਨ ਲੱਭੀਆਂ ਸੱਚਾਈਆਂ ਤੇ ਆਧਾਰਿਤ ਹਨ। ਫ਼ਰਾਇਡ ਦਾ ਇਹ ਦਾਅਵਾ ਹੈ ਕਿ ਉਹ ਪਹਿਲਾਂ ਮਨੋਵਿਗਿਆਨੀ ਹੈ ਜਿਸਨੇ ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਸੁਲਝਾਉਣ ਦਾ ਸਭ ਤੋਂ ਪਹਿਲਾਂ ਵਿਗਿਆਨਕ ਯਤਨ ਕੀਤਾ ਹੈ ਅਤੇ ਉਸ ਪਾਸ ਅਜਿਹੀ ਸ਼ਕਤੀ ਹੈ ਜਿਸ ਰਾਹੀਂ ਨਿਵੇਕਲੇ ਰਹਿ ਕੇ ਵੀ ਮਾਨਸਿਕ ਘਟਨਾਵਾਂ ਦਾ ਅਧਿਐਨ ਉਸੇ ਤਰ੍ਹਾਂ ਕਰ ਸਕਦਾ ਹੈ ਜਿਵੇਂ ਕਿ ਕੋਈ ਵਸਤੂ ਨਿਸ਼ਠ ਘਟਨਾਵਾਂ ਦਾ ਅਧਿਐਨ ਕਰਦਾ ਹੈ। ਫ਼ਰਾਇਡ ਅਨੁਸਾਰ ਮਨੁੱਖ ਦੇ ਹਰ ਇੱਕ ਮਾਨਸਿਕ ਵਿਹਾਰ ਦਾ ਕੋਈ ਨਾ ਕੋਈ ਮੂਲ ਕਾਰਨ ਜ਼ਰੂਰ ਹੁੰਦਾ ਹੈ ਅਤੇ ਉਹਨਾਂ ਕਾਰਨਾਂ ਤੋਂ ਪ੍ਰੇਰਿਤ ਹੋ ਕੇ ਹੀ ਮਨੁੱਖ ਕੰਮ ਕਰਦਾ ਹੈ। ਇਹਨਾਂ ਕਾਰਨਾਂ ਦੀ ਖੋਜ ਕੀਤੀ ਜਾ ਸਕਦੀ ਹੈ। ਫ਼ਰਾਇਡ ਨੇ ਮਨ ਦੇ ਤਿੰਨ ਰੂਪਾਂ ਦੀ ਕਲਪਨਾ ਕੀਤੀ ਹੈ।

1. ਚੇਤਨ ਮਨ (Conscious)
2. ਅਚੇਤਨ ਮਨ (Unconscious)
3. ਅਵਚੇਤਨ ਮਨ (Sub conscious)

ਚੇਤਨ ਮਨ ਦਾ ਸੰਬੰਧ ਮਨੁੱਖ ਦੀ ਜਾਗਰਿਤ ਅਵਸਥਾ ਨਾਲ ਹੈ। ਅਚੇਤਨ ਵਿੱਚ ਸਾਡੀਆਂ ਐਸੀਆਂ ਇਛਾਵਾਂ ਦਮਿਤ ਪਾਈਆਂ ਹੁੰਦੀਆਂ ਹਨ, ਚੇਤਨ ਜਿੰਨ੍ਹਾਂ ਦਾ ਇਕਬਾਲ ਕਰਨ ਤੋਂ ਭੱਜਦਾ ਹੈ। ਇਹ ਇਛਾਵਾਂ ਅਸਮਾਜਿਕ ਹੁੰਦੀਆਂ ਹਨ ਅਤੇ ਜਦੋਂ ਇਹ ਚੇਤਨ ਵਿੱਚ ਆਉਣ ਦੀ ਕੋਸ਼ਿਸ਼ ਕਰਦੀਆਂ ਹਨ ਤਾਂ ਇੰਨ੍ਹਾਂ ਨੂੰ ਰੋਕਣ ਦੀ ਕੋਸ਼ਿਸ ਕਰਦਾ ਹੈ। ਅਵਚੇਤਨ, ਅਚੇਤਨ ਅਤੇ ਚੇਤਨ ਦੇ ਵਿਚਕਾਰ ਹੈ। ਅਵਚੇਤਨ ਮਨ ਉਹ ਭੰਡਾਰ ਹੈ ਜਿਸ ਵਿੱਚ ਉਪਰਲੀਆਂ ਅਜਿਹੀਆਂ ਯਾਦਾਂ ਅਤੇ ਬਾਰਿਸ਼ਾਂ ਹੁੰਦੀਆਂ ਹਨ ਜਿੰਨ੍ਹਾਂ ਬਾਰੇ ਹਾਲ ਦੀ ਘੜੀ ਕੋਈ ਪਤਤਾ ਨਹੀਂ ਹੁੰਦਾ ਪਰ ਲੋੜ ਪੈਣ ਤੇ ਛੇਤੀ ਹੀ ਪਤਾ ਲਗਾਇਆ ਜਾ ਸਕਦਾ ਹੈ।


ਫ਼ਰਾਇਡ ਕਾਮੁਕਤਾ ਨੂੰ ਮਨੁੱਖੀ ਜੀਵਨ ਵਿੱਚ ਸਭ ਤੋਂ ਵਧੇਰੇ ਮਹੱਤਵਪੂਰਨ ਮੰਨਦਾ ਹੈ। ਉਸਨੇ ਤਿੰਨ ਅਵਸਥਾਵਾਂ 1. ਬਾਲ ਕਾਮ ਅਵਸਥਾ (Infantile sexuality) 2. ਲੁਪਤ ਕਾਮ ਅਵਸਥਾ (Lateut Stage) 3. ਜਣਨ ਅਵਸਥਾ (Genital/Puberty period) ਅਵਸਥਾ ਬਾਰੇ ਵੀ ਸਿਧਾਂਤ ਦਿੱਤਾ। ਉਸਨੇ ਵਿਅਕਤੀਤਵ ਦੇ ਤਿੰਨ ਪੱਖਾਂ ਇੱਦ, ਥਪਰ (ਹਉਂ) ਅਤੇ Super Ego (ਪਰਾਂ ਹਉਂ) ਬਾਰੇ ਵੀ ਦੱਸਿਆ। ਫ਼ਰਾਇਡ ਨੇ ਮਾਨਸਿਕ ਰੋਗਾਂ ਦੀ ਵਿਆਖਿਆ ਅਤੇ ਇੰਨ੍ਹਾਂ ਦਾ ਇਲਾਜ ਕਰਨ ਲਈ ਲਿਬਿਡੋ (Libido) ਸਿਧਾਂਤ ਨੂੰ ਆਧਾਰ ਬਣਾਇਆ। ਇਸ ਸਿਧਾਂਤ ਪਿੱਛੇ ਸਹਿਜ ਪ੍ਰਵਿਰਤੀਆਂ (Instincts) ਅਤੇ

ਮਾਨਸਿਕ ਕਿਰਿਆਵਾਂ ਹਨ, ਜਿੰਨ੍ਹਾਂ ਦਾ ਪ੍ਰਭਾਵ ਜੀਵਨ ਭਰ ਵਿਅਕਤੀ ਉੱਤੇ ਰਹਿੰਦਾ ਹੈ। ਫ਼ਰਾਇਡ ਦੁਆਰਾ ਜੀਵਨ ਵ੍ਰਿਤੀ ਅਤੇ ਮੌਤ ਵ੍ਰਿਤੀ ਦਾ ਸੰਕਲਪ ਵੀ ਦਿੱਤਾ ਗਿਆ। ਫ਼ਰਾਇਡ ਨੇ ਆਪਣੇ ਸੁਪਨ-ਵਿਸ਼ਲੇਸ਼ਣ ਵਿੱਚ ਦੱਸਿਆ ਕਿ ਨੀਂਦ ਵੇਲੇ ਜਦੋਂ ਈਗੋ ਰੂਪੀ ਸੈਂਸਰ ਢਿੱਲਾ ਪੈ ਜਾਂਦਾ ਹੈ ਤਾਂ ਅਚੇਤਨ ਦੀਆਂ ਦੱਬੀਆਂ ਇੱਛਾਵਾਂ/ਵਾਸ਼ਨਾਵਾਂ ਸੁਪਨਿਆਂ ਦੇ ਰਾਹੀਂ ਤ੍ਰਿਪਤੀ ਦਾ ਰਾਹ ਲੱਭਦੀਆਂ ਹਨ। ਇਹ ਕਈ ਵਾਰ ਸਪੱਸ਼ਟ ਤੇ ਕਾਂ ਪ੍ਰਤੀਕਾਂ ਦੇ ਰੂਪ ਵਿੱਚ ਪ੍ਰਗਟ ਹੁੰਦੀਆਂ ਹਨ। ਫ਼ਰਾਇਡ ਨੇ ਜਿੱਥੇ ਲਿਬਿਡੋ ਨੂੰ ਬਹੁਤ ਜ਼ਿਆਦਾ ਮਹੱਤਵ ਦਿੱਤਾ ਉੱਥੇ ਐਡਲਰ ਨੇ ਅਧਿਕਾਰ ਦੀ ਭਾਵਨਾ ਨੂੰ ਮਹੱਤਵ ਦਿੱਤਾ। ਐਲਫ੍ਰੈਡ ਐਡਲਰ ਦੁਆਰਾ ਮਨੋਵਿਸ਼ਲੇਸ਼ਣ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਕਿਹਾ। ਉਸ ਦੁਆਰਾ ਅਚੇਤਨ ਮਨ ਬਾਰੇ ਫ਼ਰਾਇਡ ਨਾਲ ਸਹਿਮਤੀ ਦਿੱਤੀ ਗਈ ਪਰ ਉਹ ਮਨੁੱਖੀ ਰੋਗਾਂ ਦਾ ਮੂਲ ਕਾਰਨ ਕੇਵਲ ਰੋਗੀ ਦੇ ਰੂਪ ਨੂੰ ਨਾ ਮੰਨ ਕੇ ਇਸ ਦੀ ਸਾਰੀ ਸਖ਼ਸੀਅਤ ਨੂੰ ਹੀ ਅਧਿਕਾਰ-ਭਾਵਨਾ ਦੀ ਉਪਜ ਦੱਸਦਾ ਹੈ। ਐਡਲਰ ਦੁਆਰਾ ਹੀਣਤਾ ਗ੍ਰੰਥੀ ਦੇ ਮਹੱਤਵ ਬਾਰੇ ਸੰਕਲਪ ਦਿੱਤਾ ਗਿਆ। ਉਸ ਅਨੁਸਾਰ ਜਦੋਂ ਮਨੁੱਖ ਦੇ ਅਹਿਮ ਤੇ ਸੱਟ ਲੱਗਦੀ ਹੈ ਤਾਂ ਉਸ ਨੂੰ ਆਪਣੇ ਆਲੇ-ਦੁਆਲੇ ਦਾ ਵਾਤਾਵਰਣ ਨਾਲ ਸੰਘਰਸ਼ ਕਰਨਾ ਪੈਂਦਾ ਹੈ ਜਦੋਂ ਉਹ ਆਪਣੀ ਉੱਚਤਾ (Superiority) ਦਿਖਾਉਣ ਵਿੱਚ ਅਸਮਰੱਥ ਰਹਿੰਦਾ ਹੈ ਤਾਂ ਉਸ ਦੀ ਹੀਣਤਾ ਮਨੋਗ੍ਰੰਥੀ (Inferiority) ਉਸ ਦੀ ਸਖ਼ਸ਼ੀਅਤ ਨੂੰ ਪ੍ਰਗਟਾਉਂਦੀ ਹੈ। ਮਨੋਵਿਸ਼ਲੇਸ਼ਣ ਅਨੁਸਾਰ ਹੀਣਤਾ-ਗ੍ਰੰਥੀ ਨੂੰ ਦੂਰ ਕੀਤੇ ਬਿਨਾਂ ਮਨੁੱਖ ਦਾ ਜੀਵਨ ਸੁਖੀ ਨਹੀਂ ਹੋ ਸਕਦਾ। ਉਸਨੂੰ ਦੂਰ ਕਰਨ ਲਈ ਉਪਾਅ ਨੇ ਅਸਲੀ ਹਾਲਤ ਦੀ ਜਾਣਕਾਰੀ ਅਤੇ ਗਲਤ ਕਿਸਮ ਦੇ ਜੀਵਨ ਢੰਗ ਦਾ ਤਿਆਗ। ਐਡਲਰ ਨੇ ਪ੍ਰਮੁੱਖ ਰੂਪ ਵਿੱਚ ਉੱਚਤਾ ਗ੍ਰੰਥੀ ਅਤੇ ਹੀਣਤਾ ਗ੍ਰੰਥੀ ਦੇ ਸੰਕਲਪ ਨੂੰ ਪੇਸ਼ ਕੀਤਾ ਹੈ ਅਤੇ ਦੱਸਿਆ ਕਿ ਕਿਵੇਂ ਮਨੁੱਖ ਆਪਣੀ ਹੀਣਤਾ ਦੀ ਭਾਵਨਾ ਵਜੋਂ ਵਸਤੂ-ਜਗਤ ਤੋਂ ਭੱਜ ਕੇ ਕਲਪਨਾ ਲੋਕ ਵਿੱਚ ਜਾ ਦਾਖਲ ਹੁੰਦਾ ਹੈ।

ਸੀ.ਜੀ. ਯੁੰਗ ਦਾ ਮਨੋਵਿਸ਼ਲੇਸ਼ਣਾਤਮਕ ਮਨੋਵਿਗਿਆਨ ਵਿਅਕਤੀ ਦੇ ਜੀਵਮੂਲਕ ਪੱਖ ਬਾਰੇ ਹੀ ਸੀਮਤ ਨਹੀਂ, ਸਗੋਂ ਇਸ ਦਾ ਸਮਾਜਿਕ ਮਹੱਤਵ ਵੀ ਹੈ। ਯੁੰਗ ਨੇ ਵਿਅਕਤੀ ਅਤੇ ਉਸਦੇ ਵਿਵਹਾਰ ਨੂੰ ਸਹੀ ਤਰ੍ਹਾਂ ਸਮਝਣ ਲਈ ਉਸ ਦੇ ਸਮਾਜਿਕ ਪੱਖ ਦੇ ਮਹੱਤਵ ਨੂੰ ਕਬੂਲ ਕੀਤਾ। ਉਸ ਅਨੁਸਾਰ ਅਚੇਤਨ ਕੇਵਲ ਵਿਅਕਤੀਗਤ ਹੀ ਨਹੀਂ ਸਗੋਂ ਸਮੂਹਿਕ ਵੀ ਹੁੰਦਾ ਹੈ। ਵਿਅਕਤੀਗਤ ਅਚੇਤਨ ਵਿੱਚ ਵਿਅਕਤੀਗਤ ਹੋਂਦ ਦੀਆਂ ਭੁੱਲੀਆਂ, ਦਮਿਤ ਹੋਈਆਂ ਸਿਮਰਤੀਆਂ ਭਾਵਨਾਵਾਂ ਦੇ ਵਿਚਾਰ ਪਏ ਹੁੰਦੇ ਹਨ ਜਿੰਨ੍ਹਾਂ ਨੂੰ ਵਿਅਕਤੀ ਵਿਸਾਰ ਦੇਣਾ ਚਾਹੁੰਦਾ ਹੈ ਜਦਕਿ ਸਮੂਹਿਕ ਅਚੇਤਨ ਵਿੱਚ ਮਨੁੱਖੀ ਪਰੰਪਰਾ ਦੇ ਸਾਰੇ ਸੰਸਕਾਰ ਲੁਕੇ ਪਏ ਹੁੰਦੇ ਹਨ। ਯੁੰਗ ਉਸ ਸਾਰੀ ਸਮੱਗਰੀ ਨੂੰ ਸਮੂਹਿਕ ਮੰਨਦਾ ਹੈ ਜੋ ਕਿਸੇ ਇਕੱਲੇ ਵਿਅਕਤੀ ਨਾਲ ਸੰਬੰਧਿਤ ਨਾ ਹੋ ਕੇ ਇੱਕੋ ਵੇਲੇ ਅਨੇਕ ਵਿਅਕਤੀਆਂ, ਸਮਾਜ, ਕੌਮ ਜਾਂ ਸਮੁੱਚੀ ਮਾਨਵਤਾ ਨਾਲ ਸੰਬੰਧਿਤ ਹੋਏ। ਯੁੰਗ ਨੇ ਵਿਅਕਤੀਤਵ ਦੀਆਂ ਦੋ ਕਿਸਮਾਂ (1) ਬਾਹਰਮੁਖੀ ਅਤੇ (2) ਅੰਤਰਮੁਖੀ ਦਾ ਮੱਤ ਪੇਸ ਕਰਕੇ ਮਨੁੱਖੀ ਵਿਵਹਾਰ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਸਮਝਣ ਦਾ ਰਾਹ ਖੋਲਿਆ।

**ਸਿੱਟਾ:-** ਉਪਰੋਕਤ ਮਨੋਵਿਸ਼ਲੇਸ਼ਣ ਤੋਂ ਬਿਨਾਂ ਵੀ ਨਵ-ਫ਼ਰਾਇਡਵਾਦੀਆ ਦੁਆਰਾ ਵੀ ਵੱਖ-ਵੱਖ ਸਿਧਾਂਤ ਅਤੇ ਵਿਧੀਆਂ ਦਿੱਤੀਆਂ ਗਈਆਂ। ਮਨੋਵਿਸ਼ਲੇਸ਼ਣ ਸ਼ਾਸਤਰ ਵਿੱਚ ਪੇਸ਼ ਇਹਨਾਂ ਸਿਧਾਂਤਾਂ, ਵਿਧੀਆਂ ਦੁਆਰਾ ਮਨੁੱਖੀ ਮਨ ਵਿੱਚ ਛੁਪੇ ਮਨੋ-ਸੰਕਟਾਂ, ਕਾਰਨਾਂ, ਸ਼ੰਘਰਸ਼ਾਂ ਨੂੰ ਤਲਾਸਣ ਵਿੱਚ ਮੱਦਦ ਮਿਲਦੀ ਹੈ। ਮਨੁੱਖੀ ਮਨ ਦਾ ਵਿਸ਼ਲੇਸ਼ਣ ਕਰਨ ਲਈ ਸਾਹਿਤਕਾਰਾਂ ਅਤੇ ਸਾਹਿਤ ਆਲੋਚਕਾਂ ਦੁਆਰਾ ਵੀ ਮਨੋਵਿਸ਼ਲੇਸ਼ਣ ਦੀਆਂ ਇਹਨਾਂ ਵਿਧੀਆਂ, ਸੰਕਲਪਾਂ ਦੀ ਵਰਤੋਂ ਕੀਤੀ ਜਾਂਦੀ ਹੈ। ਮਨੋਵਿਸ਼ਲੇਸ਼ਣ ਅਨੁਸਾਰ ਸੱਤ ਬਗਾਨੇ ਨਾਟਕ ਦਾ ਅਧਿਐਨ।

**ਖੋਜਾਰਥੀ, ਗੁਰੂ ਕਾਸ਼ੀ ਯੂਨੀਵਰਸਿਟੀ,**
**ਤਲਵੰਡੀ ਸਾਬੋ (ਬਠਿੰਡਾ)**

**2019 ਲਈ ਸਾਹਿਤ ਅਕਾਦਮੀ ਐਵਾਰਡ ਇਸ ਵਾਰ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਕਿਰਪਾਲ ਕਜ਼ਾਕ ਨੂੰ ਉਹਨਾਂ ਦੇ ਕਹਾਣੀ ਸੰਗ੍ਰਹਿ 'ਅੰਤਹੀਣ' ਲਈ ਦਿੱਤਾ ਗਿਆ ਹੈ। ਕਿਰਪਾਲ ਕਜ਼ਾਕ ਪੰਜਾਬੀ ਸਾਹਿਤ ਵਿਚ ਇਕ ਸਥਾਪਿਤ ਤੇ ਜ਼ਿਕਰਯੋਗ ਨਾਮ ਹੈ ਜਿਸ ਨੇ ਸਾਹਿਤ ਤੋਂ ਇਲਾਵਾ ਹੋਰ ਅਨੇਕ ਕਲਾ ਮਾਧਿਅਮਾਂ ਰਾਹੀਂ ਆਪਣੇ ਹੁਨਰ ਦਾ ਲੋਹਾ ਮਨਵਾਇਆ ਹੈ। ਇਸੇ ਤਰਾਂ ਪ੍ਰੇਮ ਪ੍ਰਕਾਸ਼ ਪੰਜਾਬੀ ਕਹਾਣੀ ਦੇ ਖੇਤਰ ਵਿਚ ਆਪਣੀ ਹੀ ਕਿਸਮ ਦੀ ਨਿਵੇਕਲੀ ਸ਼ੈਲੀ ਵਿਚ ਕਹਾਣੀ ਲਿਖਣ ਵਾਲਾ ਵੱਡਾ ਲੇਖਕ ਹੈ। ਉਨ੍ਹਾਂ ਨੂੰ ਵੀ ਸਾਅਦਤ ਹਸਨ ਮੰਟੋ ਦੀ ਉਰਦੂ ਪੁਸਤਕ ਦੇ ਅਨੁਵਾਦ 'ਦੇਸ਼ ਵੰਡ ਦੇ ਲਹੂ ਦੇ ਰੰਗ' ਲਈ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ ਨਾਲ ਨਵਾਜਿਆ ਗਿਆ ਹੈ। ਦੋਹਾਂ ਲੇਖਕਾਂ ਨੂੰ ਸਾਹਿਤ ਅਕਾਦਮੀ ਦੇ ਇਨ੍ਹਾਂ ਅਵਾਰਡਾਂ ਲਈ ਅਤੇ ਸਾਹਿਤ ਅਕਾਦਮੀ ਨੂੰ ਇਸ ਸੁਚੱਜੀ ਚੋਣ ਲਈ ਅਦਾਰਾ 'ਪ੍ਰਤਿਮਾਨ' ਤਹਿ ਦਿਲੋਂ ਮੁਬਾਰਕਬਾਦ ਪੇਸ਼ ਕਰਦਾ ਹੈ।**

ਬਨਸਪਤੀ ਮਨੁੱਖ ਦੇ ਸਮੁੱਚੇ ਜੀਵਨ ਦਾ ਆਧਾਰ ਹੁੰਦੀ ਹੈ। ਪ੍ਰਾਚੀਨ ਸਮੇਂ ਤੋਂ ਹੀ ਮਨੁੱਖ ਪ੍ਰਕਿਰਤੀ ਦੇ ਅੰਗ-ਸੰਗ ਵਿਚਰਦਾ ਆਇਆ ਹੈ। ਮਨੁੱਖ ਦਾ ਆਪਣੇ ਆਲੇ-ਦੁਆਲੇ ਦੀ ਬਨਸਪਤੀ ਨਾਲ ਬਹੁਤ ਹੀ ਸੁਖਾਵਾਂ ਅਤੇ ਨਿਰਭਰਤਾ ਵਾਲਾ ਰਿਸ਼ਤਾ ਰਿਹਾ ਹੈ। ਆਦਿ ਮਾਨਵ ਜੰਗਲਾਂ ਵਿੱਚ ਰਹਿੰਦਾ ਸੀ ਜਿਸ ਕਾਰਨ ਉਹ ਬਨਸਪਤੀ ਦੇ ਵਧੇਰੇ ਅੰਗ-ਸੰਗ ਸੀ। ਬਨਸਪਤੀ ਹੀ ਉਸਦੀ ਸਮੁੱਚੀ ਜੀਵਨ ਜਾਂਚ ਦਾ ਹਿੱਸਾ ਸੀ। ਇਹ ਬਨਸਪਤੀ ਜਗਤ ਅਰਥਾਤ ਰੁੱਖ-ਪੌਦੇ ਤੇ ਬ੍ਰਿਛ-ਬੂਟੇ ਮੌਸਮਾਂ ਦੇ ਅਨੁਸਾਰ ਪੈਦਾ ਹੁੰਦੇ ਤੇ ਬਿਨਸਦੇ ਹਨ। ਆਪਣੇ ਆਲੇ-ਦੁਆਲੇ ਇਹਨਾਂ ਰੁੱਖ-ਪੌਦਿਆਂ ਦਾ ਉੱਗਣਾ, ਵਿਕਸਿਤ ਹੋਣਾ ਅਤੇ ਇਹਨਾਂ ਨੂੰ ਫੁੱਲ-ਫ਼ਲ ਲੱਗਣੇ ਆਦਿ ਪ੍ਰਾਚੀਨ ਮਨੁੱਖ ਲਈ ਬੜਾ ਦਿਲਚਪਸ ਭਰਿਆ ਵਿਸ਼ਾ ਸੀ। ਉਸ ਲਈ ਵੰਨ-ਸੁਵੰਨੀ ਬਨਸਪਤੀ ਦੇ ਵੰਨ-ਸੁਵੰਨੇ ਰੰਗ ਸਦਾ ਦਿਲਚਪਸੀ ਦਾ ਹੀ ਨਹੀਂ ਸਗੋਂ ਅਸਚਰਜਤਾ ਦਾ ਕੇਂਦਰ ਵੀ ਬਣੇ ਰਹੇ। ਬਨਸਪਤੀ ਨੇ ਮਨੁੱਖ ਨੂੰ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਸੁੱਖ-ਸੁਵਿਧਾਵਾਂ ਦਿੱਤੀਆਂ ਹਨ ਜਿਵੇਂ ਕਿ ਖਾਦ-ਖੁਰਾਕ, ਰਹਿਣ-ਸਹਿਣ, ਘਰੇਲੂ ਵਸਤੂ ਸਮੱਗਰੀ ਇੱਥੋਂ ਤੱਕ ਕਿ ਇਹ ਸਾਹ ਵੀ ਉਸਦੀ ਹੀ ਦੇਣ ਹਨ। ਇਸਤੋਂ ਇਲਾਵਾ ਆਪਣੇ ਤਨ ਨੂੰ ਢੱਕਣ ਲਈ ਵੀ ਉਸਨੇ ਜੰਗਲੀ ਰੁੱਖ-ਪੌਦਿਆਂ ਦੇ ਛਿੱਲੜਾਂ ਤੇ ਪੱਤਿਆਂ ਨੂੰ ਵਰਤੋਂ ਵਿੱਚ ਲਿਆਂਦਾ। ਇਹਨਾਂ ਸੁਵਿਧਾਵਾਂ ਕਰਕੇ ਹੀ ਬਨਸਪਤੀ ਨੂੰ ਮਨੁੱਖ ਨੇ ਆਪਣੀ ਪਾਲਕ ਸ਼ਕਤੀ ਵਜੋਂ ਸਮਝਣਾ ਤੇ ਗ੍ਰਹਿਣ ਕਰਨਾ ਆਰੰਭ ਕਰ ਦਿੱਤਾ। ਉਸਨੇ ਅਨੁਭਵ ਕੀਤਾ ਕਿ ਰੁੱਖ-ਪੌਦਿਆਂ ਵਿੱਚ ਕੋਈ ਵਿਸ਼ੇਸ਼ ਅਲੌਕਿਕ ਸ਼ਕਤੀ ਹੈ ਜਿਹੜੀ ਕੁਦਰਤੀ ਆਫ਼ਤਾਂ ਦਾ ਸਫਾਇਆ ਕਰਨ ਲਈ ਇਹਨਾਂ ਨੂੰ ਸਮਰੱਥ ਬਣਾਉਂਦੀ ਹੈ। ਅਜਿਹੇ ਸੰਬੰਧਾਂ ਵਿੱਚੋਂ ਵਿਕਸਿਤ ਹੋਏ ਸੰਕਲਪ ਪ੍ਰਕਿਰਤੀ ਅਤੇ ਬਨਸਪਤੀ ਦੀ ਪੂਜਾ ਦੇ ਆਰੰਭ ਦਾ ਕੇਂਦਰ ਬਿੰਦੂ ਬਣੇ।

ਹੌਲੀ-ਹੌਲੀ ਮਨੁੱਖ ਨੇ ਮਹਿਸੂਸ ਕੀਤਾ ਕਿ ਰੁੱਖ-ਪੌਦੇ ਵੀ ਮਨੁੱਖਾਂ ਵਾਂਗ ਹੀ ਜੀਵਨ ਬਤੀਤ ਕਰਦੇ ਹਨ। ਜਿਹੜੀ ਚੇਤਨਾ ਮਨੁੱਖ ਆਪਣੇ ਵਿੱਚ ਮਹਿਸੂਸ ਕਰਦਾ ਸੀ, ਉਹ ਉਸਨੂੰ ਰੁੱਖਾਂ ਵਿੱਚ ਵੀ ਅਨਭੁਵ ਹੋਣ ਲੱਗੀ। "ਕੁਦਰਤ ਦੀ ਪੂਜਾ ਸਿਖਾਉਂਦੀ ਹੈ ਕਿ ਸਮੁੱਚੀ ਜ਼ਿੰਦਗੀ ਇੱਕ ਹੈ। ਇਸ ਸਿੱਖਿਆ ਵਿੱਚੋਂ ਬ੍ਰਿਛਾਂ ਅਤੇ ਜਾਨਵਰਾਂ ਬਾਰੇ ਅਤਿ ਸੁੰਦਰ ਧਾਰਾ ਜਨਮ ਲੈਂਦੀ ਹੈ। ਜਿਸ ਦਾ ਜੀਵਨ ਵਿੱਚ ਦਰਜਾ ਤੇ ਥਾਂ ਹੈ, ਇਸ ਦਾ ਦੇਵਪੁਣ ਨਾਲ ਵਿਸ਼ੇਸ਼ ਸੰਬੰਧ ਹੈ।"1

ਆਪਣੀ ਸ਼ਿਕਾਰੀ ਅਵਸਥਾ ਤੋਂ ਪਹਿਲਾਂ ਹਜ਼ਾਰਾਂ ਸਦੀਆਂ ਤੱਕ ਮਨੁੱਖ ਭੋਜਨ ਬਟੋਰਨ ਦੀ ਸਥਿਤੀ ਵਿੱਚ ਰਿਹਾ ਹੈ। ਉਹ ਇਹਨਾਂ ਰੁੱਖ-ਪੌਦਿਆਂ ਦੇ ਕੰਦ-ਮੂਲ ਤੇ ਫੁੱਲ-ਫ਼ਲ ਖਾ ਕੇ ਹੀ ਗੁਜ਼ਾਰਾ ਕਰਦਾ ਰਿਹਾ ਹੈ। ਇਸ ਕਰਕੇ ਹੀ ਧਰਤੀ ਤੇ ਪਾਣੀ ਤੋਂ ਬਾਅਦ ਮਨੁੱਖੀ ਜੀਵਨ ਦੀ ਮੁੱਢਲੀ ਨਿਰਭਰਤਾ ਬਨਸਪਤੀ ਉੱਪਰ ਰਹੀ ਹੈ। ਇਹਨਾਂ ਰੁੱਖ-ਪੌਦਿਆਂ ਨੂੰ ਮਨੁੱਖ ਮਾਨਵੀ ਰੂਪ ਵਿੱਚ ਆਪਣੀ ਸਮਰੂਪੀ ਹੋਂਦ ਵਜੋਂ ਸੰਕਲਪਦਾ ਰਿਹਾ ਹੈ। ਪ੍ਰਾਚੀਨ ਮਨੁੱਖ ਦੀ ਆਰੰਭਿਕ ਚੇਤਨਾ ਦਾ ਰੂਪ ਜੀਵਵਾਦੀ ਸੀ। ਉਸ ਲਈ ਕੁਦਰਤ ਅਤੇ ਆਪਣੇ ਆਲੇ-ਦੁਆਲੇ ਦੀ ਹਰ ਵਸਤੂ ਤੇ ਵਰਤਾਰਾ ਇੱਕ ਜੀਵਿੰਤ ਸੱਤਾ ਸੀ। ਇਸ ਕਰਕੇ ਉਸਨੇ ਰੁੱਖ-ਪੌਦਿਆਂ ਨੂੰ ਮਾਨਵੀ ਰੂਪ ਵਿੱਚ ਸੰਕਲਪਿਆ। "ਮਨੁੱਖ ਨੇ ਪਹਿਲੀਆਂ ਗੱਲਾਂ ਬ੍ਰਿਛਾਂ ਨਾਲ ਹੀ ਕੀਤੀਆ। ਆਪਣੇ ਦੁੱਖ-ਦਰਦ ਦੱਸੇ। ਆਪਣੀ ਭੁੱਖ-ਮਿਟਾਣ ਲਈ ਫੁੱਲ-ਫ਼ਲ ਨੂੰ ਹੀ ਆਪਣੀ ਖੁਰਾਕ ਬਣਾਇਆ। ਚੇਤਨਾ ਦੀ ਜਿਹੜੀ ਕਣੀ ਉਹ ਆਪਣੇ ਅੰਦਰ ਅਨੁਭਵ ਕਰਦਾ ਸੀ, ਉਹ ਚੇਤਨਾ ਸ੍ਰਿਸਟੀ ਦੀ ਹਰ ਵਸਤੂ ਵਿੱਚੋਂ ਵੀ ਉਸਨੂੰ ਅਹਿਸਾਸ ਹੋਣ ਲੱਗੀ, ਫ਼ਲਾਂ ਵਿੱਚ ਬ੍ਰਿਛਾਂ ਵਿੱਚ ਵੀ।"2

ਮਾਨਵ ਵਿਗਿਆਨੀਆਂ ਦਾ ਅਨੁਮਾਨ ਹੈ ਕਿ ਅੱਜ ਤੋਂ ਦਸ ਹਜ਼ਾਰ ਸਾਲ ਪਹਿਲਾਂ ਮਨੁੱਖ ਨੇ ਖੇਤੀ ਦੀ ਕਾਢ ਕੱਢ ਲਈ ਸੀ। ਖੇਤੀ ਦੀ ਕਾਢ ਤੋਂ ਬਾਅਦ ਮਨੁੱਖ ਆਪਣੇ ਚੌਗਿਰਦੇ ਦੀ ਬਨਸਪਤੀ ਨਾਲ ਹੋਰ ਵੀ ਸੰਘਣੀ ਤਰ੍ਹਾਂ ਜੁੜ ਗਿਆ। ਖੇਤੀ ਦੀ ਕਾਢ ਤੋਂ ਬਾਅਦ ਹੀ ਮਨੁੱਖ ਨੇ ਧਰਤੀ ਨੂੰ ਮਾਤਾ ਦੇ ਰੂਪ ਵਿੱਚ ਸੰਕਲਪਨਾ ਦੇਣੀ ਸ਼ੁਰੂ ਕੀਤੀ।

ਸਭਿਅਤਾ ਦੇ ਵਿਕਾਸ ਨਾਲ ਮਨੁੱਖ ਨੇ ਆਪਣੀ ਕਬਾਇਲੀ ਜੀਵਨ ਅਵਸਥਾ ਦੌਰਾਨ ਟੋਟਮ ਤੇ ਟੈਬੂ ਦੀ ਸਿਰਜਨਾ ਕੀਤੀ। ਆਰੰਭਲੇ ਦੌਰ ਵਿੱਚ ਮਾਨਵ ਜੜ੍ਹ ਵਸਤੂਆਂ ਬਨਸਪਤੀ ਤੇ ਪ੍ਰਕਿਰਤੀ ਵਿੱਚ ਆਤਮ ਤੱਤ ਨੂੰ ਮੰਨਦੇ ਹੋਏ ਲੋੜ ਅਨੁਸਾਰ ਇਹਨਾਂ ਨੂੰ ਪਤਿਆਉਂਦਾ ਰਹਿੰਦਾ ਸੀ। ਇਸ ਤੋਂ ਧਰਮ ਦੀ ਨੀਂਹ ਬੱਝੀ। ਟੋਟਮ ਚਿੰਨ੍ਹ ਦੀ ਪੂਜਾ ਵੀ ਇਸੇ ਦਾ ਪਾਸਾਰ ਹੈ। "ਵੈਦਿਕ ਸਾਹਿਤ ਵਿੱਚ ਪੌਦਿਆਂ ਅੱਗੇ ਚੜ੍ਹਾਵੇ ਚੜ੍ਹਾਉਣ ਅਤੇ ਬਰਾਤ ਦੇ ਲੱਗਣ ਸਮੇਂ ਰਸਤੇ ਵਿੱਚ ਵੱਡੇ-ਵੱਡੇ ਦਰੱਖ਼ਤਾਂ ਦੀ ਪੂਜਾ ਕਰਨ ਦਾ ਜ਼ਿਕਰ ਹੈ ਤੇ ਇਹ ਟੋਟਮ ਵੱਲ ਸੰਕੇਤ ਹੈ।"3 ਟੋਟਮ ਤੇ ਟੈਬੂ ਹਰੇਕ ਕਬੀਲੇ ਦੇ ਆਪਸ ਵਿੱਚ ਸਾਂਝੇ ਹੁੰਦੇ ਹਨ। ਆਪਣੇ ਆਲੇ-ਦੁਆਲੇ ਦੀ ਪ੍ਰਕਿਰਤੀ ਵਿੱਚ ਮਿਲਦੇ ਰੁੱਖ-ਪੌਦਿਆਂ ਨੂੰ ਇਹਨਾਂ ਕਬੀਲਿਆਂ ਨੇ ਆਪਣੇ ਪੂਜਾ ਚਿੰਨ੍ਹ ਵਜੋਂ ਸਥਾਪਿਤ ਕਰਨਾ ਆਰੰਭ ਕਰ ਦਿੱਤਾ। ਪੰਜਾਬ ਦੇ ਲੋਕ ਧਰਮ ਵਿੱਚ ਜਿਹੜੇ ਰੁੱਖ-ਪੌਦੇ ਪੂਜਾ ਚਿੰਨ੍ਹ ਵਜੋਂ ਸ਼ਾਮਿਲ ਹਨ, ਉਹ ਉਸ ਸਮੇਂ ਦੇ ਕਬੀਲਿਆਂ ਦੀ ਅਜਿਹੇ ਪੌਦਿਆਂ ਨਾਲ ਜਾਦੂਈ ਸਾਂਝ

ਦੇ ਸੂਚਕ ਹਨ। ਟੋਟਮ ਦੀ ਸਾਂਝ ਕਰਕੇ ਹੀ ਕਬੀਲੇ ਦੇ ਸਾਰੇ ਲੋਕ ਆਪਣੇ-ਆਪ ਨੂੰ ਇੱਕ-ਦੂਜੇ ਨਾਲ ਸਾਂਝ ਅਤੇ ਜੋੜਮੇਲ ਦੇ ਸੂਤਰ ਵਿੱਚ ਬੱਝੇ ਹੋਏ ਮਹਿਸੂਸ ਕਰਦੇ ਸਨ। ਸਮੁੱਚਾ ਭਾਈਚਾਰਾ ਜਾਂ ਕਬੀਲਾਂ ਟੋਟਮ ਚਿੰਨ੍ਹਾਂ ਕਾਰਨ ਆਪਣੇ-ਆਪ ਨੂੰ ਰਹੱਸਮਈ ਸਾਂਝ ਵਿੱਚ ਬੱਝਿਆ ਹੋਇਆ ਮੰਨਦਾ ਸੀ। ਇਸ ਕਰਕੇ ਸਾਂਝੇ ਟੋਟਮ ਤੇ ਟੈਬੂ ਦੇ ਕਾਰਨ ਹੀ ਇੱਕ ਕਬੀਲਾ ਸਾਂਝੇ ਵਿਸ਼ਵਾਸ ਦੀ ਲੜੀ ਅਤੇ ਜੀਵਨ ਜਿਉਣ ਦੀ ਜੁਗਤ ਵਿੱਚ ਪਰੋਇਆ ਰਹਿੰਦਾ ਸੀ। ਕੁਝ ਰੁੱਖ-ਪੌਦਿਆਂ ਦੀ ਪੂਜਾ ਗੋਤਰ ਚਿੰਨ੍ਹਾਂ ਵਜੋਂ ਵੀ ਕੀਤੀ ਜਾਂਦੀ ਹੈ ਜਿਵੇਂ ਡਾ. ਵਣਜਾਰਾ ਬੇਦੀ ਨੇ ਲੋਕ ਧਰਮ ਪੁਸਤਕ ਵਿੱਚ ਅਰੋੜਿਆਂ ਵਿੱਚ ਚਾਵਲ, ਘੀਆਂ, ਜੰਡਵਾਲ, ਕਸਤੂਰੀ, ਮਹਿੰਦੀਰਤਾ ਆਦਿ ਗੋਤਰ ਚਿੰਨ੍ਹਾਂ ਦੀ ਚਰਚਾ ਕੀਤੀ ਹੈ। ਪੰਜਾਬ ਵਿੱਚ ਰੁੱਖ-ਪੌਦਿਆਂ ਦੀ ਪੂਜਾ ਸਿਰਫ਼ ਟੋਟਮਵਾਦ ਕਰਕੇ ਹੀ ਨਹੀਂ ਕੀਤੀ ਜਾਂਦੀ ਸਗੋਂ ਰੁੱਖ-ਪੌਦਿਆਂ ਨਾਲ ਜੁੜੀਆਂ ਹੋਈਆਂ ਪੌਰਾਣਿਕ ਭਾਵਨਾਵਾਂ ਕਰਕੇ ਇਹਨਾਂ ਰੁੱਖ-ਪੌਦਿਆਂ ਨਾਲ ਸੰਬੰਧਿਤ ਦੇਵੀ-ਦੇਵਤਿਆਂ ਤੇ ਉਹਨਾਂ ਪ੍ਰਤੀ ਸ਼ਰਧਾ ਦਾ ਫ਼ਲ ਵੀ ਹੈ।

ਮਨੁੱਖ ਲਈ ਪ੍ਰਕਿਰਤੀ ਦਾ ਹਰ ਵਰਤਾਰਾ ਤੇ ਵਸਤੂ ਸੱਭਿਆਤਾਵਾਂ ਦੇ ਵਿਕਾਸ ਦੇ ਨਿਵੇਰੇ ਅਤੇ ਮੁੱਢਲੇ ਪੜਾਅ 'ਤੇ ਰਹੱਸ ਭਰਿਆ ਸੀ। ਪਰਾ-ਇਤਿਹਾਸਕ ਕਾਲ ਤੋਂ ਹੀ ਪੰਜਾਬ ਵਿੱਚ ਰੁੱਖ-ਪੌਦਿਆਂ ਦੀ ਪੂਜਾ ਚੱਲੀ ਆ ਰਹੀ ਹੈ। ਇਸ ਪੂਜਾ ਦਾ ਆਰੰਭ ਕਿਸ ਸਮੇਂ ਜਾਂ ਕਦੋਂ ਹੋਇਆ ਨਿਸ਼ਚੇ ਨਾਲ ਇਸ ਬਾਰੇ ਕੁਝ ਕਿਹਾ ਨਹੀਂ ਜਾ ਸਕਦਾ। ਮਾਨਵ ਵਿਗਿਆਨੀਆਂ ਦਾ ਮੰਨਣਾ ਹੈ ਕਿ ਬਨਸਪਤੀ ਦੀ ਪੂਜਾ ਦਾ ਮੁੱਢ ਸਰਵ-ਚੇਤਨਾਵਾਦ ਦੇ ਸਿਧਾਂਤ ਨਾਲ ਹੀ ਬੱਝਾ ਹੋਵੇਗਾ। ਰੁੱਖ-ਪੌਦਿਆਂ ਦੀ ਪੂਜਾ ਨਾਲ ਸੰਬੰਧਿਤ ਰੂੜ੍ਹੀਆਂ ਪੰਜਾਬ ਦੇ ਲੋਕ ਧਰਮ ਵਿੱਚ ਪੂਰਵ ਆਰੀਅਨ ਜੀਵਨ ਵਿਵਸਥਾ ਵੱਲ ਸੰਕੇਤ ਕਰਦੀਆਂ ਹਨ, "ਪੰਜਾਬ ਵਿੱਚ ਆਰੀਆ ਜਾਤੀ ਦੇ ਆਉਣ ਤੋਂ ਪਹਿਲਾਂ ਦਰਾਵੜ ਜਾਤੀਆਂ ਵਿੱਚ ਰੁੱਖ ਪੂਜਾ ਪ੍ਰਚੱਲਿਤ ਸੀ। ਇਹਨਾਂ ਦੇ ਪ੍ਰਮਾਣ ਹੜੱਪਾ ਸੰਸਕ੍ਰਿਤੀ ਦੀਆਂ ਥੇਹਾਂ ਤੋਂ ਮਿਲਦੀਆਂ ਠੀਕਰ ਮੋਹਰਾਂ ਤੋਂ ਮਿਲਦੇ ਹਨ।"4

ਬਨਸਪਤੀ ਦੀ ਪੂਜਾ ਪੰਜਾਬ ਦੇ ਲੋਕ ਧਰਮ ਵਿੱਚ ਪੂਰਵ ਵੈਦਿਕ ਕਾਲ ਵਿੱਚ ਹੀ ਆਰੰਭ ਹੋ ਗਈ ਸੀ। ਇਹਨਾਂ ਬ੍ਰਿਛਾਂ-ਬੂਟਿਆਂ ਦੀ ਮਹਿਮਾ ਦਾ ਭਰਪੂਰ ਰੂਪ ਵਿੱਚ ਵਰਣਨ ਬਾਅਦ ਵਿੱਚ ਰਚੇ ਗਏ ਉੱਤਰ ਵੈਦਿਕ ਸਾਹਿਤ ਵਿੱਚ ਵੀ ਹੋਇਆ ਮਿਲਦਾ ਹੈ ਜਿੰਨ੍ਹਾਂ ਸੰਬੰਧੀ ਸੈਂਕੜੇ ਮੰਤਰ ਉਚਾਰੇ ਗਏ ਮਿਲਦੇ ਹਨ।

ਮਨੁੱਖੀ ਸੱਭਿਆਚਾਰ ਦੇ ਵਿਕਾਸ ਵਿੱਚ ਵੀ ਰੁੱਖਾਂ ਦਾ ਵਿਸ਼ੇਸ਼ ਯੋਗਦਾਨ ਹੈ। ਰੁੱਖ-ਪੌਦੇ ਮਨੁੱਖ ਨੂੰ ਕੁਦਰਤ ਦੀ ਇੱਕ ਅਨੋਖੀ ਦੇਣ ਹਨ। ਰੁੱਖਾਂ ਤੋਂ ਬਿਨ੍ਹਾਂ ਮਨੁੱਖ ਤਾਂ ਕੀ ਕਿਸੇ ਵੀ ਜੀਵ-ਜੰਤੂ ਦੀ ਧਰਤੀ ਤੇ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਵਿਗਿਆਨ ਵੀ ਇਸ ਗੱਲ ਨੂੰ ਸਾਬਿਤ ਕਰ ਚੁੱਕੀ ਹੈ ਕਿ ਰੁੱਖਾਂ ਦੇ ਬਦੌਲਤ ਹੀ ਸਾਡੇ ਸਾਹ ਹਨ। ਰੁੱਖ-ਪੌਦੇ ਭਾਈਚਾਰਕ ਸਾਂਝ ਪੈਦਾ ਕਰਨ ਦਾ ਵੱਡਾ ਵਸੀਲਾ ਹਨ। ਪ੍ਰਾਚੀਨ ਸਮੇਂ ਵਿੱਚ ਲੋਕ ਗਰਮੀ ਤੋਂ ਬਚਣ ਲਈ ਹਾੜ ਦੇ ਤਪਦੇ ਦੁਪਹਿਰੇ ਰੁੱਖਾਂ ਹੇਠ ਹੀ ਕੱਟਦੇ ਸਨ। ਪਿੰਡ ਦੇ ਸਾਂਝੇ ਕੰਮਾਂ ਜਾਂ ਵਿਸ਼ੇਸ਼ ਫ਼ੈਸਲਿਆਂ ਲਈ ਰੁੱਖਾਂ ਹੇਠ ਹੀ ਇਕੱਠ ਕੀਤਾ ਜਾਂਦਾ ਸੀ। ਪਿੰਡਾਂ ਦੀਆਂ ਪੰਚਾਇਤਾਂ ਦੁਆਰਾ ਸਮੱਸਿਆਵਾਂ ਦੇ ਹੱਲ ਇੱਥੇ ਹੀ ਸੁਲਝਾਏ ਜਾਂਦੇ ਸਨ। ਰੁੱਖ-ਪੌਦੇ ਸਾਂਝ ਦਾ ਪ੍ਰਤੀਕ ਵੀ ਹਨ ਕਿਉਂਕਿ ਪਿੰਡਾਂ ਦੇ ਬਜ਼ੁਰਗ ਇੱਥੇ ਹੀ ਬੈਠ ਕੇ ਵਿਚਾਰ-ਵਟਾਂਦਰਾ ਕਰਕੇ ਆਪਣੇ ਭਾਵਾਂ ਦੀ ਅਭਿਵਿਅਕਤੀ ਕਰਦੇ ਹਨ। ਇਹ ਜਗ੍ਹਾਂ ਉਨ੍ਹਾਂ ਦੇ ਭਾਵਾਂ ਨੂੰ ਕਥਾਰਸਿਸ ਕਰਨ ਅਤੇ ਆਪਸ ਵਿੱਚ ਮਿਲ ਕੇ ਇੱਕ ਦੂਸਰੇ ਦੇ ਦਿਲ ਦੀਆਂ ਭਾਵਨਾਵਾਂ ਨੂੰ ਸਮਝਣ ਵਿੱਚ ਵੀ ਸਹਾਈ ਹੁੰਦੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਰੁੱਖ-ਪੌਦੇ ਕਿਸੇ ਵਿਸ਼ੇਸ਼ ਸਮਾਜ ਸਮੂਹ ਦੇ ਜੀਵਨ ਵਿਹਾਰ ਨੂੰ ਸਮਝਣ ਲਈ ਕੇਂਦਰ ਬਿੰਦੂ ਵੀ ਹਨ। ਲੋਕਾਂ ਦੇ ਰੋਜ਼ਾਨਾ ਜੀਵਨ ਦਾ ਅੰਗ ਬਣਨ ਕਰਕੇ ਹੌਲੀ-ਹੌਲੀ ਇਹ ਉਨ੍ਹਾਂ ਲਈ ਸ਼ਰਧਾ ਦਾ ਪਾਤਰ ਬਣ ਗਏ। ਪੰਜਾਬ ਦੇ ਪਿੰਡਾਂ ਦੀ ਸੱਭਿਆਚਾਰਕ ਬਣਤਰ ਵਿੱਚ ਰੁੱਖ-ਪੌਦਿਆਂ ਦੀ ਵਿਸ਼ੇਸ਼ ਥਾਂ ਹੈ। ਮਨੁੱਖ ਲਈ ਸੁੱਖ ਦੇਣ ਵਾਲੇ, ਰੋਗ ਰਹਿਤ ਰੱਖਣ ਵਾਲੇ ਅਤੇ ਖਾਣ ਲਈ ਫ਼ਲ ਦੇਣ ਵਾਲੇ ਰੁੱਖ ਹੀ ਅੱਗੇ ਚੱਲ ਕੇ ਪੂਜਾ ਦਾ ਚਿੰਨ੍ਹ ਬਣੇ। ਇਹਨਾਂ ਰੁੱਖ-ਪੌਦਿਆਂ ਨੂੰ ਮਨੁੱਖ ਨੇ ਵਿਸ਼ੇਸ਼ ਪ੍ਰਕਾਰ ਦੇ ਦੇਵੀ-ਦੇਵਤਿਆਂ ਨਾਲ ਸੰਬੰਧਿਤ ਕਰਨਾ ਆਰੰਭ ਕਰ ਦਿੱਤਾ। ਇਸ ਕਰਕੇ ਹੀ ਅਜਿਹੇ ਰੁੱਖ-ਪੌਦੇ ਦੇਵ-ਆਤਮਾਵਾਂ ਦੇ ਰੂਪ ਵਿੱਚ ਸੰਕਲਪੇ ਜਾਣ ਲੱਗੇ। ਇਸ ਕਰਕੇ ਬਨਸਪਤੀ ਪੁਰਾਤਨ ਸਮੇਂ ਤੋਂ ਹੀ ਪੂਜਾ ਦੇ ਪੱਖੋਂ ਲੋਕ ਧਰਮ ਦਾ ਅੰਗ ਬਣੀ ਰਹੀ ਹੈ। ਹੋਰ ਅਨੇਕਾਂ ਗੁਣਾਂ ਤੋਂ ਇਲਾਵਾਂ ਰੁੱਖ-ਪੌਦੇ ਮਨੁੱਖ ਦੀਆਂ ਰੂਹਾਨੀ ਜਾਂ ਆਤਮਿਕ ਲੋੜਾਂ ਦੀ ਪੂਰਤੀ ਵੀ ਕਰਦੇ ਹਨ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿੱਚ ਵੀ ਰੁੱਖ ਪੂਜਾ ਲੋਕਮਨ ਦਾ ਹਿੱਸਾ ਬਣੀ ਹੋਈ ਹੈ। ਰੁੱਖ-ਪੌਦਿਆ ਨਾਲ ਜੁੜੀਆ ਹੋਈਆਂ ਮਿੱਥਕ-ਕਥਾਵਾਂ ਵੀ ਇਸਨੂੰ ਪੂਜਣਯੋਗ ਬਣਾਉਂਦੀਆਂ ਹਨ।

ਮਨੁੱਖ ਦਾ ਜਨਮ ਤੋਂ ਲੈ ਕੇ ਮਰਨ ਤੱਕ ਦਾ ਰਿਸ਼ਤਾ ਵੀ ਬਨਸਪਤੀ ਨਾਲ ਜੁੜਿਆ ਹੋਇਆ ਹੈ। ਬਹੁਤ ਸਾਰੇ ਕਰਮ-ਕਾਂਡ ਅਜਿਹੇ ਹਨ ਜੋ ਰੁੱਖ-ਪੌਦਿਆਂ ਨਾਲ ਹੀ ਸੰਪੂਰਨ ਹੁੰਦੇ ਹਨ। ਬੱਚਾ ਨਾ ਹੋਣ ਦੀ ਸੂਰਤ ਵਿੱਚ ਕਿਸੇ ਫ਼ਲਦਾਰ ਦਰੱਖ਼ਤ ਥੱਲੇ ਨਹਾਉਣਾ, ਬੱਚੇ ਦੇ ਸੋਕੜੇ ਦੇ ਇਲਾਜ ਲਈ ਅੱਕ ਦੇ ਬੂਟੇ ਨਾਲ ਅਨੇਕਾਂ ਪ੍ਰਕਾਰ ਦੇ ਕਰਮ-ਕਾਂਡ ਕਰਨੇ ਅਤੇ ਸੱਤ ਦਰੱਖ਼ਤਾਂ ਦੇ ਪੱਤੇ ਲੈ ਕੇ ਟੂਣੇ-ਟਾਮਣ ਕਰਨੇ ਆਦਿ। ਮਾਨਵੀ ਰੀਤੀ-ਰਿਵਾਜਾਂ ਦਾ ਬਹੁਤ ਸਾਰਾ ਹਿੱਸਾ

ਇਹਨਾਂ ਨਾਲ ਜੁੜਿਆ ਹੋਇਆ ਹੈ। ਇਸ ਕਰਕੇ ਬਨਸਪਤੀ ਸਾਡੀਆਂ ਰਹੁ-ਰੀਤਾਂ ਦਾ ਅੰਗ ਵੀ ਬਣੀ ਹੋਈ ਹੈ। ਆਰੰਭਲੇ ਦੌਰ ਵਿੱਚ ਮਨੁੱਖ ਨੂੰ ਗਿਆਨ ਦੀ ਘਾਟ ਹੋਣ ਕਰਕੇ ਉਸਨੇ ਕੁਦਰਤੀ ਵਰਤਾਰਿਆਂ ਵਿੱਚ ਅਧਭੌਤਿਕ ਸ਼ਕਤੀਆਂ ਦੀ ਕਲਪਨਾ ਕਰਨੀ ਸ਼ੁਰੂ ਕਰ ਦਿੱਤੀ। ਉਸਨੇ ਇਹਨਾਂ ਅਲੌਕਿਕ ਸ਼ਕਤੀਆਂ ਦੇ ਮਾੜੇ ਪ੍ਰਭਾਵ ਨੂੰ ਖ਼ਤਮ ਕਰਨ ਲਈ ਜਾਂ ਇਹਨਾਂ ਨੂੰ ਆਪਣੇ ਵੱਸ ਵਿੱਚ ਕਰਨ ਦੇ ਪ੍ਰਯਤਨ ਵਜੋਂ ਇਹਨਾਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਜਿਸਦੇ ਸੰਦਰਭ ਵਿੱਚੋਂ ਰਹੁ-ਰੀਤਾਂ ਦਾ ਉਦਭਵ ਹੋਇਆ। ਸਮੁੱਚੇ ਭਾਈਚਾਰੇ ਦੇ ਲੋਕ ਸਮੂਹ ਨੇ ਜਦੋਂ ਅਜਿਹੇ ਰੀਤੀ-ਰਿਵਾਜਾਂ ਨੂੰ ਨਿਭਾਉਣਾ ਸ਼ੁਰੂ ਕੀਤਾਂ ਤਾਂ ਇਹ ਸਮੁੱਚੇ ਸਮਾਜਿਕ ਵਰਗ ਲਈ ਜ਼ਰੂਰੀ ਸਮਝੇ ਜਾਣ ਲੱਗੇ। ਬਨਸਪਤੀ ਦੀ ਸੱਭਿਅਕ ਵਰਤਾਰੇ ਵਿੱਚ ਮਹੱਤਵਪੂਰਨ ਭੂਮਿਕਾ ਰਹੀ ਹੈ ਕਿਉਂਕਿ ਇਹੋ ਜਿਹੀਆਂ ਬਹੁਤ ਸਾਰੀਆਂ ਰੀਤਾਂ ਹਨ ਜਿਨ੍ਹਾਂ ਦਾ ਭਾਰ ਰੁੱਖ ਝੱਲਦੇ ਹਨ। ਜਨਮ ਤੋਂ ਲੈ ਕੇ ਮੌਤ ਤੱਕ ਦੇ ਸੰਸਕਾਰਾਂ ਤੋਂ ਬਿਨ੍ਹਾਂ ਤਿੱਥ-ਤਿਉਹਾਰਾਂ ਦੇ ਮੌਕਿਆਂ ਉੱਪਰ ਨਿਭਾਈਆਂ ਜਾਂਦੀਆਂ ਰੀਤਾਂ ਵਿੱਚ ਵੀ ਬਨਸਪਤੀ ਖਾਸ ਭੂਮਿਕਾ ਨਿਭਾਉਂਦੀ ਹੈ। ਬਹੁਤ ਸਾਰੇ ਰੀਤੀ-ਰਿਵਾਜ ਅੱਗ, ਲੋਹੇ, ਪਾਣੀ, ਅਨਾਜ ਅਤੇ ਰੁੱਖ-ਪੌਦਿਆਂ ਦੀਆਂ ਟਹਿਣੀਆਂ ਆਦਿ ਸਮੱਗਰੀ ਰਾਹੀਂ ਨੇਪਰੇ ਚਾੜ੍ਹੇ ਜਾਂਦੇ ਹਨ। ਅਗਨੀ ਚਾਨਣ ਦਾ ਪ੍ਰਤੀਕ ਹੈ, ਲੋਹਾ ਬਚਾਉ ਦਾ, ਪਾਣੀ ਸ਼ੁੱਧਤਾਂ ਦਾ ਅਨਾਜ ਚੜ੍ਹਾਵੇ ਦਾ ਅਤੇ ਰੁੱਖਾਂ ਦੀਆਂ ਟਾਹਣੀਆਂ ਚੰਗੇ ਸ਼ਗਨਾਂ ਦਾ ਸੂਚਕ ਮੰਨੀਆ ਜਾਂਦੀਆਂ ਹਨ। ਉਪਜਾਇਕਤਾ ਨਾਲ ਸੰਬੰਧਤ ਰੀਤਾ ਵਿੱਚ ਬਨਸਪਤੀ ਦੀ ਵਰਤੋਂ ਖਾਸ ਤੌਰ ਤੇ ਕੀਤੀ ਜਾਂਦੀ ਹੈ। ਰੀਤੀ-ਰਿਵਾਜ ਪੰਜਾਬੀ ਸੱਭਿਆਚਾਰਕ ਰੂੜ੍ਹੀਆਂ ਦਾ ਮੁਜੱਸਮਾ ਹਨ। ਕਿਸੇ ਵੀ ਸੱਭਿਆਚਾਰ ਦੀ ਅਮੀਰੀ ਦਾ ਅੰਦਾਜ਼ਾ ਸੱਭਿਆਚਾਰਕ ਕਦਰਾਂ-ਕੀਮਤਾਂ ਅਤੇ ਰਹੁ-ਰੀਤਾਂ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਹ ਸਮਾਜਿਕ ਜੀਵਨ ਦਾ ਅਹਿਮ ਹਿੱਸਾ ਹਨ। ਬਨਸਪਤੀ ਨਾਲ ਸੰਬੰਧਿਤ ਰਹੁ-ਰੀਤਾਂ ਦਾ ਅਧਿਐਨ ਸਮੁੱਚੇ ਸੱਭਿਆਚਾਰਕ ਵਰਤਾਰਿਆਂ ਨੂੰ ਜਾਣਨ ਲਈ ਜ਼ਰੂਰੀ ਅੰਗ ਹੈ। ਰੀਤੀ-ਰਿਵਾਜਾਂ ਦਾ ਮੂਲ ਪ੍ਰਯੋਜਨ ਭਾਈਚਾਰਕ ਸੰਬੰਧਾਂ ਨੂੰ ਮਜ਼ਬੂਤ ਬਣਾਉਣਾ ਹੁੰਦਾ ਹੈ।

ਮਨੁੱਖੀ ਜੀਵਨ ਨਾਲ ਬਨਸਪਤੀ ਦੀ ਗਹਿਰੀ ਸਾਂਝ ਹੋਣ ਕਰਕੇ ਇਸਦਾ ਜ਼ਿਕਰ ਲੋਕ ਸਾਹਿਤ ਦੇ ਭਿੰਨ-ਭਿੰਨ ਰੂਪਾਂ ਜਿਵੇਂ ਲੋਕ ਕਾਵਿ, ਕਥਾ-ਕਹਾਣੀਆਂ, ਅਖਾਣਾਂ, ਬੁਝਾਰਤਾਂ ਅਤੇ ਮੁਹਾਵਰਿਆਂ ਵਿੱਚ ਸਹਿਜੇ ਹੀ ਆ ਜਾਂਦਾ ਹੈ। ਲੋਕ ਸਾਹਿਤ ਵਿੱਚ ਬਨਸਪਤੀ ਦਾ ਜ਼ਿਕਰ ਬੜੀ ਬਾਰੀਕੀ ਨਾਲ ਕੀਤਾ ਗਿਆ ਮਿਲਦਾ ਹੈ। ਬਨਸਪਤੀ ਸਾਡੇ ਸਮਾਜ ਸੱਭਿਆਚਾਰ ਦਾ ਖ਼ਾਸ ਹਿੱਸਾ ਬਣ ਗਈ ਹੈ। ਬਨਸਪਤੀ ਲੋਕ ਕਾਵਿ ਦੇ ਪ੍ਰਸਿੱਧ ਰੂਪਾਂ ਜਿਵੇਂ ਲੋਕਗੀਤਾਂ, ਲੋਕ ਬੋਲੀਆਂ ਅਤੇ ਟੱਪਿਆਂ ਵਿੱਚ ਵੀ ਆਪਣੀ ਸਰਦਾਰੀ ਕਾਇਮ ਰੱਖਦੀ ਹੈ ਜਿਵੇਂ:

ਮਾਰ ਗਈ ਨੂੰ ਰੁੱਖ ਰੋਣਗੇ,
ਅੱਕ, ਢੱਕ ਤੇ ਕਰੀਰ, ਜੰਡ, ਬੇਰੀਆਂ।

ਅੱਕ ਤੋਂ ਲੈ ਕੇ ਬੋਹੜ ਤੱਕ ਦੇ ਦਰੱਖ਼ਤਾਂ ਨੂੰ ਲੋਕ ਸਾਹਿਤ ਨੇ ਆਪਣੇ ਕਲੇਵਰ ਵਿੱਚ ਲਿਆ ਹੋਇਆ ਹੈ। ਇਸਤੋਂ ਇਲਾਵਾ ਫ਼ਸਲਾਂ, ਅਨਾਜਾਂ, ਸਬਜ਼ੀਆਂ ਫੁੱਲਾਂ ਅਤੇ ਫ਼ਲਾਂ ਤੱਕ ਦਾ ਵਰਣਨ ਵੀ ਲੋਕ ਸਾਹਿਤ ਵਿੱਚੋਂ ਸਹਿਜੇ ਹੀ ਮਿਲ ਜਾਂਦਾ ਹੈ।

ਸਾਰ ਰੂਪ ਵਿੱਚ ਕਹਿ ਸਕਦੇ ਹਾਂ ਕਿ ਪੰਜਾਬ ਦੀ ਬਨਸਪਤੀ ਪੰਜਾਬੀ ਸੱਭਿਆਚਾਰ ਵਿੱਚ ਸੱਭਿਆਚਾਰਕ ਅਤੇ ਲੋਕ ਧਾਰਮਿਕ ਪ੍ਰਸੰਗ ਤੋਂ ਵਿਸ਼ੇਸ਼ ਮਹੱਤਤਾ ਦੀ ਧਾਰਨੀ ਹੈ। ਬਨਸਪਤੀ ਮਨੁੱਖ ਦੇ ਸਮੁੱਚੇ ਜੀਵਨ ਅਤੇ ਰਹਿਣ-ਸਹਿਣ ਵਿੱਚ ਜਿੱਥੇ ਪਦਾਰਥਕ ਰੂਪ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਉਂਦੀ ਹੈ, ਉੱਥੇ ਹੀ ਮਨੁੱਖੀ ਅਵਚੇਤਨ ਨਾਲ ਵੀ ਇਹ ਬਹੁਤ ਗਹਿਰਾ ਸੰਬੰਧ ਰੱਖਦੀ ਹੈ। ਇਸ ਕਰਕੇ ਹੀ ਬਨਸਪਤੀ ਨਾਲ ਬਹੁਤ ਸਾਰੇ ਲੋਕ ਵਿਸ਼ਵਾਸ ਅਤੇ ਧਾਰਮਿਕ ਅਕੀਦੇ ਜੁੜੇ ਹੋਏ ਹਨ। ਇਸਦੀ ਪੂਜਾ ਦਾ ਸੰਬੰਧ ਚਿਕਿਤਸਕ ਪ੍ਰਣਾਲੀ ਨਾਲ ਵੀ ਜੁੜਦਾ ਹੈ। ਕਿਉਂਕਿ ਰੁੱਖ-ਪੌਦਿਆਂ ਵਿੱਚ ਅਜਿਹੇ ਗੁਣ ਵਿਦਮਾਨ ਹਨ ਜਿਹੜੇ ਮਨੁੱਖੀ ਸਰੀਰ ਨੂੰ ਲੱਗਣ ਵਾਲੇ ਬਹੁਤ ਸਾਰੇ ਰੋਗਾਂ ਦਾ ਉਪਚਾਰ ਕਰਦੇ ਹਨ। ਇਸ ਕਰਕੇ ਬਨਸਪਤੀ ਸਿਰਫ਼ ਵਾਤਾਵਰਣ ਦੀ ਸ਼ੁੱਧਤਾ ਅਨੁਕੂਲਨ ਲਈ ਹੀ ਮਹੱਤਵਪੂਰਨ ਨਹੀਂ ਸਗੋਂ ਇਸਦੀ ਸਮਾਜ ਵਿੱਚ ਸੱਭਿਆਚਾਰਕ ਅਤੇ ਧਾਰਮਿਕ ਕੀਮਤ ਵੀ ਬਣਦੀ ਹੈ। ਸਮਾਜ ਵਿੱਚ ਸੱਭਿਆਚਾਰ ਵਿਚਲੀ ਬਹੁਤ ਸਾਰੀ ਲੋਕਧਾਰਾ ਲੋਕ ਸਾਹਿਤ ਦੇ ਰੂਪਾਂ ਰਾਹੀਂ ਬਨਸਪਤੀ ਬਾਰੇ ਉਸਰੀ ਹੋਈ ਮਿਲਦੀ ਹੈ। ਲੋਕ ਵਿਸ਼ਵਾਸਾਂ, ਰੀਤੀ-ਰਿਵਾਜਾਂ, ਲੋਕ ਚਿਕਿਤਸਾ ਅਤੇ ਲੋਕ ਸਾਹਿਤ ਵਿੱਚ ਬਨਸਪਤੀ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ।

### ਹਵਾਲੇ ਟਿੱਪਣੀਆਂ


1. H.A. Rose, A Glossary, P. 122.
2. ਡਾ. ਵਣਜਾਰਾ ਬੇਦੀ, ਲੋਕ ਧਰਮ, ਪੰਨਾ 57.
3. ਏਏ ਮੈਕਡੋਨਲ, ਹਿਸਟਰੀ ਆਫ਼ ਸੰਸਕ੍ਰਿਤ ਲਿਟਰੇਚਰ, ਪੰਨਾ 3.
4. ਡਾ. ਵਣਜਾਰਾ ਬੇਦੀ, ਲੋਕ ਧਰਮ, ਪੰਨਾ 58.

15ਵੀਂ ਸਦੀ 'ਚ ਮਨੁੱਖਤਾ ਨੇ ਯੁੱਗ ਪੁਰਸ਼ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਗਏ ਸੰਦੇਸ਼ ਦਾ ਨਾਦ ਸੁਣਿਆ ਜਿਹੜਾ ਚੌਹਾਂ ਕੂੰਟਾਂ ਵਿਚ ਗੂੰਜਿਆ। ਇਹ ਸੁਨੇਹਾ ਸੀ 'ਸਰਬਤ ਦਾ ਭਲਾ' ਜਿਸ ਲਈ ਮਨੁੱਖਤਾ ਦੇ ਉਪਾਸ਼ਕ, ਸਾਂਝੀਵਾਲਤਾ ਦੇ ਇਲਾਹੀ ਨੂਰ, ਪ੍ਰੇਮ ਦੇ ਵਣਜਾਰੇ, ਸਰਬਸਾਂਝੇ ਪੀਰ ਗੁਰੂ ਨਾਨਕ ਦੀ ਵਿਖਲੱਖਣ ਵਿਚਾਰਧਾਰਾ ਮਜ਼੍ਹਬਾਂ ਦੀਆਂ ਸੰਕੀਰਨ ਬੰਦਿਸ਼ਾਂ ਤੇ ਉਚ-ਨੀਚ ਦੇ ਭੇਦ ਭਾਵ ਦੀਆਂ ਤੰਗ ਵਲਗਣਾ ਤੋਂ ਕਿਤੇ ਉਤਾਂਹ ਸਰਹੱਦਾਂ ਟੱਪਦੀ ਵਿਸ਼ਵ ਭਰ ਵਿਚ ਫ਼ੈਲੀ।

ਚਹੁੰ ਕੂੰਟੀਂ ਗੂੰਜੇ ਇਸ ਪੈਗ਼ਾਮ ਵਿਚ ਕਿਰਤ ਕਰੋ, ਵੰਡ ਛਕੋ ਤੇ ਨਾਮ ਜਪੋ ਦੇ ਨਾਲ-ਨਾਲ ਪ੍ਰਮਾਤਮਾ ਇੱਕ ਹੈ ਦਾ ਸੁਨੇਹਾ ਸੀ ਜੋ ਗੁਰੂ ਨਾਨਕ ਬਾਣੀ ਵਿਚ ਗੂੰਜਿਆ। ਇਸ ਨਾਦ ਦਾ ਸਰੋਕਾਰ ਸਾਰੀ ਮਨੁੱਖਤਾ ਲਈ ਸੀ ਜਿਸ ਨੇ ਮਨੁੱਖੀ ਬਰਾਬਰੀ ਤੇ ਸਾਂਝੀਵਾਲਤਾ ਲਈ ਆਵਾਜ਼ ਬੁਲੰਦ ਕੀਤੀ। ਗੁਰੂ ਨਾਨਕ ਦੀ ਕੂਕ 'ਚ ਮਨੁੱਖੀ ਦਰਦ ਭਰੀ ਹੂਕ, ਪਹਿਲੀ ਵਾਰ ਸਮਾਜਿਕ ਬਰਾਬਰੀ ਤੇ ਲੋਕ ਹੱਕਾਂ ਦੀ ਰਾਖੀ ਲਈ ਕ੍ਰਾਂਤੀਕਾਰੀ ਲਲਕਾਰ ਸੀ।

ਗੁਰੂ ਨਾਨਕ ਦੇਵ ਜੀ ਨੇ ਜਿਸ ਸੋਚ ਤੇ ਸੰਕਲਪ ਨਾਲ ਧਰਮਾਂ, ਸਭਿਆਚਾਰਾਂ ਤੇ ਮੁਲਕਾਂ ਦੀਆਂ ਹੱਦਾਂ-ਬੰਨੇ ਟੱਪ ਕੇ ਆਪਸੀ ਸਾਂਝ ਤੇ ਸਦਭਾਵ ਸਥਾਪਤ ਕਰਨ ਲਈ ਸੰਵਾਦ ਦੀ ਪਿਰਤ ਪਾਈ, ਅੱਜ ਦੁਨੀਆਂ ਉਸੇ ਦਾ ਅਨੁਸਰਨ ਕਰ ਰਹੀ ਹੈ। ਗੁਰੂ ਨਾਨਕ ਦੇਵ ਜੀ ਦਾ ਭਾਈਚਾਰਕ ਸਾਂਝ ਦਾ ਆਦਰਸ਼ ਕਮਾਲ ਦਾ ਆਦਰਸ਼ ਹੈ:

ਗੁਰਾ ਏਕ ਦੇਹਿ ਬੁਝਾਈ॥
ਸਭਨਾ ਜੀਆ ਕਾ ਇਕੁ ਦਾਤਿ
ਸੋ ਮੈ ਵਿਸਰਿ ਨ ਜਾਈ॥

ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਜਦੋਂ ਵੇਈਂ ਨਦੀ 'ਚੋਂ ਬਾਹਰ ਆਏ ਤਾਂ ਉਹਨਾਂ ਦੇ ਮੁੱਖ 'ਚੋਂ ਨਿਕਲਿਆ ਪਹਿਲਾ ਬਚਨ ਸੀ- 'ਨਾ ਕੋ ਹਿੰਦੂ, ਨਾ ਮੁਸਲਮਾਨ' ਤੇ ਇਹੀ ਬਚਨ ਗੁਰੂਸਾਹਿਬ ਦਾ ਸਦੀਵੀ ਸੰਦੇਸ਼ ਤੇ 1499 ਵਿਚ ਇਸੇ ਸੁਲਤਾਨਪੁਰ ਲੋਧੀ ਤੋਂ ਸ਼ੁਰੂਕੀਤੀ ਪਹਿਲੀ ਉਦਾਸੀ ਤੋਂ ਲੈ ਕੇ ਚੌਥੀ ਉਦਾਸੀ ਤੱਕ ਉਨ੍ਹਾਂ ਦੀ ਮੁਹਿੰਮ ਦਾ ਕੇਂਦਰੀ ਧੁਰਾ ਬਣਿਆ ਰਿਹਾ। ਲੋਕਾਈ ਦੇ ਮੁਕਤੀ ਦਾਤੇ ਨੇ ਮਨੁੱਖਤਾ ਨੂੰ ਆਤਮਿਕ ਤੇ ਦੁਨੀਆਵੀ ਬੰਧਨਾਂ ਤੋਂ ਮੁਕਤੀ ਦਾ ਸਰਲ ਰਾਹ ਵਿਖਾਇਆ। ਉਨ੍ਹਾਂ ਦੀਆਂ ਉਦਾਸੀਆਂ ਬਾਰੇ ਭਾਈ ਗੁਰਦਾਸ ਲਿਖਦੇ ਹਨ:

ਬਾਬੇ ਭੇਖ ਬਣਾਇਆ ਉਦਾਸੀ ਕੀ ਰੀਤ ਚਲਾਈ॥ ਚੜਿਆ ਸੋਧਣਿ ਧਰਤਿ ਲੁਕਾਈ॥

ਕੈਸੀ ਨਿਆਰੀ ਸ਼ਖਸੀਅਤ ਸੀ ਸਾਡੇ ਪਹਿਲੇ ਸਿੱਖ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਜੋ ਦੁਨੀ ਚੰਦ ਨੂੰ ਦੀਨ, ਭਾਗੋ ਨੂੰ ਭਾਗ, ਠੱਗਨੂੰ ਸੱਜਣ, ਹੰਕਾਰੀ ਨੂੰ ਵਲੀ, ਮਾਣਸ ਖਾਣਿਆਂ ਨੂੰ ਮਨੁੱਖ ਬਣਾ ਗਈ। ਨਿਮਾਣੇ ਤੇ ਨਿਤਾਣੇ ਲੋਕਾਂ ਨੂੰ ਉਨ੍ਹਾਂ ਦੀ ਤਾਕਤ ਦੀ ਸੋਝੀ ਕਰਵਾ ਕੇ ਅਜਿਹੀ ਜੋਤ ਜਗਾਈ ਜਿਹੜੀ ਸਾਰੇ ਸੰਸਾਰ ਲਈ ਚਾਨਣ ਮੁਨਾਰਾ ਬਣੀ।

ਰੂਹਾਨੀਅਤ ਦੇ ਮੁਜੱਸਮ ਗੁਰੂ ਨਾਨਕ ਦੇਵ ਜੀ ਦਾ ਜਦ ਆਗਮਨ ਹੋਇਆ ਤਾਂ ਹਿੰਦੁਸਤਾਨ ਵਿਚ ਸਮਾਜਿਕ-ਸਿਆਸੀ, ਆਰਥਿਕ-ਧਾਰਮਿਕ ਸਮੇਤ ਹਰ ਖੇਤਰ ਰੂੜੀਆਂ ਵਿਚ ਜਕੜੇ ਸਨ। ਜਾਤ-ਪਾਤ, ਉਚ-ਨੀਚ, ਛੂਤ-ਛਾਤ, ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸ਼ ਦਾ ਬੋਲ ਬਾਲਾ ਸੀ। ਪੂਰੇ ਮੁਲਕ 'ਤੇ ਇਸਲਾਮੀ ਝੰਡਾ ਝੂਲ ਰਿਹਾ ਸੀ। ਧਾੜਵੀਆਂ ਦੇ ਹਮਲਿਆਂ ਤੇ ਵਿਦੇਸ਼ੀਆਂ ਦੀ ਗੁਲਾਮੀ ਨੇ ਲੋਕਾਂ ਵਿਚ ਸਵੈਮਾਣ ਹੀ ਖ਼ਤਮ ਕਰ ਦਿੱਤਾ ਸੀ। ਇਸਲਾਮੀ ਹੁਕਮਰਾਨਾਂ ਤੇ ਧਾੜਵੀਆਂ ਦੁਆਰਾ ਹਿੰਦੂਆਂ 'ਤੇ ਹੋ ਰਹੇ ਤਸ਼ੱਦਦ ਤੇ ਜ਼ੁਲਮ ਕਾਰਨ ਦੋਹਾਂ ਫ਼ਿਰਕਿਆਂ ਵਿਚ ਕੁੜੱਤਣ ਤੇ ਨਫ਼ਰਤ ਸੀ। ਇਸ ਜ਼ੁਲਮ ਦੇ ਖ਼ਿਲਾਫ਼ ਗੁਰੂ ਨਾਨਕ ਨੇ ਜ਼ਾਲਮ ਨੂੰ ਲਲਕਾਰਦਿਆਂ ਧਾਰਮਿਕ ਆਗੂਆਂ ਨੂੰ ਫਿਟਕਾਰਿਆ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥ (ਪੰਨਾ 145)
ਸਰਮੁ ਧਰਮੁ ਦੁਇ ਛਪਿ ਖਲੋਏ
ਕੂੜੁ ਫ਼ਿਰੈ ਪਰਧਾਨੁ ਵੇ ਲਾਲੋ॥
ਕਾਜੀਆ ਬਾਮਣਾ ਕੀ ਗਲ ਥਕੀ
ਅਗਦੁ ਪੜੈ ਸੈਤਾਨੁ ਵੇ ਲਾਲੋ॥ (ਤਿਲੰਗ ਮਹਲਾ 1, ਪੰਨਾ 722)

ਮਨੁੱਖਤਾ ਤੇ ਸਾਂਝੀਵਾਲਤਾ ਲਈ ਬਾਬਰਵਾਣੀ ਵਿਚ ਜ਼ੁਲਮ ਤੇ ਹਿੰਸਾ ਖ਼ਿਲਾਫ਼ ਜ਼ੁਰਅਤ ਨਾਲ ਬੋਲੇ ਤੇ ਲੜੇ ਗੁਰੂ ਨਾਨਕ ਦੇਵ ਜੀ ਦੀ ਲਲਕਾਰ ਕਮਾਲ ਦੀ ਹੈ:

'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ'

'ਜਿਨ ਸਿਰ ਸੋਹਨ ਪੱਟੀਆਂ ਮਾਂਗੀ ਪਏ ਸੰਧੂਰ'
'ਕਹਾਂ ਸੋ ਖੇਲ ਤਬੇਲਾ ਘੋੜੇ (ਤਿੰਨੋਂ ਸ਼ਬਦ ਰਾਗ ਆਸਾ)

ਜੈਸੀ ਮੈਂ ਆਵੈ ਖਸਮ ਕੀ ਬਾਣੀ (ਰਾਗ ਤਿਲੰਗ)

ਅਜਿਹੇ ਬਿਖੜੇ ਸਮੇਂ ਗੁਰੂ ਨਾਨਕ ਸਾਹਿਬ ਨੇ ਦੋਨਾਂ ਧਰਮਾਂ ਦੇ ਪੈਰੋਕਾਰਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਣ ਲਈ ਸਾਂਝੀਵਾਲਤਾ ਦਾ ਪੈਗ਼ਾਮ ਦਿੱਤਾ ਤੇ ਮਨੁੱਖਤਾ ਲਈ ਆਪਦੀ ਮਧੁਰ ਬਾਣੀ ਤੇ ਰੂਹਾਨੀ ਉਪਦੇਸ਼ਾਂ ਕਾਰਨ ਉਹ ਦੋਨਾਂ ਫ਼ਿਰਕਿਆਂ ਵਿਚ ਹਰ ਦਿਲ ਅਜ਼ੀਜ਼ ਬਣੇ:-

ਨਾਨਕ ਸ਼ਾਹ ਫ਼ਕੀਰ ਹਿੰਦੂਦਾ ਗੁਰੂ, ਮੁਸਲਮਾਨ ਦਾ ਪੀਰ॥

ਇਸ ਨਾਨਕ ਸ਼ਾਹ ਫ਼ਕੀਰ ਨੇ ਆਤਮਿਕ ਪੱਖੋਂ ਪਿਆਸੀ ਲੋਕਾਈ ਲਈ ਬਿਨਾਂ ਕਿਸੇ ਭੇਦ-ਭਾਵ ਦੇ ਮੁਹੱਬਤਾਂ ਦੇ ਜਾਮ ਵੰਡੇ। ਗੁਰੂ ਨਾਨਕ ਦੇਵ ਜੀ ਦੀ ਸਾਂਝੀਵਾਲਤਾ ਦਾ ਕਲਾਵਾ ਇੰਨਾ ਮੋਕਲਾ ਤੇ ਵਿਸ਼ਾਲ ਕਿ ਹਿੰਦੂ-ਮੁਸਲਮਾਨ, ਮੋਮਨ-ਕਾਫ਼ਰ ਤੇ ਅਮੀਰ-ਗਰੀਬ 'ਚ ਕੋਈ ਦੂਈ ਦੁਵੈਤ ਨਹੀਂ। ਇਸ ਸ਼ਾਹਾਂ ਦੇ ਸ਼ਾਹ ਨੇ ਇਨ੍ਹਾਂ ਪਾੜਿਆਂ ਨੂੰ ਪੂਰਨ ਲਈ 'ਸਰਬਤ ਦਾ ਭਲਾ' ਕਰਨ ਲਈ ਮਨੁੱਖਤਾ ਦੀ ਤੇਹ ਆਪਣੀ ਨਜ਼ਰ-ਏ ਰਹਿਮਤ ਦੀ ਵਰਖਾ ਨਾਲ ਵਿਲਕਦੀ ਤ੍ਰਿਪਤ ਕੀਤੀ। ਬਸ:

ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (ਕਬੀਰ ਜੀ, ਪੰਨਾ 1349)

ਗੁਰੂ ਨਾਨਕ ਦੇਵ ਜੀ ਦੀ ਸਾਂਝੀਵਾਲਤਾ, ਏਕਤਾ ਤੇ ਸਮਾਜਿਕ ਸਮਦ੍ਰਿਸ਼ਟੀ ਦੀ ਵਿਚਾਰਧਾਰਾ ਮਨੁੱਖਤਾ ਲਈ ਪਿਆਰ, ਸਨੇਹ, ਭਗਤੀ ਰਸ ਤੇ ਹਮਦਰਦੀ ਦਾ ਸੋਮਾ ਹੋਣ ਸਦਕਾ;

ਸਾਹਿਬ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ (ਪੰਨਾ 350)
ਤੇ
ਮਾਣਸ ਜਨਮੁ ਦੁਲੰਭ ਗੁਰਮੁਖਿ ਪਾਇਆ॥ (ਪੰਨਾ 751)

ਜਿਹੇ ਅਨਮੋਲ ਉਪਦੇਸ਼ਾਂ ਦੀ ਸਾਰਥਿਕਤਾ ਰੂਪਮਾਨ ਕਰਦੀ ਹੈ।

ਗੁਰੂ ਨਾਨਕ ਦੀ ਧਾਰਨਾ ਮਨੁੱਖੀ ਮਨਾਂ ਨੂੰ ਸੁਚੇਤ ਕਰ ਕੇ ਜਾਗ੍ਰਿਤੀ ਲਿਆਉਣਾ ਸੀ ਤੇ ਉਹਨਾਂ ਨੇ ਕਥਨੀ ਤੇ ਕਰਨੀ ਰਾਹੀਂ ਮਨੁੱਖਤਾ ਦੇ ਵਿਕਾਸ ਦਾ ਮਾਰਗ ਦਰਸਾਇਆ। ਮਾਇਆ ਤੋਂ ਅਭਿੱਜ ਰਹਿਣ ਲਈ ਸੁਚੇਤ ਕਰਦਿਆਂ ਇਸ ਪਿੱਛੇ ਲੱਗ ਕੇ ਦੁੱਖ ਸਹੇੜਨ ਤੋਂ ਜਾਗਰੂਕ ਕੀਤਾ:

ਪਾਪਾਂ ਬਾਝਹੁ ਹੋਵੇ ਨਾਹੀ ਮੁਇਆ ਸਾਥ ਨ ਜਾਈ॥ (ਪੰਨਾ 417)

ਗੁਰੂ ਨਾਨਕ ਸਾਹਿਬ ਦਾ ਮਨੁੱਖਵਾਦੀ ਫ਼ਲਸਫ਼ਾ ਮਾਨਵਤਾ ਬਾਰੇ ਸੰਕਲਪ ਹੈ ਜੋ ਸੰਸਾਰ ਦੇ ਅਧਿਆਤਮਕ ਤੱਤ ਦਾ ਧਾਰਨੀ ਵੀ ਹੈ ਜਿਸ ਦਾ ਪ੍ਰਤੱਖ ਪ੍ਰਮਾਣ ਉਨ੍ਹਾਂ ਦੁਆਰਾ ਰਚੀ ਗਈ 19 ਰਾਗਾਂ ਵਿਚ ਸ਼੍ਰੀ ਗੁਰੂਗ੍ਰੰਥ ਸਾਹਿਬ ਵਿਚ ਦਰਜ ਬਾਣੀ ਹੈ। ਉਨ੍ਹਾਂ ਦਾ ਇਸ ਬਾਣੀ ਦਾ ਕੇਂਦਰਬਿੰਦੂਹੈ ਹੀ ਮਨੁੱਖ, ਜਾਤ ਜਾਂ ਲੱਛਣ ਨਹੀਂ।

ਇਨਸਾਨੀਅਤ ਦੇ ਮੁਜੱਸਮ ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਵਿਚ ਗ੍ਰਸੇ ਤੇ ਹਉਮੈ ਨਾਲ ਭਰੇ ਹੰਕਾਰੀਆਂ ਨੂੰ ਤਾਕੀਦ ਕੀਤੀ ਕਿ ਇਹਦੇ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਤੁਸੀਂ ਉੱਚੀ ਜਾਤ ਜਾਂ ਕੁਲ ਵਿਚ ਪੈਦਾ ਹੋਏ ਹੋ, ਨਬੇੜਾ ਤਾਂ ਅਮਲਾਂ ਅਨੁਸਾਰ ਹੋਣਾ ਹੈ:

ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥
ਜਨਮ ਮਰਨ ਦੁਖੁ ਕਾਟੀਐ, ਨਾਨਕ ਛੂਟਸਿ ਨਾਇ॥ (ਪੰਨਾ 1330)

ਮਾਇਆ ਪ੍ਰਾਪਤੀ ਦੇ ਅਮਲ ਵਿਚ ਲੁੱਟ-ਖਸੁੱਟ ਤੇ ਪਰਾਏ ਹੱਕਾਂ ਨੂੰ ਹੜੱਪ ਕਰ ਜਾਣ ਤੋਂ ਦੂਰ ਰਹਿਣ ਦੀ ਸਖਤ ਤਾਕੀਦ:

ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥
ਗੁਰੂਪੀਰ ਹਾਮਾ ਤਾ ਭਰੇ ਜਾ ਮੁਰਦਾਰੁ ਨਾ ਖਾਇ॥ (ਪੰਨਾ 141)

ਸਮਾਜ ਵਿਚ ਹਰ ਪਾਸੇ ਫ਼ੈਲ ਰਹੇ ਦੰਭ, ਝੂਠੇ ਵਿਅਰਥ ਦੇ ਰੀਤੀ-ਰਿਵਾਜਾਂ ਨੂੰ ਖਤਮ ਕਰਨ ਦੀ ਵੰਗਾਰ ਸਵੀਕਾਰਦਿਆਂ ਸਭ ਤੋਂ ਪਹਿਲਾਂ ਜਨੇਊਪਹਿਨਣ ਦੀ ਰਸਮ ਦਾ ਤ੍ਰਿਸਕਾਰ ਕਰ ਕੇ ਸਮੁੱਚੀ ਖ਼ਲਕਤ ਨੂੰ ਜਾਗ੍ਰਿਤ ਕਰਦਿਆਂ ਪਾਂਧੇ ਨੂੰ ਸਪਸ਼ਟ ਕਿਹਾ:

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥
ਏਹੁ ਜਨੇਊਜੀਅ ਕਾ ਹਈ ਤਾ ਪਾਂਡੇ ਘਤੁ॥ (ਆਸਾ ਦੀ ਵਾਰ, ਮਹਲਾ 1, ਪੰਨਾ 471)

ਗੁਰੂ ਨਾਨਕ ਦਾ ਸੰਦੇਸ਼/ਉਪਦੇਸ਼ ਕਿਸੇ ਇੱਕ ਜਾਤ, ਇੱਕ ਫ਼ਿਰਕੇ, ਅਕੀਦੇ ਜਾਂ ਵਿਅਕਤੀ ਵਿਸ਼ੇਸ਼ ਲਈ ਨਹੀਂ, ਸਗੋਂ

ਉਹ ਤੇ ਹਿੰਦੂਆਂ ਨੂੰ ਚੰਗਾ ਹਿੰਦੂਤੇ ਮੁਸਲਮਾਨਾ ਨੂੰ ਆਪਣੇ ਅਕੀਦੇ ਅਨੁਸਾਰ ਜੀਵਨ ਜੀਉਣ ਦਾ ਸੁੱਚਾ ਪੈਗ਼ਾਮ ਦਿੰਦੇ ਹਨ। ਬਾਬਾ ਨਾਨਕ ਦੀ ਇਸੇ ਵਿਚਾਰਧਾਰਾ ਕਿ ਗੱਲ ਵੱਡਾ ਹਿੰਦੂਜਾਂ ਮੁਸਲਮਾਨ 'ਚੋਂ ਕੌਣ ਹੋਣ ਦੀ ਬਜਾਇ ਮਨੁੱਖ ਦੇ ਰੂਪ ਵਿਚ ਉਸ ਦੇ ਕੀਤੇ ਕਰਮਾਂ ਦੀ ਹੈ। ਮੱਕੇ ਦੇ ਹਾਜੀਆਂ ਦੇ ਪੁੱਛਣ 'ਤੇ ਕਿ ਹਿੰਦੂਚੰਗੇ ਹਨ ਕਿ ਮੁਸਲਮਾਨ, ਦੋਨਾਂ 'ਚੋਂ ਵੱਡਾ ਕੌਣ ਹੈ ਦੇ ਉੱਤਰ ਵਿਚ ਗੁਰੂ ਨਾਨਕ ਦੇ ਵਿਚਾਰ ਹਨ:-

ਪੁਛਨਿ ਫ਼ੋਲ ਕਿਤਾਬ ਨੋ ਹਿੰਦੂ ਵੱਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।
ਹਿੰਦੂ ਮੁਸਲਮਾਨ ਦੁਇ ਦਰਗਹ ਅੰਦਰਿ ਲਹਿਨ ਨਾ ਢੋਈ॥ (ਭਾਈ ਗੁਰਦਾਸ ਜੀ)

ਗੁਰੂ ਨਾਨਕ ਦੇਵ ਜੀ ਅਨੁਸਾਰ ਸਮੁੱਚੀ ਸ਼੍ਰਿਸ਼ਟੀ ਉਸ ਪ੍ਰਭੂਦੀ ਰਚਨਾ ਹੈ ਜਿਸ ਵਿਚ ਮਨੁੱਖ ਇੱਕ ਸਮਾਨ ਹਨ। ਕੋਈ ਵੀ ਉੱਚਾ ਜਾਂ ਨੀਵਾਂ ਨਹੀਂ, ਜਾਤ-ਪਾਤ ਤਾਂ ਮਨੁੱਖ ਦੇ ਦਿਮਾਗ ਦੀ ਉਪਜ ਹੈ। ਨੀਵੀਂ ਜਾਤ ਵਾਲਿਆਂ ਨੂੰ ਆਪਣੇ ਗਲ ਲਾਉਂਦਿਆਂ ਮਿਸਾਲ ਕਾਇਮ ਕੀਤੀ:

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂਅਤਿ ਨੀਚੁ॥
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥ (ਪੰਨਾ 15)

ਮਨੁੱਖਤਾ ਕਲਿਆਣ ਲਈ ਸਦੀਆਂ ਤੋਂ ਲਿਤਾੜੀ ਜਾ ਰਹੀ ਇਸਤਰੀ ਦੇ ਹੱਕ 'ਚ ਆਵਾਜ਼ ਬੁਲੰਦ ਕਰਦਿਆਂ ਔਰਤ ਨੂੰ ਮਰਦ ਦੇ ਬਰਾਬਰ ਖੜ੍ਹਾ ਕੀਤਾ ਤੇ ਸਨਮਾਨ ਦੇਣ ਲਈ ਸਪਸ਼ਟ ਸ਼ਬਦਾਂ ਵਿਚ ਸਮਾਜ ਨੂੰ ਹਲੂਣਿਆ:

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਿ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਮਹਲਾ 1, ਆਸਾ ਦੀ ਵਾਰ, ਪੰਨਾ 473)

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਕੇਵਲ ਹਿੰਦੂਆਂ ਜਾਂ ਸਿੱਖਾਂ ਦੇ ਹੀ ਨਹੀਂ, ਮੁਸਲਮਾਨਾਂ ਦੇ ਪੀਰ ਵੀ ਸਨ। ਉਨ੍ਹਾਂ ਪ੍ਰਤੀ ਸਾਰੇ ਅਕੀਦਿਆਂ ਤੇ ਉਪਾਸ਼ਕਾਂ ਦਾ ਇਹ ਸਨੇਹ ਹੀ ਸੀ ਕਿ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਉਨ੍ਹਾਂ ਦੇ ਅੰਤਮ ਸੰਸਕਾਰ ਨਾਲ ਸਬੰਧਤ ਰਸਮਾਂ ਦੋ ਧਰਮਾਂ ਦੀਆਂ ਰਸਮਾਂ ਦੇ ਰੂਪ ਵਿਚ ਕੀਤੀਆਂ ਗਈਆਂ। ਦੁਨੀਆ ਦੇ ਇਤਿਹਾਸ ਵਿਚ ਅਜਿਹੀ ਮਿਸਾਲ ਕਿਧਰੇ ਹੋਰ ਨਹੀਂ ਮਿਲਦੀ ਤੇ ਇਹ ਮਾਣ ਕੇਵਲ ਤੇ ਕੇਵਲ ਨਾਨਕ ਪੀਰ ਗੁਰੂਨੂੰ ਹੀ ਮਿਲਿਆ। ਇਸ ਲਈ ਸਰਬ ਮਨੁੱਖਤਾ ਦੇ ਗੁਰੂ ਸ਼੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਸੇ ਇੱਕ ਧਰਮ ਨਾਲ ਜੋੜਨਾ ਉਹਨਾਂ ਦੀ ਮਨੁੱਖਤਾ ਨੂੰ ਮਹਾਨ ਦੇਣ ਨੂੰ ਛੁਟਿਆਉਣਾ ਹੈ।

ਅਜਿਹੇ ਰੱਬੀ ਰਹਿਮਤ ਵਾਲੇ ਮਹਾਨ ਦਾਰਸ਼ਨਿਕ, ਕ੍ਰਾਂਤੀਕਾਰੀ, ਸਾਂਝੀਵਾਲਤਾ ਤੇ ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਦੇਵ ਜੀ ਬਾਰੇ ਸਾਡਾ ਮਹਾਨ ਸ਼ਾਇਰ ਡਾ. ਸਰ ਮੁਹੰਮਦ ਇਕਬਾਲ ਆਪਣੇ ਅੰਦਾਜ਼ 'ਚ ਸਤਿਕਾਰ ਭੇਂਟ ਕਰਦਾ ਹੈ:

ਫਿਰ ਉਠੀ ਆਖਿਰ ਸਦਾਅ ਤੌਹੀਦ ਕੀ ਪੰਜਾਬ ਸੇ,
ਹਿੰਦ ਕੋ ਇੱਕ ਮਰਦ-ਏ-ਕਾਮਿਲ ਨੇ ਜਗਾਇਆ ਖ਼ੁਆਬ ਸੇ।

ਇਉਂ ਮਨੁੱਖਤਾ ਨੂੰ ਏਕਤਾ, ਸਾਂਝੀਵਾਲਤਾ ਤੇ ਪ੍ਰੇਮ ਦੇ ਸੂਤਰ ਵਿਚ ਪਰੋਣ ਦਾ ਕੰਮ ਜੋ ਯੁੱਗ ਪੁਰਸ਼ ਨਾਨਕ ਦੇਵ ਜੀ ਨੇ ਕੀਤਾ ਹੈ ਉਹ ਯੁੱਗਾਂ-ਯੁੱਗਾਂ ਤੱਕ ਮਾਰਗ ਦਰਸ਼ਕ ਰਹੇਗਾ ਤੇ ਫ਼ਿਰ ਸੱਚ 'ਤੇ ਜ਼ੁਅਰਤ ਵਾਲਾ ਉਹ ਪ੍ਰੇਮ, ਜਿਸ ਬਾਰੇ ਗੁਰੂ ਨਾਨਕ ਨੇ ਕਿਹਾ

ਜਉ ਤਉ ਪ੍ਰੇਮ ਖੇਲਣ ਕਾ ਚਾਉ
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰ ਧਰੀਜੈ
ਸਿਰੁ ਦੀਜੈ ਕਾਣਿ ਨਾ ਕੀਜੈ॥

ਆਓ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਪਾਵਨ ਅਵਸਰ 'ਤੇ ਇਸ ਪ੍ਰੇਮ ਨੂੰ ਪੂਰੇ ਵਿਸ਼ਵ 'ਚ ਵੰਡੀਏ। ਗੁਰੂ ਨਾਨਕ ਸਾਹਿਬ ਪ੍ਰਤੀ ਇਹੀ ਸੱਚੀ ਅਕੀਦਤ ਹੋਵੇਗੀ।

ਵਿਚਾਰ -ਅਧੀਨ ਪੁਸਤਕ ਚਰਚਿਤ ਪੰਜਾਬੀ ਮਿੰਨੀ ਲੇਖਕ ਹਰਪ੍ਰੀਤ ਸਿੰਘ ਰਾਣਾ ਨੇ ਆਪਣੇ ਖੋਜ-ਕਾਰਜ ਵਿੱਚ ਅਗਵਾਈ ਦੇਣ ਵਾਲੇ ਅਧਿਆਪਕ ਡਾ.ਇੰਦਰਜੀਤ ਸਿੰਘ ਚੀਮਾ ਨੂੰ ਸਮਰਪਿਤ ਕੀਤੀ ਹੋਈ ਹੈ ਅਤੇ ਇਸ ਪੁਸਤਕ ਦੀ ਪ੍ਰਵੇਸ਼ਕਾ ਪ੍ਰਸਿੱਧ ਸਾਹਿਤਕਾਰ ਡਾ.ਅਮਰ ਕੋਮਲ ਨੇ ਲਿਖੀ ਹੈ। ਇਸ ਪੁਸਤਕ ਵਿੱਚ ਲੇਖਕ ਦੀਆਂ ਕੁੱਲ ਛੱਤੀ ਮਿੰਨੀ ਕਹਾਣੀਆਂ ਸ਼ਾਮਲ ਹਨ ਜਿਨ੍ਹਾਂ ਵਿੱਚ ਕੁੱਝ ਮਿੰਨੀ ਕਹਾਣੀਆਂ ਲੇਖਕ ਦੇ ਪਹਿਲੇ ਮੌਲਿਕ ਮਿੰਨੀ ਸੰਗ੍ਰਹਿ 'ਚੌਥਾ ਮਹਾਯੁੱਧ' ਵਿੱਚੋਂ ਸ਼ਾਮਲ ਕੀਤੀਆਂ ਹੋਈਆਂ ਹਨ। ਇਸ ਪੁਸਤਕ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਪੁਸਤਕ ਸ਼ਾਮਲ ਹਰੇਕ ਮਿੰਨੀ ਕਹਾਣੀ ਬਾਰੇ ਡਾ.ਅਮਰ ਕੋਮਲ ਨੇ ਡਾ.ਅਮਰ ਕੋਮਲ ਨੇ ਡੂੰਘਾ ਮੰਥਨ ਕਰਦੇ ਹੋਏ ਗਹਿਰ-ਗੰਭੀਰ ਆਲੋਚਨਾਤਮਕ ਟਿੱਪਣੀਆਂ ਕੀਤੀਆਂ ਹੋਈਆਂ ਹਨ। ਇਸ ਮੰਥਨ ਦੇ ਨਾਲ-ਨਾਲ ਲੇਖਕ ਹਰਪ੍ਰੀਤ ਸਿੰਘ ਰਾਣਾ ਨੇ ਇਨ੍ਹਾਂ ਮਿੰਨੀ ਕਹਾਣੀਆਂ ਦੀ ਸਿਰਜਣ ਪ੍ਰਕਿਰਿਆ ਬਾਰੇ ਬੜੇ ਹੀ ਰੌਚਿਕ ਢੰਗ ਨਾਲ ਸਵੈ-ਮੰਥਨ ਦੇ ਰੂਪ ਵਿੱਚ ਆਪਣਾ ਲਿਖਿਆ ਇੱਕ ਲੇਖ ਵੀ ਪੁਸਤਕ ਵਿੱਚ ਦਰਜ ਕੀਤਾ ਹੈ। ਨਿਰੰਜਣ ਬੋਹਾ ਦੁਆਰਾ ਲੇਖਕ ਦੇ ਮਿੰਨੀ ਕਹਾਣੀ ਸੰਗ੍ਰਹਿ 'ਚੌਥਾ ਮਹਾਂਯੁੱਧ' ਦਾ ਵਿਸ਼ਲੇਸ਼ਣਾਤਮਕ ਅਧਿਐਨ ਵੀ ਇਸ ਪੁਸਤਕ ਦਾ ਸ਼ਿੰਗਾਰ ਬਣਿਆ ਹੈ। ਹਰਪ੍ਰੀਤ ਸਿੰਘ ਰਾਣਾ ਦੇ ਜੀਵਨ ਅਤੇ ਉਸ ਦੀ ਸਾਹਿਤ ਘਾਲਣਾ ਬਾਰੇ ਭਰਪੂਰ ਵੇਰਵਾ ਦਿੰਦੀ ਹੋਈ ਜਗਦੀਸ਼ ਰਾਏ ਕੁਲਰੀਆਂ ਵੱਲੋਂ ਕੀਤੀ ਮੁਲਾਕਾਤ ਵੀ ਪੁਸਤਕ ਵਿੱਚ ਸ਼ਾਮਲ ਹੈ। ਇੱਥੇ ਹੀ ਬੱਸ ਨਹੀਂ,ਪੁਸਤਕ ਦੇ ਅਖੀਰ ਵਿੱਚ ਲੇਖਕ ਬਾਰੇ ਰਣਜੀਤ ਆਜ਼ਾਦ ਕਾਂਝਲਾ ਦੁਆਰਾ ਲਿਖਿਆ ਗਿਆ ਕਾਵਿ-ਚਿੱਤਰ ਵੀ ਸ਼ਾਮਲ ਹੈ। ਇਉਂ ਇਹ ਪੁਸਤਕ 'ਤਤਕਾਲ' ਲੇਖਕ ਦੀ ਜੀਵਨੀ,ਸਵੈ-ਜੀਵਨੀ,ਉਸ ਦੀ ਸਾਹਿਤਕ ਘਾਲਣਾ,ਉਸ ਦੀ ਸਾਹਿਤਕ ਸਿਰਜਣਾ ਅਤੇ ਸਿਰਜਣਾ ਦੇ ਡੂੰਘੇ ਮੰਥਨ ਅਤੇ ਵਿਸ਼ਲੇਸ਼ਣ ਰੂਪੀ ਵੰਨ-ਸਵੰਨੇ ਫੁੱਲਾਂ ਦਾ ਸੁੰਦਰ ਗ਼ੁਲਦਸਤਾ ਕਹੀ ਜਾ ਸਕਦੀ ਹੈ।

ਪੁਸਤਕ 'ਤਤਕਾਲ' ਵਿੱਚ ਸ਼ਾਮਲ ਮਿੰਨੀ ਕਹਾਣੀਆਂ ਦੇ ਵਿਸ਼ੇ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ, ਮਨੋ-ਵਿਗਿਆਨਕ ਅਤੇ ਵਿਸ਼ਵ-ਪੱਧਰ ਦੀਆਂ ਸਮੱਸਿਆਵਾਂ ਨਾਲ ਸੰਬੰਧਿਤਹਨ। ਇੰਨ੍ਹਾਂ ਦੀ ਮੂਲ ਸੁਰ ਮਾਨਵਵਾਦੀ ਹੈ।ਸਮਾਜ ਵਿੱਚੋਂ ਨਾਬਰਾਬਰੀ, ਸੰਪਰਦਾਇਕਤਾ, ਲੁੱਟ-ਖਸੁੱਟ, ਭ੍ਰਿਸ਼ਟਾਚਾਰ, ਜਾਤ-ਪਾਤ, ਰਿਸ਼ਤਿਆਂ ਦਾ ਨਿਘਾਰ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਗਿਰਾਵਟ ਨੂੰ ਦੂਰ ਕਰਨ ਹਿੱਤ ਲੇਖਕ ਇੰਨ੍ਹਾਂ ਰਚਨਾਵਾਂ ਰਾਹੀਂ ਕਾਰਜਸ਼ੀਲ ਹੈ।ਉਸ ਦੀ ਮਿੰਨੀ ਕਹਾਣੀ 'ਛੂਤ' ਜਾਤ-ਪਾਤ ਦੀ ਕੱਟੜਤਾ ਉਤੇ ਗਹਿਰੀ ਚੋਟ ਕਰਦੀ ਹੈ।ਪੰਡਿਤ ਬਿਸ਼ਨ ਦਾਸ ਆਪਣੀ ਕਾਮ-ਵਾਸ਼ਨਾ ਦੀ ਪੂਰਤੀ ਲਈ ਤਾਂ ਅਖੌਤੀ ਨੀਵੀਂ ਜਾਤ ਦੀ ਔਰਤ ਨਾਲ ਸੰਬੰਧ ਰੱਖਣ ਵਿੱਚ ਕੋਈ ਬੁਰਾਈ ਨਹੀਂ ਸਮਝਦਾ ਪਰ ਇੱਕ ਨੀਵੀ ਜਾਤ ਦੇ ਲੜਕੇ ਨਾਲ ਆਪਣੇ ਲੜਕੇ ਵੱਲੋਂ ਇੱਕੋ ਥਾਲੀ ਵਿਚ ਰੋਟੀ ਖਾਣ ਉਤੇ ਅੱਗ-ਬਬੂਲਾ ਹੋ ਜਾਂਦਾ ਹੈ। ਮਿੰਨੀ ਕਹਾਣੀ 'ਮੰਗਤਾ' ਵਿੱਚ ਰਿਸ਼ਵਤ ਖਾਣ ਵਾਲਿਆਂ ਨੂੰ ਮੰਗਤਿਆਂ ਦੇ ਬਰਾਬਰ ਹੀ ਦੱਸਿਆ ਗਿਆ ਹੈ। 'ਨੇਤਾ' ਮਿੰਨੀ ਕਹਾਣੀ ਵਿੱਚ ਸੁੰਦਰ ਪੜ੍ਹਨ ਦੀ ਦੀ ਥਾਂ ਨੇਤਾਵਾਂ ਦੀ ਵੱਡੇ-ਵੱਡੇ ਅਫ਼ਸਰ ਚਾਪਲੂਸੀ ਕਰਦੇ ਹੋਏ ਨਜ਼ਰ ਆਉਂਦੇ ਹਨ। 'ਬਚਪਨ' ਮਿੰਨੀ ਕਹਾਣੀ ਦੱਸਦੀ ਹੈ ਕਿ ਭੋਲੇ-ਭਾਲੇ ਬਚਪਨ ਵਿੱਚ ਜਾਤ-ਪਾਤ ਅਤੇ ਗਰੀਬੀ-ਅਮੀਰੀ ਦੇ ਵਿਤਕਰੇ ਬੱਚੇ ਮਹਿਸੂਸ ਨਹੀਂ ਕਰਦੇ ਪਰ ਵੱਡੇ ਹੋ ਕੇ ਉਹੀ ਇਨ੍ਹਾਂ ਵਿਤਕਰਿਆਂ ਦਾ ਪਾਲਣ ਕਰਨ ਲੱਗਦੇ ਹਨ। ਤਾਂ ਹੀ ਇਸ ਮਿੰਨੀ ਕਹਾਣੀ ਦਾ ਦੁੱਖੀ ਪਾਤਰ ਘੋਲੀ ਆਪਣੀ ਮਾਂ ਨੂੰ ਪੁੱਛਦਾ ਹੈ, 'ਮਾਂ ਬੱਚੇ ਵੱਡੇ ਕਿਉਂ ਹੁੰਦੇ ਨੇ?'

ਆਧੁਨਿਕ ਤਕਨਾਲੋਜੀ 'ਤੇ ਲਿਖੀ ਮਿੰਨੀ ਕਹਾਣੀ 'ਫੇਸ ਬੁੱਕ' ਨਾਟਕੀ ਅੰਦਾਜ਼ ਵਿੱਚ ਲਿਖੀ ਗਈ ਰਚਨਾ ਹੈ।ਇਹ ਤਕਨਾਲੋਜੀ ਦੀ ਦੁਰਵਰਤੋਂ ਦਾ ਨਤੀਜਾ ਹੈ ਕਿ ਇਸ ਰਚਨਾ ਵਿੱਚ ਪਤੀ-ਪਤਨੀ ਵਾਸ਼ਨਾ ਦੇ ਕਟਹਿਰੇ ਵਿੱਚ ਇੱਕ-ਦੂਜੇ ਦੇ ਸਾਹਮਣੇ ਆ ਖੜ੍ਹਦੇ ਹਨ।ਮਿੰਨੀ ਕਹਾਣੀ 'ਕੰਮ ਦਾ ਬੰਦਾ' ਜਗਤ ਵਿੱਚ ਚਲਦੀ ਸਵਾਰਥੀ ਪ੍ਰੀਤ ਦਾ ਬਿਆਨ ਕਰਦੀ ਹੈ।ਮਿੰਨੀ ਕਹਾਣੀ 'ਮੁਬਾਰਕ' ਵਿੱਚ ਲੇਖਕਾਂ ਵੱਲੋਂ ਆਪਣਾ ਨਾਂ ਛਪਵਾਉਣ ਦੀ ਭੁੱਖ 'ਤੇ ਤਿੱਖਾ ਵਿਅੰਗ ਹੈ। ਨਾਂ ਭਾਵੇਂ ਝੂਠਾ ਹੀ ਛੱਪੇ ਅਤੇ ਭਾਵੇਂ ਕਿਸੇ ਲੇਖਕ-ਮਿੱਤਰ ਦੀ ਮੌਤ ਹੋਣ ਤੇ ਸ਼ਰਧਾਂਜਲੀ ਵਾਲੀ ਖ਼ਬਰ ਵਿੱਚ ਛੱਪੇ। ਮਿੰਨੀ ਕਹਾਣੀ 'ਖ਼ੁਰਾਕ' ਵੀ ਬੜੀ ਦਿਲਚਸਪ ਅਤੇ ਸਿੱਖਿਆਦਾਇਕ ਕਹਾਣੀ ਹੈ।ਇਸਤਰ੍ਹਾਂ ਲੇਖਕ ਨੇ ਵੱਖ-ਵੱਖ ਸਮਾਜਿਕ ਸਮੱਸਿਆਵਾਂ ਨੂੰ ਬਾਖ਼ੂਬੀ ਨਾਲ ਆਪਣੀਆਂ ਮਿੰਨੀ ਕਹਾਣੀਆਂ ਵਿੱਚ ਅਭਿਵਿਅਕਤ ਕੀਤਾ ਹੈ।

ਹਰਪ੍ਰੀਤ ਸਿੰਘ ਰਾਣਾ ਦੀਆਂ ਮਿੰਨੀ ਕਹਾਣੀਆਂ ਵਿੱਚ ਕਥਾ-ਰਸ ਭਰਪੂਰਤਾ ਨਾਲ ਮੌਜੂਦ ਹੈ।ਆਕਾਰ ਪੱਖੋਂ ਵੀ ਇਹ ਰਚਨਾਵਾਂ ਸੱਚਮੁੱਚ 'ਮਿੰਨੀ' ਹਨ।ਮਿੰਨੀ ਕਹਾਣੀ ਵਿਧਾ ਤੇ ਖੋਜ-ਕਾਰਜ ਕਰਨ ਕਰਕੇ ਹੁਣ ਲੇਖਕ ਨੂੰ ਮਿੰਨੀ ਕਹਾਣੀ ਬਾਰੇ ਪ੍ਰਪੱਕ ਤੌਰ ਤੇ ਸਮਝ ਆ ਚੁੱਕੀ ਹੈ।ਆਸ ਕੀਤੀ ਜਾ ਸਕਦੀ ਹੈ ਕਿ ਉਹ ਭਵਿੱਖ ਵਿੱਚ ਹੋਰ ਮੌਲਿਕ ਤੇ ਪ੍ਰਪੱਕ,ਆਦਰਸ਼ਕ ਅਤੇ ਵਧੀਆ ਮਿੰਨੀ ਕਹਾਣੀਆਂ ਪੰਜਾਬੀ ਮਿੰਨੀ ਕਹਾਣੀ ਵਿਧਾ ਦੀ ਝੋਲੀ ਪਾਵੇਗਾ।ਇਸ ਪੁਸਤਕ ਦੀ

## ਪੁਸਤਕ ਰੀਵਿਊ ਵਿਚਲਾ ਮੌਸਮ / ਅਰਤਿੰਦਰ ਸੰਧੂ / ਡਾ. ਪੁਸ਼ਵਿੰਦਰ ਕੌਰ

ਅਰਤਿੰਦਰ ਸੰਧੂ ਪੰਜਾਬੀ ਸਾਹਿਤ ਦਾ ਇਕ ਵਿਲੱਖਣ ਹਸਤਾਖਰ ਹੈ. 11 ਦੇ ਕਰੀਬ ਕਾਵਿ ਸੰਗ੍ਰਹਿ ਉਹ ਪੰਜਾਬੀ ਸਾਹਿਤ ਦੀ ਝੋਲੀ ਪਾ ਚੁੱਕੀ ਹੈ, ਜੋ ਉਸਦੇ ਨਾਰੀ ਮਨ ਦੇ ਜਜ਼ਬਿਆਂ ਤੇ ਵੇਦਨਾਵਾਂ ਦੀ ਨਿਸ਼ਾਨਦੇਹੀ ਕਰਦੇ ਹਨ. ਵਿਚਲਾ ਮੌਸਮ ਉਸਦਾ ਬਾਰ੍ਹਵਾਂ ਕਾਵਿ ਸੰਗ੍ਰਹਿ ਹੈ ਜਿਸ ਵਿਚ ਕੁਲ ਪੰਜਾਬੀ ਦੇ ਕਰੀਬ ਕਵਿਤਾਵਾਂ ਸ਼ਾਮਿਲ ਹਨ. ਅਰਤਿੰਦਰ ਸੰਧੂਦੇ ਵਿਚਲੇ ਮੌਸਮ ਦੇ ਰੂਬਰੂਹੁੰਦੀਆਂ ਕਵਿਤਰੀ ਦੀ ਸਹਿਜਤਾ ਦੇ ਅੰਗਸੰਗ ਵਿਚਰਦੇ ਹਾਂ. ਮੌਸਮਾਂ ਦਾ ਡਾਵਾਂਪਨ, ਵਿਚਲੇ ਮਸਮ ਨੂੰ ਜੋ ਕਿ ਸੰਤੁਲਨ ਦਾ ਪ੍ਰਤੀਕ ਹੁੰਦਾ ਹੈ ਉਸਨੂੰ ਮਸਲ ਦਿੰਦਾ ਹੈ. ਵਿਚਲਾ ਮੌਸਮ ਜ਼ਿੰਦਗੀ ਨੂੰ ਸਹਿਜਤਾ ਬਖਸ਼ਦਾ ਹੈ ਤੇ ਆਉਣ ਵਾਲੇ ਮੌਸਮ ਨੂੰ ਸਹਿਣ ਲਈ ਯੋਗ ਬਣਾਉਂਦਾ ਹੈ ਤੇ ਇਸ ਤਰਾਂ ਦੇ ਮੌਸਮ ਦਾ ਮਨਫ਼ੀ ਹੋਣਾ ਸੰਵੇਦਨਸ਼ੀਲ ਰੂਹ ਲਈ ਅੱਤ ਹੋ ਨਿਬੜਦਾ ਹੈ. ਠੰਡ ਤੋਂ ਬਾਅਦ ਅਚਾਨਕ ਗਰਮੀ ਬਹਾਰ ਦੇ ਮੌਸਮ ਨੂੰ ਖਾ ਜਾਂਦੀ ਹੈ ਤੇ ਕਵਿਤਰੀ ਨੂੰ ਇੰਜ ਲੱਗਦਾ ਹੈ

ਤੁਰਨ ਲੱਗੀ ਹੈ ਜ਼ਿੰਦਗੀ ਅੱਜ ਕੱਲ੍ਹ
ਵਿਚਲੇ ਮੌਸਮਾਂ ਨੂੰ ਟੱਪਦੀ ਛੜਪਦੀ

ਅਸੀਂ ਜਿਉਂ ਜਿਉਂ ਤਰੱਕੀ ਕਰ ਰਹੇ ਹਾਂ ਖੁਸ਼ੀ ਤੋਂ ਭੱਜ ਰਹੇ ਹਾਂ. ਪਹਿਲਾਂ ਪਹਿਲ ਸਾਡੇ ਘਰ ਕਿਸੇ ਪ੍ਰਾਹੁਣੇ ਦਾ ਆਉਣਾ ਜਾਣਕਾਰੀ ਦਾ ਸੋਮਾ ਸੀ ਫਿਰ ਅਖਬਾਰ ਆ ਗਈ ਜੋ ਟਾਵੇਂ ਟਾਵੇਂ ਦੇ ਘਰ ਆਉਂਦੀ ਸੀ. ਆਧੁਨਿਕਤਾ ਨੇ ਜਾਣਕਾਰੀ ਦਾ ਘੇਰਾ ਵਿਸ਼ਾਲ ਕਰਦਿਆਂ ਮਨੁੱਖ ਦੀ ਸੋਚ ਤੇ ਮੀਡੀਆ ਨੂੰ ਭਾਰੂਕਰ ਦਿੱਤਾ ਹੈ.ਤ੍ਰਾਸਦੀ ਇਹ ਹੋ ਗਈ ਹੈ

ਜਾਣਕਾਰੀ ਦੀ ਭੁੱਖ ਦੇ ਗੁਲਾਮਾਂ
ਆਧੁਨਿਕ ਇਨਸਾਨਾਂ ਦਾ
ਵੱਸ ਹੀ ਨਾ ਰਿਹਾ ਸੋਚਣ ਤੇ ਫੈਸਲਾ ਕਰਨ ਤੇ
ਕਿਸ ਗੱਲ ਤੇ ਖੁਸ਼ ਹੋਈਏ
ਤੇ ਦੁੱਖ ਕਿਸ ਗੱਲ ਤੇ ਮੰਨੀਏ

ਸਾਡੀ ਸੰਵੇਦਨਾ ਮਰ ਰਹੀ ਹੈ. ਕਿਸਾਨਾਂ ਦੀਆਂ ਖੁਦਕੁਸ਼ੀਆਂ, ਮਹਿੰਗਾਈ ਦੇ ਕਚੂੰਬਰ ਦੀ ਸ਼ਿਕਾਰ ਜਨਤਾ, ਸਿਆਸਤ ਦੀ ਭੇਟਾ ਹੋ ਰਹੇ ਸੈਨਿਕ, ਨੇਤਾਵਾਂ ਦੇ ਫੇਰੇ ਆਦਿ ਦਾ ਸਿਲਸਿਲਾ ਸਭ ਮੀਡੀਆ ਤੇ ਨਿਰਭਰ ਹੈ ਕਿ ਕਿਹੜੀ ਖਬਰ ਵੱਡੀ ਹੈ ਤੇ ਕਿਹੜੀ ਅਣਗੌਲੀ. ਅੱਜ ਮੀਡੀਆ ਇਸ ਕਦਰ ਹਾਵੀ ਹੈ ਕਿ ਇਸਨੇ ਸਾਡੀ ਸੋਚ, ਅਹਿਸਾਸ ਕਾਬੂਕਰ ਕੇ ਜ਼ਿੰਦਗੀ ਦੀ ਡੋਰ ਆਪਣੇ ਹੱਥ ਲੈ ਲਈ ਹੈ ਜਿਥੇ ਸਿਆਸਤ ਦੇ ਬੋਲਬਾਲੇ ਦੇ ਅੱਗੇ ਸਾਡੀ ਹੋਂਦ ਬੌਣੀ ਹੋ ਚੁੱਕੀ ਹੈ ਤੇ ਸਿੱਟਾ ਇਹ ਨਿਕਲਿਆ ਹੈ

ਇਕ ਦੂਜੇ ਨਾਲੋਂ ਵੱਖਰੇ ਤੇ ਖਾਸ
ਮਹਿਸੂਸ ਕਰਵਾਏ ਜਾਣਾ
ਸਾਨੂੰ ਚੰਗਾ ਲਗਦਾ
ਤੇ ਇੰਜ ਕਰਦੇ ਕਰਦੇ
ਏਜੰਡਿਆਂ ਤੇ ਤੁਰਦੇ ਤੁਰਦੇ ਸਾਜਿਸ਼ਾਂ ਦਾ ਸ਼ਿਕਾਰ ਹੋਏ
ਇਕ ਦੂਜੇ ਤੋਂ ਦੂਰ ਹੁੰਦੇ ਗਏ
ਅਸੀਂ ਭਾਈਚਾਰਾ ਨਹੀਂ ਰਹੇ

ਅਸੀਂ ਅੱਜ ਜਿਸ ਦੌਰ ਵਿਚੋਂ ਲੰਘ ਰਹੇ ਹਾਂ ਉਥੇ ਵਿਅਕਤੀਗਤ ਆਜ਼ਾਦੀ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ. ਸਾਂਝੇ ਪਰਿਵਾਰ, ਸਾਂਝੇ ਘਰਾਂ ਦੀ ਥਾਂ ਇਕਹਿਰੇ ਪਰਿਵਾਰ ਜਿਥੇ ਹਰ ਮੈਂਬਰ ਆਜ਼ਾਦ ਹੈ ਪਰ ਇਹ ਆਜ਼ਾਦੀ ਮੋਹ ਪਿਆਰ ਤੇ ਹਾਵੀ ਹੋ ਗਈ ਹੈ ਜਿਸ ਕਰ ਕੇ ਸਾਡੇ ਰਿਸ਼ਤੇ ਨਾਤੇ ਵੀ ਸੁੰਗੜ ਗਏ ਹਨ ਤੇ ਘਰਾਂ ਵਾਸਤੇ ਅਜਿਹਾ ਜਰਨਾ ਔਖਾ ਹੋ ਰਿਹਾ ਹੈ

ਕੰਧਾਂ ਛੱਤਾਂ ਤੇ ਜਮੀਨ ਤੱਕ
ਪੱਸਰੀ ਬੇਵਸੀ ਵਿਚ
ਉਡਾਰੂ ਹੋਣ ਲੱਗੇ
ਹੱਥਾਂ ਨਾਲ ਸੰਭਾਲਦਾ ਹੈ ਘਰ
ਤਾਂ ਪੈਰ ਬੇਕਾਬੂਹੋ ਜਾਂਦੇ

ਅਰਤਿੰਦਰ ਸੰਧੂਦੀ ਕਵਿਤਾ ਨਾਰੀ ਹੋਂਦ ਨੂੰ ਨਵੇਂ ਅਰਥ ਦਿੰਦੀ ਹੈ ਤੇ ਪੁਰਾਣੀਆਂ ਧਾਰਨਾਵਾਂ ਪਿਛੇ ਛੱਡਦੀ ਹੈ ਕਿ ਔਰਤ ਹਰ ਯੁਗ ਅੰਦਰ ਅੱਖਾਂ ਵਿਚ ਪਾਣੀ ਤੇ ਆਂਚਲ ਵਿਚ ਦੁੱਧ ਰੱਖਦੀ ਆਈ ਹੈ. ਔਰਤ ਦੀ ਚੁੱਪ ਉਸਨੂੰ ਜਰਨਾ ਵੀ ਸਿਖਾਉਂਦੀ ਹੈ ਤੇ ਹੁਣ ਉਹ ਚੁੱਪ ਨਹੀਂ ਰਹਿਣਾ ਚਾਹੁੰਦੀ.

ਪਵਿੱਤਰਤਾ ਅਸਿਲਤਾ ਤੇ ਨਿਮਰਤਾ
ਜਦ ਖਾਣ ਲੱਗੇ ਤੁਹਾਡੇ ਵਜੂਦ ਨੂੰ
ਤਾਂ ਬੋਲਣਾ ਹੀ ਚਾਹੀਦਾ
ਇਸਤੋਂ ਪਹਿਲਾਂ ਕਿ
ਘੁੱਟਿਆ ਹੀ ਜਾਏ ਤੁਹਾਡਾ ਦਮ

ਇਸ ਤਰਾਂ ਅਰਤਿੰਦਰ ਸੰਧੂ ਦਾ ਇਹ ਕਾਵਿ ਸੰਗ੍ਰਹਿ ਨਾਰੀ ਮਨ ਦੀ ਦ੍ਰਿਸ਼ਟੀ ਤੋਂ ਮੈਂ ਪੜ੍ਹਦਿਆਂ ਇਸਦੇ ਵਿਚੋਂ ਗੁਜ਼ਰਦਿਆਂ ਇਸਨੂੰ ਆਪਣੇ ਮਨ ਦੇ ਮੌਸਮਾਂ ਨਾਲ ਮਿਚਦੀਆਂ ਸੋਚਦੀ ਹਾਂ ਕਿ ਕਵਿਤਰੀ ਕੋਲ ਆਪਣੇ ਸੂਖਮ ਭਾਵਾਂ ਨੂੰ ਅਹਿਸਾਸਾਂ ਨੂੰ ਮਨੋਵਿਗਿਆਨਕ ਦੀ ਤਰਾਂ ਦੇਖਣ ਦੀ ਨੀਝ ਹੈ ਜੋ ਆਪਣਾ ਡਿਫੈਂਸ ਮੈਕੇਨਿਜ਼ਮ ਇਰਜਦੀ ਸੰਸਾਰ ਦੇ ਰੂਬਰੂਆਪਣੀ ਸਿਰਜਣਾ ਨਾਲ ਪੇਸ਼ ਹੁੰਦੀ ਹੈ. ਇਸ ਤਰਾਂ ਦੀ ਜ਼ਿੰਦਗੀ ਤੇ ਅਜੋਕਾ ਤਣਾਓ ਦੰਭ ਇਕੱਲਤਾ ਬੇਗਾਨਗੀ ਦਾ ਅਹਿਸਾਸ ਭਾਰੂਨਹੀਂ ਹੁੰਦਾ ਸਗੋਂ ਵਿਚਲੇ ਮੌਸਮ ਦੀ ਅਣਹੋਂਦ ਉਸਨੂੰ ਅੱਤ ਦੀ ਜ਼ਿੰਦਗੀ ਜਿਉਣ ਦੇ ਸਮਰਥ ਕਰਦੀ ਸੰਤੁਲਨ ਬਣਾ ਦਿੰਦੀ ਹੈ. ਇਸ ਪੁਸਤਕ ਦਾ ਪੰਜਾਬੀ ਜਗਤ ਵਿਚ ਸਵਾਗਤ ਕਰਨਾ ਬਣਦਾ ਹੈ.

## ਵਿਕਾਸ ਦੀਆਂ ਹਨ੍ਹੇਰੀਆਂ / ਡਾ. ਪੁਸ਼ਵਿੰਦਰ ਕੌਰ

ਵਿਕਾਸ ਦੀਆਂ ਹਨ੍ਹੇਰੀਆਂ ਐਮ ਕੇ ਰਾਹੀ ਦੀ ਹਾਸ ਵਿਅੰਗ ਦੇ ਖੇਤਰ ਵਿਚ ਗਿਆਰਵੀਂ ਪੁਸਤਕ ਹੈ. ਅਜੋਕੀ ਜ਼ਿੰਦਗੀ ਡਾ ਦੁਖਾਂਤ ਹੈ ਕਿ ਸਾਡੀ ਜ਼ਿੰਦਗੀ ਵਿਚ ਹਾਸ ਵਿਅੰਗ ਮਨਫ਼ੀ ਹੋ ਗਿਆ ਹੈ ਤੇ ਸਾਨੂੰ ਯੋਗਾ ਦੁਆਰਾ ਬਨਾਵਟੀ ਹਾਸੇ ਦੀ ਮਦਦ ਲੈਣੀ ਪੈਂਦੀ ਹੈ. ਹਾਸ ਰਾਸ ਨੌਂ ਰਸਾਂ ਵਿਚ ਇੱਕ ਹੈ ਇਸਦੀ ਘਾਟ ਜ਼ਿੰਦਗੀ ਨੂੰ ਅਸੰਤੁਲਿਤ ਕਰ ਦਿੰਦੀ ਹੈ. ਇਸ ਪੁਸਤਕ ਵਿਚ ਲੇਖਕ ਨੇ ਅਜਿਹੇ ਵਿਅੰਗਾਂ ਦੀ ਸਿਰਜਣਾ ਕੀਤੀ ਹੈ ਕਿ ਪਾਠਕ ਦੇ ਚੇਹਰੇ ਤੇ ਮੁਸਕਰਾਹਟ ਆ ਜਾਂਦੀ ਹੈ. ਇਸ ਪੁਸਤਕ ਦਾ ਪਹਿਲਾ ਸੰਗ੍ਰਹਿ 'ਅਸੀਂ ਵੀ ਜੰਮੇ ' ਲੇਖਕ ਦੇ ਜਨਮ ਬਿਰਤਾਂਤ ਦੇ ਨਾਲ ਦੇਸ਼ ਵੰਡ ਦਾ ਦੁਖਾਂਤ, ਪਾਕਿਸਤਾਨ ਛੱਡ ਕੇ ਭਾਰਤ ਆ ਕੇ ਝੱਲੀ ਗਰੀਬੀ, ਕਲਰਕੀ ਦੀ ਜ਼ਿੰਦਗੀ ਬਾਰੇ ਦੱਸਦਾ ਹੈ ਕਿ ਕਿਸ ਤਰਾਂ ਉਹ ਸਾਹਿਤ ਸਿਰਜਣਾ ਵੱਲ ਮੁੜਿਆ "ਗ਼ਮ ਵਿਚ ਲੋਕਾਂ ਦੀਆਂ ਪੀੜਾਂ ਘੱਟ ਕਰਨ ਲਈ ਰੁਝਾਨ ਜਾਗਿਆ ਤਾਂ ਮੈਂ ਹੰਝੂਆਂ ਦੇ ਸਮੁੰਦਰ ਨੂੰ ਹਾਸੇ ਤੇ ਵਿਅੰਗ ਵਿਚ ਬਦਲ ਦਿੱਤਾ." " ਦੰਦ ਘੁਟਾਲਾ " ਅਖੌਤੀ ਬੀ.ਡੀ.ਐਸ ਡਾਕਟਰਾਂ ਵਲੋਂ ਮੁਨਾਫ਼ੇ ਲਈ ਕੀਤੇ ਜਾਂਦੇ ਮਹਿੰਗੇ ਇਲਾਜ਼ ਦੇ ਨਿਵੇਕਲੇ ਢੰਗ ਨਾਲ ਪਰਦੇ ਫਾਸ਼ ਕਰਦਾ ਹੈ ਜੋ ਹਰ ਪੜ੍ਹਨ ਵਾਲੇ ਨੂੰ ਅਸਲੀਅਤ ਲੱਗਦੀ ਹੈ ਤੇ ਸਵੈ ਹੰਢਾਈ ਪੀੜ ਜਾਪੇਗੀ " ਭੌਂਦੂਰਾਮ ਨੇ ਭੁਲੇਖੇ ਦਾ ਵਿਆਹ ਖਾਧਾ " ਸਮਾਜ ਸੇਵੀ ਦਾ ਦੰਭ ਰਚਾਉਂਦੇ ਲੋਕਾਂ ਤੇ ਵਿਅੰਗ ਹੈ ਕਿ ਕਿਵੇਂ ਜਦੋਂ ਮਰਜੀ ਚਾਹੁੰਦੀ ਕਿਸੇ ਦੇ ਵੀ ਪ੍ਰੋਗਰਾਮ ਚ ਜਾ ਕੇ ਟੈਂਕੀ ਫੁਲ ਕਰ ਕੇ ਟੱਲੀ ਹੁੰਦੇ ਹਨ. ਵਾਹ ਲਗਦੀ ਲੇਖਕ ਨੇ ਕੋਈ ਖੇਤਰ ਨਹੀਂ ਛਡਿਆ ਜਿਸਨੂੰ ਨਾ ਵਿਸ਼ਾ ਬਣਾਇਆ ਹੋਵੇ. ਸਾਹਿਤਕਾਰਾਂ, ਦਲਾਲਾਂ , ਰਿਸ਼ਵਤਖੋਰੀ, ਜੀਜਾ ਜੀ, ਕਿਸਾਨਾਂ ਦੀਆਂ ਖੁਦਕੁਸ਼ੀਆਂ, ਸ਼ਗਨ ਡਾਕਟਰ ਸਿਆਸੀ ਨੇਤਾ ਤੇ ਉਨ੍ਹਾਂ ਦੇ ਦਮਗਜੇ " ਅੱਛੇ ਦਿਨ ਆਉਣ ਵਾਲੇ ਹਨ " ਤੇ ਵਿਕਾਸ ਦੀਆਂ ਹਨ੍ਹੇਰੀਆਂ ਤੇ ਪਰਦੇ ਫਾਸ਼ ਕੀਤੇ ਹਨ. ਸਮਾਜ ਵਿਚ ਚੱਲ ਰਹੇ ਅਖੌਤੀ ਵਿਕਾਸ, ਟੁੱਕੜਭੰਨ ਨੇਤਾ, ਟੁੱਕੜਬੋਚ ਸਰਕਾਰੀ ਮੁਲਾਜ਼ਿਮ ਆਦਿ ਸਭ ਦੇ ਚੇਹਰੇ ਨੰਗੇ ਕੀਤੇ ਹੈ. ਲੇਖਾਂ ਨੂੰ ਪੜ੍ਹਦਿਆਂ ਪਾਠਕ ਦੀ ਦਿਲਚਸਪੀ ਬਰਕਰਾਰ ਰਹਿੰਦੀ ਹੈ. ਪਤਾ ਹੀ ਨਹੀਂ ਲੱਗਦਾ ਕਿਹੜੇ ਵੇਲੇ ਸਾਰਾ ਵਿਅੰਗ ਇੱਕੋ ਵੇਲੇ ਕਹਾਣੀ ਵਾਂਗ ਪੜ੍ਹਿਆ ਜਾਂਦਾ ਹੈ. ਲੇਖਕ ਦੀ ਮੁਹਾਵਰੇਦਾਰ ਸ਼ੈਲੀ, ਆਲੇ ਵਰਗਾ ਮੂੰਹ ਕਰਨਾ,ਗਲੈਂਡੋ ਗਲੈਂਡ ਹੋਣਾ, ਨਿਹੰਗਾਂ ਦੇ ਡੋਲੂਵਾਂਗੂੰ ਮਾਂਜਣਾ, ਕੁਰੂਰੇ ਦੀ ਝੱਗ ਵਾਂਗ,ਆਦਿ ਹੋਰ ਅਨੇਕਾਂ ਮੁਹਾਵਰੇ ਇਨ੍ਹਾਂ ਵਿਅੰਗਾਂ ਨੂੰ ਰੋਚਕ ਬਣਾਉਂਦੇ ਹਨ. ਪਾਤਰਾਂ ਦੇ ਨਾਂ ਧਿਆਨ ਖਿੱਚਦੇ ਹਨ. ਸਮੁੱਚੇ ਤੌਰ ਤੇ ਪੁਸਤਕ ਪੜ੍ਹਨਯੋਗ ਹੈ. ਹਾਸ ਵਿਅੰਗ ਦੀ ਸ਼ੈਲੀ ਲੇਖਕ ਨੇ ਸਾਡੇ ਸਮਾਜ ਦੇ ਕੋਹਜ ਨੂੰ ਪੱਛ ਲਾਏ ਹਨ ਜੋ ਸਾਡੀਆਂ ਅੱਖਾਂ ਨੂੰ ਖੋਹਲਦੇ ਹਨ.







## ਏਲੀਅਨਜ਼ ਦੀ ਧਰਤੀ ਤੇ / ਸੁਰਜੀਤ ਸਿੰਘ ਕਾਉਂਕੇ














ਭਾਰਤੀ ਸਾਹਿਤ ਅਕਾਦਮੀ ਵੱਲੋਂ ਬਹੁਪੱਖੀ ਲੇਖਕ ਪਵਨ ਹਰਚੰਦਪੁਰੀ ਦੇ ਬਾਲ ਨਾਵਲ 'ਏਲੀਅਨਜ਼ ਦੀ ਧਰਤੀ ਤੇ' ਨੂੰ ਬਾਲ ਸਾਹਿਤ ਪੁਰਸਕਾਰ ਮਿਲਣਾ ਇਕ ਸਹੀ ਅਤੇ ਸੁਹਿਰਦ ਫੈਸਲਾ ਹੈ। ਲੇਖਕ ਵੱਲੋਂ ਲਿਖਿਆ ਇਹ ਨਾਵਲ ਪੰਜਾਬੀ ਸਾਹਿਤ ਅਤੇ ਖਾਸ ਤੌਰ ਤੇ ਬਾਲ ਸਾਹਿਤ ਖੇਤਰ ਵਿੱਚ ਇਹ ਪਹਿਲਾ ਸਾਇੰਸ ਨਾਵਲ ਹੈ। ਬਾਲ ਨਾਵਲ 'ਏਲੀਅਨਜ਼ ਦੀ ਧਰਤੀ 'ਤੇ 'ਨੂੰ ਪੜ ਕੇ ਮਹਿਸੂਸ ਹੁੰਦਾ ਹੈ ਕਿ ਲੇਖਕ ਨੇ ਇਸ ਨਾਵਲ ਰਾਹੀਂ ਕੁਦਰਤ ਦੇ ਅਦਿੱਖ ਵਰਤਾਰੇ ਨੂੰ ਸਮਝਣ ਲਈ ਅਤੇ ਬੱਚਿਆਂ ਦੇ ਰੂਬਰੂ ਹੁੰਦਿਆਂ 'ਧਰਤੀ ਹੋਰ ਪਰੇ ਹੋਰ ਹੋਰ' ਦੇ ਸੱਚ ਨੂੰ ਸਾਕਾਰ ਕਰਨ ਲਈ ਬੜੀ ਹੀ ਖੂਬਸੂਰਤੀ ਅਤੇ ਵਿਲੱਖਣ ਢੰਗ ਨਾਲ ਇਹ ਵਡਮੁੱਲੀ ਰਚਨਾ ਕਰਦਿਆਂ ਇਹ ਨਾਵਲ ਬੱਚਿਆਂ ਨੂੰ ਅੰਧਵਿਸ਼ਵਾਸਾਂ ਤੋਂ ਦੂਰ ਕਰਨ ਅਤੇ ਤਰਕ ਦੇ ਆਧਾਰ ਤੇ ਆਪਣੀ ਜੀਵਨ ਸ਼ੈਲੀ ਨੂੰ ਅਪਣਾਉਣ ਲਈ ਇੱਕ ਮੀਲ ਪੱਥਰ ਹੈ ਨਾਵਲ ਦੀ ਸ਼ੁਰੂਆਤ ਬੜੇ ਹੀ ਰੌਚਕ ਢੰਗ ਨਾਲ ਕਰਦਿਆਂ ਬੱਚਿਆਂ ਨੂੰ ਧਰਤੀ ਦੇ ਖਤਮ ਹੋ ਰਹੇ ਸੋਮਿਆਂ ਸਬੰਧੀ ਗਿਆਨ ਅਤੇ ਸੂਝਮਈ ਢੰਗ ਨਾਲ ਸੰਵਾਦ ਰਚਾਇਆ ਗਿਆ ਹੈ। ਇਸ ਤਰਾਂ ਬੱਚਿਆਂ ਵਿੱਚ ਵਿਗਿਆਨਕ ਤਰਕਸ਼ੀਲ ਅਤੇ ਚਿੰਤਨਮਈ ਵਿਚਾਰ ਪੈਦਾ ਕਰਕੇ ਮਨੁੱਖ ਦੇ ਮਨ ਵਿੱਚ ਪੈਦਾ ਹੋਏ ਡਰ ਅਤੇ ਅੰਧ ਵਿਸ਼ਵਾਸਾਂ ਨੂੰ ਖਤਮ ਕਰਨ ਦਾ ਉਦੇਸ਼ ਸਾਕਾਰ ਕਰਨ ਦਾ ਸਫ਼ਲ ਯਤਨ ਕੀਤਾ ਗਿਆ ਹੈ । ਬਾਲ ਸਾਹਿਤ ਦੇ ਖੇਤਰ ਵਿੱਚ ਲੇਖਕ ਨੇ ਇਸ ਵਿਲੱਖਣ, ਵਡਮੁੱਲੇ ਅਤੇ ਨਿਵੇਕਲੇ ਵਿਸ਼ੇ ਨੂੰ ਛੋਹ ਕੇ ਪੰਜਾਬੀ ਸਾਹਿਤ ਵਿੱਚ ਇਕ ਨਵਾਂ ਪ੍ਰਵੇਸ਼ ਕੀਤਾ ਹੈ। 'ਏਲੀਅਨਜ਼ ਦੀ ਧਰਤੀ ਤੇ' ਨਾਵਲ ਦੀ ਸਭ ਤੋਂ ਵੱਡੀ ਅਤੇ ਖੂਬਸੂਰਤ ਵਿਸ਼ੇਸ਼ਤਾ ਇਹ ਹੈ ਕਿ ਇਹ ਬਾਲ ਨਾਵਲ ਸਿਰਫ ਬਾਲਾਂ ਲਈ ਹੀ ਨਹੀਂ ਸਗੋਂ ਮਾਪਿਆਂ, ਅਧਿਆਪਕਾਂ, ਪਾਠਕਾਂ ,ਰਾਜਸੀ ਕਾਰਕੁਨਾਂ, ਪ੍ਰਬੰਧਕੀ ਅਫਸਰਾਂ,ਵਿਗਿਆਨਕਾਂ ਅਤੇ ਖੋਜ ਕਾਰਜਾਂ ਲਈ ਬਹੁਤ ਹੀ ਲਾਹੇਵੰਦਾ ਹੈ । ਨਾਵਲ ਵਿਚਲੀ ਗੋਂਦ, ਘਟਨਾਵਾਂ ,ਕਹਾਣੀ ਰਸ, ਉਤਸੁਕਤਾ ਅਤੇ ਅੱਗੇ ਕੀ ਹੋਇਆ ਦਾ ਰਹੱਸ ਪਾਠਕਾਂ ਦੇ ਮਨਾਂ ਵਿੱਚ ਬਣਿਆ ਰਹਿੰਦਾ ਹੈ ਤੇ ਬੱਚਿਆਂ ਦੀ ਮਨੋਵਿਗਿਆਨਕ ਸੋਚ ਨੂੰ ਉਭਾਰਿਆ ਗਿਆ ਹੈ ।



ਲੇਖਕ ਦਾ ਪੁਲਾੜ ਸਬੰਧੀ ਗਿਆਨ ਪ੍ਰਬੰਧਕੀ ਢਾਂਚੇ ਤੇ ਕਾਰਜਸ਼ੈਲੀ,ਵਿਧੀ ਵਿਧਾਨ, ਲੋੜੀਂਦੀ ਸਮੱਗਰੀ, ਪੁਲਾੜ ਵਿੱਚ ਜਾਣ ਲਈ ਵੱਖ ਵੱਖ ਪੜਾਵਾਂ ਵਿੱਚੋਂ ਲੰਘਣ ਦੀ ਜਾਣਕਾਰੀ ਲੇਖਕ ਨੇ ਬੜੀ ਹੀ ਮਿਹਨਤ ਤੇ ਲਗਨ ਨਾਲ ਇਕੱਠੀ ਕੀਤੀ ਲੱਗਦੀ ਹੈ।


**(ਬਾਕੀ ਸਫਾ 32 ਤੇ)**

# ਪ੍ਰਾਪਤ ਪੁਸਤਕਾਂ


ਸਮਕਾਲੀ ਪੰਜਾਬੀ ਕਵਿਤਾ
ਵਿਭਿੰਨ ਅੰਤਰ-ਦ੍ਰਿਸ਼ਟੀਆਂ
ਡਾ. ਦਵਿੰਦਰ ਸਿੰਘ ਬੋਹਾ

ਦੁਪਹਿਰ ਖਿੜੀ
ਨਵਰੂਪ ਕੌਰ

ਚੁੱਪ ਦਾ ਸ਼ੋਰ
ਮੀਨਾਕਸ਼ੀ ਵਰਮਾ

ਪਾਰਲੇ ਪੁਲ਼
ਸੁਰਜੀਤ

हरमहेन्द्र सिंह बेदी रचनावली
सम्पादक
प्रोफेसर (डॉ.) रामसजन पाण्डेय

ਨਿੱਕੇ ਵੱਡੇ ਚਿਹਰੇ
ਪ੍ਰੇਮ ਸਾਹਿਲ

ਮਹਿਕ ਮਿੱਟੀ ਦੀ
ਡਾ. ਲੇਖ ਰਾਜ

ਮਧੂਕਰੀ
ਬਲਵਿੰਦਰ ਸੰਧੂ

ਸਾਖੀਓਂ ਨੂਰ ਝਰੇ
ਸੁਰਿੰਦਰ ਸੋਹਲ

डॉ. अजय शर्मा

ਬਾਂਦਰ ਨਾਲ ਬਹਿਸ ਕੌਣ ਕਰੇ
ਸੁਖਿੰਦਰ

कितने पंख
संपादक
गीता डोगरा

स्त्रियाँ घर लौटती हैं
विवेक चतुर्वेदी

SANGAM PUBLICATIONS
ਬੀਜ-ਬਿਰਖ
ਸਮਕਾਲੀ ਪੰਜਾਬੀ ਯੁਵਾ ਸ਼ਾਇਰੀ
ਸੰਪਾਦਕ
ਸਤਪਾਲ ਭੀਖੀ

साहित्य-संवाद
यह समय है लौटाने का
गणेश गनी

ਹਵਾ 'ਚ ਲਟਕਦੇ ਕਦਮ
ਤੇਜਿੰਦਰ ਚੰਡਿਹੋਕ

नायिका
पौमिला ठाकुर

ਸਾਡੇ ਹਿੱਸੇ ਦੇ ਹਰਫ਼
ਪਕਿਸਤਾਨੀ ਉਰਦੂ ਨਾਰੀ-ਕਾਵਿ
ਅਨੁਵਾਦ ਅਤੇ ਸੰਪਾਦਨ
ਜਸਪਾਲ ਘਈ

ख़ुद से गुज़रते हुए
संगीता कुजारा टाक

सत्यकथा
असत्यकथा
'स्त्री-पुरुष' शृंखला की कविताएँ
कमलेश्वर साहू

नील पाखी
सीमा गुप्ता

भूमिका लिखता सूरज
गीता डोगरा

प्रवास में आसपास
डॉ. हंसा दीप



ਬਦਲਦੇ ਦੌਰ ਦਾ ਸਫ਼ਰ
(ਕਾਵਿ-ਸੰਗ੍ਰਹਿ)
ਸੰਦੀਪ ਕੌਰ ਸੇਖੋਂ


RNI NO. PUNPUN / 2006 / 16230 JANUARY-MARCH 2020 ISSN: 2277-9930


ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ












































ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਸੰਪਰਕ: 98773-58869, 97810-33133

PARTEEK PUBLICATIONS